ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 96 | 8 Nov. to 14 Nov., 2023 | Ph.: (510) 240-5949 | Email: asrtimes@gmail.com



## ਅਦਾਰਾ ਅੰਮ੍ਰਿਤਸਰ ਟਾਈਮਜ਼

ਵੱਲੋਂ ਵਿਸ਼ਵ ਭਰ ਵਿੱਚ ਬੈਠੇ ਸਮੂਹ ਸਰਬੱਤ ਦੇ ਭਲੇ ਦੇ ਹਾਮੀਆਂ ਨੂੰ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ। ਅਕਾਲ ਪੁਰਖ ਵਾਹਿਗੁਰੂ ਆਪ ਸਭ ਨੂੰ ਸਦਾ ਚੜ੍ਹਦੀਕਲਾ 'ਚ ਰੱਖੇ।



# ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ
# ਮਨਾਂ ਅੰਦਰ ਵੀ ਗਿਆਨ ਦੀ ਜੋਤ ਜਗਾਉਣ ਦੀ ਲੋੜ

– ਦੀਵਾਲੀ ਦਾ ਦਿਨ ਸਿੱਖ ਕੌਮ ਲਈ ਖ਼ਾਸ ਅਹਿਮੀਅਤ ਰੱਖਦਾ ਹੈ, ਭਾਂਵੇਂ ਕਿ ਇਹ ਤਿਉਹਾਰ ਪੁਰਾਤਨ ਸਮਿਆਂ ਤੋਂ ਸਮੁੱਚੇ ਭਾਰਤ ਵਿੱਚ ਬੜੀ ਸੱਜਧੱਜ ਦੇ ਨਾਲ ਮਨਾਇਆ ਜਾਂਦਾ ਹੈ, ਪਰ ਸਿੱਖ ਧਰਮ ਵਿੱਚ ਇਸਦਾ ਇਤਿਹਾਸਿਕ ਅਤੇ ਵਿਲੱਖਣ ਪਿਛੋਕੜ ਹੈ। ਮੁੱਖ ਰੂਪ ਵਿੱਚ ਸਿੱਖ ਇਤਿਹਾਸ ਨਾਲ ਇਸ ਤਿਉਹਾਰ ਦਾ ਸਬੰਧ ਉਸ ਸਮੇਂ ਤੋਂ ਜੁੜਿਆ ਹੋਇਆ ਹੈ, ਜਦੋਂ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ 'ਚੋਂ ਆਪਣੇ ਨਾਲ 52 ਰਾਜਿਆਂ ਨੂੰ ਰਿਹਾਅ ਕਰਵਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਸਨ। ਉਸ ਸਮੇਂ ਸੰਗਤ ਨੇ ਗੁਰੂ ਜੀ ਦੀ ਆਮਦ 'ਤੇ ਦੇਸੀ ਘਿਓ ਦੇ ਦੀਵੇ ਜਗਾਏ ਸਨ। ਅੱਜ ਦੇ



ਸਮੇਂ ਵਿੱਚ ਵੀ ਸਿੱਖ ਧਰਮ ਵਿੱਚ ਦੀਵਾਲੀ ਵਾਲਾ ਦਿਨ ਬੰਦੀ ਛੋੜ ਦਿਵਸ ਦੇ ਨਾਮ ਤੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਦੀਵਾਲੀ ਦੀ ਰਾਤ ਨੂੰ ਬਿਜਲਈ ਲੜੀਆਂ ਦੇ ਨਾਲ ਜਗਦੇ ਹੋਏ ਮਿੱਟੀ ਦੇ ਦੀਵਿਆਂ ਨੇ ਹਰ ਪਾਸੇ ਰੋਸ਼ਨੀ ਬਿਖ਼ੇਰੀ ਹੁੰਦੀ ਹੈ। ਦੀਵਾਲੀ ਮੌਕੇ ਪੂਰਾ ਆਲਮ ਹੀ ਜਗਮਗ-ਜਗਮਗ ਕਰ ਰਿਹਾ ਹੁੰਦਾ ਹੈ। ਇਸ ਦਿਨ ਤੇ ਰਾਤ ਨੂੰ ਅਸੀਂ ਆਪਣੇ ਆਲੇ ਦੁਆਲੇ ਤਾਂ ਰੰਗ ਬਿਰੰਗੀ (ਬਾਕੀ ਸਫ਼ਾ 31 'ਤੇ)

## ਮਹਿੰਗਾਈ ਦਾ ਅਸਰ

ਦੀਵਾਲੀ ਦੇ ਤਿਉਹਾਰ ਮੌਕੇ ਮਹਿੰਗਾਈ ਦਾ ਅਸਰ ਵੀ ਵੇਖਿਆ ਜਾ ਰਿਹਾ ਹੈ। ਇਸ ਸਾਲ ਮਹਿੰਗਾਈ ਵਿੱਚ ਪਿਛਲੇ ਸਾਲਾਂ ਨਾਲੋਂ ਬਹੁਤ ਵਾਧਾ ਹੋ ਗਿਆ ਹੈ, ਜਿਸ ਕਾਰਨ ਦੀਵਾਲੀ ਮੌਕੇ ਵਿਕ ਰਿਹਾ ਸਮਾਨ ਕਾਫ਼ੀ ਮਹਿੰਗਾ ਹੈ। ਅਮੀਰ ਲੋਕਾਂ ਨੂੰ ਤਾਂ ਇਸ ਮਹਿੰਗਾਈ ਦਾ ਕੋਈ ਫ਼ਰਕ ਨਹੀਂ ਪੈਂਦਾ ਪਰ ਆਮ ਲੋਕਾਂ ਲਈ ਮਹਿੰਗਾ ਸਮਾਨ ਖਰੀਦਣਾ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਰੋਜ਼ਾਨਾ ਦੀਆਂ ਜ਼ਰੂਰੀ ਵਸਤੂਆਂ ਦੀਆਂ ਕੀਮਤਾ ਆਸਮਾਨ 'ਤੇ ਪੁੱਜ ਗਈਆਂ ਹਨ। ਇਸ ਦੇ ਬਾਵਜੂਦ ਵੱਡੀ ਗਿਣਤੀ ਲੋਕ ਦੀਵਾਲੀ ਨਾਲ ਸੰਬੰਧਿਤ ਸਮਾਨ ਖਰੀਦਦੇ ਹਨ।

## ਖ਼ਾਲਸਾ ਰਾਜ ਸਮੇਂ ਦੀ ਦੀਵਾਲੀ



ਪ੍ਰਿੰਸੀਪਲ ਸੁਰਜੀਤ ਸਿੰਘ (ਦਿੱਲੀ ਵਾਲੇ) ਆਪਣੀ ਛੋਟੀ ਜਿਹੀ ਪੁਸਤਕ 'ਦੀਵਾਲੀ ਅਤੇ ਸਿੱਖ' ਵਿੱਚ ਦਸਦੇ ਹਨ ਕਿ ਖ਼ਾਲਸਾ ਰਾਜ ਸਮੇਂ ਸਿੱਖ ਭਾਰੀ ਗਿਣਤੀ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੁੰਦੇ ਸਨ ਜਿਸ ਨੂੰ 'ਸਰਬੱਤ ਖ਼ਾਲਸਾ' ਕਿਹਾ ਜਾਂਦਾ ਸੀ। ਇਹ ਇਕੱਠ ਸਿੱਖ ਜਥੇਬੰਦੀਆਂ ਦੁਆਰਾ ਖ਼ਾਲਸੇ ਦੀ ਚੜ੍ਹਦੀ ਕਲਾ ਲਈ, ਸਿੱਖ ਸਿਆਸਤ ਦੀ ਚੜ੍ਹਦੀ ਕਲਾ ਲਈ ਤੇ ਸਿੱਖ ਰਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤਾ ਜਾਂਦਾ ਸੀ ਪਰ ਅੱਜ ਅਸੀ ਸਰਬੱਤ ਖ਼ਾਲਸਾ ਦੇ ਉਦੇਸ਼ ਨੂੰ ਭੁਲ ਕੇ ਮੋਮਬੱਤੀਆਂ, ਪਟਾਕਿਆਂ, ਮਠਿਆਈਆਂ ਵਿੱਚ ਉਲਝ ਕੇ ਰਹਿ ਗਏ ਹਾਂ। (ਬਾਕੀ ਸਫ਼ਾ 31 'ਤੇ)

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਤੀਸਰੀ ਵਾਰ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ

## ਐਡਵੋਕੇਟ ਧਾਮੀ ਨੂੰ 118 ਅਤੇ ਘੁੰਨਸ ਨੂੰ ਮਿਲੀਆਂ 17 ਵੋਟਾਂ

## ਹਰਭਜਨ ਸਿੰਘ ਮਸਾਣਾ ਸੀਨੀਅਰ ਮੀਤ ਪ੍ਰਧਾਨ, ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਜੂਨੀਅਰ ਮੀਤ ਪ੍ਰਧਾਨ ਤੇ ਭਾਈ ਰਾਜਿੰਦਰ ਸਿੰਘ ਮਹਿਤਾ ਬਣੇ ਜਨਰਲ ਸਕੱਤਰ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਹੋਈ ਸਾਲਾਨਾ ਚੋਣ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਤੀਸਰੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ। ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਹੋਏ ਜਨਰਲ ਇਜਲਾਸ ਦੌਰਾਨ ਹੋਈ ਚੋਣ ਮੌਕੇ ਕੁੱਲ ਪਈਆਂ 137 ਵੋਟਾਂ ਵਿੱਚੋਂ 118 ਵੋਟਾਂ ਪ੍ਰਾਪਤ ਕਰਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਿੱਤ ਹਾਸਲ ਕੀਤੀ। ਉਨ੍ਹਾਂ ਦੇ ਮੁਕਾਬਲੇ ਪ੍ਰਧਾਨਗੀ ਦੀ ਚੋਣ ਲੜਨ ਲਈ ਖੜੇ ਸ. ਬਲਬੀਰ ਸਿੰਘ ਘੁੰਨਸ ਨੂੰ 17 ਵੋਟਾਂ ਪਈਆਂ, ਜਦਕਿ 2 ਵੋਟਾਂ ਰੱਦ ਹੋਈਆਂ। ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ 137 ਮੈਂਬਰ ਮੌਜੂਦ ਰਹੇ।

ਜਨਰਲ ਇਜਲਾਸ ਦੌਰਾਨ ਸੀਨੀਅਰ ਮੀਤ ਪ੍ਰਧਾਨ ਲਈ ਸ. ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਸ. ਗੁਰਬਖ਼ਸ਼ ਸਿੰਘ ਖਾਲਸਾ ਅਤੇ ਜਨਰਲ ਸਕੱਤਰ ਲਈ ਭਾਈ ਰਾਜਿੰਦਰ ਸਿੰਘ ਮਹਿਤਾ ਨੂੰ



ਚੁਣਿਆ ਗਿਆ। ਇਸ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਦੇ 11 ਮੈਂਬਰ ਵੀ ਚੁਣੇ ਗਏ, ਜਿਨ੍ਹਾਂ ਵਿਚ ਸ. ਮੋਹਨ ਸਿੰਘ ਬੰਗੀ, ਸ. ਰਘਬੀਰ ਸਿੰਘ ਸਹਾਰਨਮਾਜਰਾ, ਸ. ਜਸਮੇਰ ਸਿੰਘ ਲਾਛੜੂ, ਸ. ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਦੀਪ ਕੌਰ ਖੋਖ, ਸ. ਇੰਦਰਮੋਹਨ ਸਿੰਘ ਲਖਮੀਰਵਾਲਾ, ਸ. ਗੁਰਪ੍ਰੀਤ ਸਿੰਘ ਝੱਬਰ, ਬੀਬੀ ਮਲਕੀਤ ਕੌਰ ਕਮਾਲਪੁਰ, ਸ. ਅਮਰਜੀਤ ਸਿੰਘ ਭਲਾਈਪੁਰ, ਬੀਬੀ ਜਸਪਾਲ ਕੌਰ ਤੇ ਸ. ਜਸਵੰਤ ਸਿੰਘ ਪੁੜੈਣ ਸ਼ਾਮਲ ਹਨ।

ਐਡਵੋਕੇਟ ਧਾਮੀ ਨੇ ਪ੍ਰਧਾਨ ਚੁਣੇ ਜਾਣ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਉਨ੍ਹਾਂ ਨੂੰ ਇਹ ਸੇਵਾ ਤੀਜੀ ਵਾਰ ਮਿਲੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਸਮੁੱਚੇ ਹਾਊਸ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਤੇ ਦਲ ਦੇ ਸੀਨੀਅਰ ਆਗੂਆਂ ਦਾ ਧੰਨਵਾਦ ਵੀ ਕੀਤਾ ਅਤੇ ਕਿਹਾ ਕਿ ਉਹ ਯਤਨ ਕਰਨਗੇ ਕਿ ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਦੀਆਂ ਸੇਵਾਵਾਂ ਕੌਮੀ ਭਾਵਨਾਵਾਂ ਅਨੁਸਾਰ ਕੀਤੀਆਂ ਜਾਣ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਸਮਾਂ ਕੌਮ ਲਈ ਚੁਣੌਤੀਆਂ ਵਾਲਾ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਸਾਹਮਣੇ ਹੋਣ ਦੇ ਨਾਲ-ਨਾਲ ਕਈ ਪੰਥਕ ਮਸਲੇ ਵੀ ਦਰਪੇਸ਼ ਹਨ। ਉਨ੍ਹਾਂ ਕਿਹਾ ਕਿ ਚਾਹੇ ਕੇਂਦਰ ਜਾਂ ਪੰਜਾਬ ਦੀ ਸਰਕਾਰ ਹੋਵੇ, ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਪ੍ਰਕਿਰਿਆ ਵਿਚ ਦਖ਼ਲਅੰਦਾਜ਼ੀ ਕਰ ਰਹੀਆਂ ਹਨ। ਸਰਕਾਰਾਂ ਵੱਲੋਂ ਵੋਟਾਂ (ਬਾਕੀ ਸਫ਼ਾ 31 'ਤੇ)

# ਯੂਬਾ ਸਿਟੀ, ਕੈਲੀਫੋਰਨੀਆ 'ਚ ਵਿਸ਼ਾਲ ਨਗਰ ਕੀਰਤਨ ਦੌਰਾਨ ਵੱਖ-ਵੱਖ ਧਾਰਮਿਕ ਦੀਵਾਨ ਸਜਾਏ

## ਵਿਸ਼ਾਲ ਨਗਰ ਕੀਰਤਨ ਦੌਰਾਨ ਇੱਕ ਲੱਖ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ








ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਸ਼ਹਿਰ ਯੂਬਾ ਸਿਟੀ ਕੈਲੀਫੋਰਨੀਆ ਵਿੱਚ ਐਤਕਾਂ 44ਵੇਂ ਵਿਸ਼ਾਲ ਨਗਰ ਕੀਰਤਨ ਅਤੇ ਧਾਰਮਿਕ ਦੀਵਾਨਾਂ ਦਾ ਆਯੋਜਿਤ ਕੀਤਾ ਗਿਆ, ਇਹ ਧਾਰਮਿਕ ਸਮਾਗਮ ਲਗਭਗ ਇੱਕ ਹਫਤੇ ਤੋਂ ਸ਼ੁਰੂ ਹੋਏ ਸਨ ਤੇ ਨਗਰ ਕੀਰਤਨ ਦੇ ਨਾਲ ਸਪੂੰਰਨ ਹੋ ਗਏ। ਇਹਨਾਂ ਧਾਰਮਿਕ ਦੀਵਾਨਾਂ ਦੇ ਵਿੱਚ ਕੀਰਤਨੀ ਜੱਥੇ, ਕਵੀਸ਼ਰ, ਰਾਗੀ, ਢਾਡੀ ਤੇ ਪ੍ਰਚਾਰਕਾਂ ਨੇ ਗੁਰੂ ਘਰ ਦੇ ਨਾਲ ਜੋੜੀ ਰੱਖਿਆ ਜਿਨਾਂ ਦੇ ਵਿੱਚ ਵਿਸ਼ੇਸ਼ ਤੌਰ 'ਤੇ ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਿਮਰਨਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪਾਲ ਸਿੰਘ ਜੀ ਕਥਾਵਾਚਕ ਫਤਿਹਗੜ੍ਹ ਸਾਹਿਬ ਵਾਲੇ, ਭਾਈ ਮਹਿਲ ਸਿੰਘ ਜੀ ਕਵੀਸ਼ਰ ਜੱਥਾ ਚੰਡੀਗੜ੍ਹ ਵਾਲੇ, ਭਾਈ ਸੁਖਵਿੰਦਰ ਸਿੰਘ ਅਨਮੋਲ ਢਾਡੀ ਜੱਥਾ, ਭਾਈ ਬਿਕਰਮ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਜ਼ੂਬਾ ਸਿਟੀ ਅਤੇ ਭਾਈ ਉਮੇਸ਼ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਨੇ ਵਿਸ਼ੇਸ਼ ਤੌਰ 'ਤੇ ਹਾਜਰੀ ਭਰੀ ਤੇ ਉਹਨਾਂ ਨੇ ਅਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ਼ੁੱਕਰਵਾਰ ਨੂੰ ਆਤਿਸ਼ਬਾਜੀ ਕੀਤੀ ਗਈ ਉਸ ਤੋਂ ਇਲਾਵਾ ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਬਦਲੇ ਗਏ ਤੇ ਰੈਣ ਸਬਾਈ ਕੀਰਤਨ ਹੋਇਆ। ਨਗਰ ਕੀਰਤਨ ਤੋਂ ਪਹਿਲਾਂ ਸ਼ਨੀਵਾਰ ਦੀ ਰਾਤ ਨੂੰ ਜਿੱਥੇ ਅਮਰੀਕਨ ਆਫੀਸਲਜ ਨੇ ਆਪਣੇ ਵਿਚਾਰ ਰੱਖੇ ਉੱਥੇ ਸਿੱਖ ਭਾਈਚਾਰੇ ਦੇ ਆਗੂਆਂ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ ਜਿਸ ਵਿੱਚ ਭਾਰਤ ਸਰਕਾਰ ਨਾਲ ਰੋਸ ਪ੍ਰਗਟ ਕੀਤਾ ਗਿਆ ਕਿ ਉਹਨਾਂ ਨੇ ਸਿੱਖਾਂ ਨੂੰ ਦੂਜੇ ਦਰਜੇ ਦਾ ਜਿਹੜਾ ਸਿਟੀਜਨ ਦਾ ਦਰਜਾ ਦਿੱਤਾ ਹੋਇਆ ਹੈ, ਇਥੇ ਵਿਸ਼ੇਸ ਤੌਰ 'ਤੇ ਹਰਦੀਪ ਸਿੰਘ ਨਿੱਜਰ ਦਾ ਜਿਕਰ ਵੀ ਹੋਇਆ। ਇਸ ਤੋਂ ਇਲਾਵਾ ਵੱਖ- ਵੱਖ ਸ਼ਖਸ਼ੀਅਤਾਂ ਨੂੰ ਉਹਨਾਂ ਦੇ ਧਾਰਮਿਕ ਕੰਮਾਂ ਪ੍ਰਤੀ ਤੇ ਸਮਾਜਿਕ ਕੰਮਾਂ ਪ੍ਰਤੀ ਸਨਮਾਨਿਤ ਕੀਤਾ ਗਿਆ। ਉਸ ਤੋਂ ਪਹਿਲਾਂ ਗੁਰੂ ਘਰ ਦੇ ਪ੍ਰਧਾਨ ਸਰਦਾਰ ਸਰਬਜੀਤ ਸਿੰਘ ਥਿਆੜਾ ਵੱਲੋਂ ਵੱਖ-ਵੱਖ ਰਾਗੀ ਸਿੰਘਾਂ ਕਵੀਸ਼ਰਾਂ ਤੇ ਢਾਡੀਆਂ ਦਾ ਸੋਨੇ ਦੀਆਂ ਚੈਨੀਆਂ ਨਾਲ ਆਪਣੇ ਨਿਵਾਸ ਤੇ ਸਨਮਾਨਿਤ ਵੀ ਕੀਤਾ ਗਿਆ ਸੀ। ਰਾਤ ਦੇ ਦੀਵਾਨਾਂ ਦੇ ਵਿੱਚ ਡਾਕਟਰ ਪ੍ਰਿਤਪਾਲ ਸਿੰਘ ਡਾਕਟਰ ਅਮਰਜੀਤ ਸਿੰਘ ਗੁਰੂ ਘਰ ਦੇ ਪ੍ਰਧਾਨ ਸਰਬਜੀਤ ਸਿੰਘ ਥਿਆੜਾ ਸੈਕਟਰੀ ਤਜਿੰਦਰ ਸਿੰਘ ਦੁਸਾਂਝ ਅਤੇ ਹੋਰ ਵੱਖ ਵੱਖ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਵੀ ਕੀਤਾ। ਨਗਰ ਕੀਰਤਨ ਵਾਲੇ ਦਿਨ ਸਵੇਰ ਦੇ ਦੀਵਾਨਾਂ ਦੇ ਵਿੱਚ ਵੱਖ-ਵੱਖ ਬੁਲਾਰਿਆਂ ਰਾਗੀ ਢਾਡੀ ਤੇ

ਕਵੀਸ਼ਰਾਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਇਸ ਮੌਕੇ ਜਸਮੀਤ ਕੌਰ ਬੈਂਸ ਅਸੈਂਬਲੀ ਵੂਮੈਨ ਕੈਲੀਫੋਰਨੀਆ ਨੇ 1984 ਦੇ ਨਸਲ ਕੁਸ਼ੀ ਦੇ ਅਸੰਬਲੀ 'ਚ ਪਾਏ ਮਤੇ ਨੂੰ ਗੁਰਦੁਆਰੇ ਦੀ ਕਮੇਟੀ ਨੂੰ ਸੌਂਪਿਆ ਇਸ ਦੌਰਾਨ ਗੁਰੂ ਘਰ ਦੀ ਪ੍ਰਬੰਧ ਕਮੇਟੀ ਨੇ ਜਸਮੀਤ ਕੌਰ ਬੈਂਸ ਨੂੰ ਪਲੈਕ ਦੇ ਕੇ ਸਨਮਾਨਿਤ ਵੀ ਕੀਤਾ ਇਸ ਮੌਕੇ ਬੀਬੀ ਜਸਮੀਤ ਕੌਰ ਬੈਂਸ ਅਸੈਂਬਲੀ ਵੋਮਨ ਕੈਲੀਫੋਰਨੀਆ ਨੇ 1984 ਦੇ ਨਸਲ ਕੁਸ਼ੀ ਦੇ ਸੰਬੰਧ ਵਿੱਚ ਆਪਣੇ ਵਿਚਾਰ ਰੱਖੇ ਤੇ ਉਹਨਾਂ ਨੇ ਹਮੇਸ਼ਾ ਸਿੱਖ ਕੌਮ ਦੀਆਂ ਮੁਸ਼ਕਲਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਵਾਅਦਾ ਵੀ ਕੀਤਾ। ਉਹਨਾਂ ਕਿਹਾ ਕਿ ਉਹ ਹਮੇਸ਼ਾ ਹੀ ਆਪਣੇ ਭਾਈਚਾਰੇ ਨਾਲ ਖੜੇ ਰਹਿਣਗੇ। ਨਗਰ ਕੀਰਤਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਵੱਡੇ ਸੁੰਦਰ ਫਲੋਟ ਵਿੱਚ ਸਜਾ ਕੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਕੱਢਿਆ ਗਿਆ। ਇਸ ਦੌਰਾਨ ਸਿਕਿਉਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ ਜਿਸ ਵਿੱਚ ਸੈਰਫ, ਪ੍ਰਾਈਵੇਟ ਸਿਕਿਉਰਟੀ ਵਲੰਟੀਅਰ ਆਦਿ ਸ਼ਾਮਿਲ ਸਨ।

(ਬਾਕੀ ਸਫ਼ਾ 30 'ਤੇ)

# ਨੇਤਨਯਾਹੂ-ਬਿਡੇਨ ਨੇ ਕੀਤੀ ਸੀਮਤ ਜੰਗਬੰਦੀ 'ਤੇ ਚਰਚਾ

> ਇਜ਼ਰਾਈਲ ਦੁਆਰਾ ਅੜੀਅਲ ਰੁਖ ਬਰਕਰਾਰ
> ਗਾਜ਼ਾ ਬਣ ਗਿਆ ਬੱਚਿਆਂ ਦਾ ਕਬਰਿਸਤਾਨ: ਯੂ.ਐਨ.ਓ.

ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਗਾਜ਼ਾ ਵਿੱਚ ਜੰਗਬੰਦੀ ਦੀ ਸੰਭਾਵਨਾ ਅਤੇ ਸੰਭਾਵਿਤ ਬੰਧਕਾਂ ਦੀ ਰਿਹਾਈ 'ਤੇ ਚਰਚਾ ਕੀਤੀ। ਹਾਲਾਂਕਿ, ਨੇਤਨਯਾਹੂ ਨੇ ਪੂਰਨ ਜੰਗਬੰਦੀ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ। ਨੇਤਨਯਾਹੂ ਨੇ ਸੰਕੇਤ ਦਿੱਤਾ ਕਿ ਉਹ ਜੰਗਬੰਦੀ ਲਈ ਤਾਂ ਸਹਿਮਤ ਹੋਣਗੇ ਜੇਕਰ ਹਮਾਸ ਗਾਜ਼ਾ ਵਿੱਚ ਰੱਖੇ ਗਏ ਲਗਭਗ 240 ਬੰਧਕਾਂ ਨੂੰ ਰਿਹਾਅ ਕਰ ਦਿੰਦਾ ਹੈ। ਇਸ ਮਕਸਦ ਲਈ ਜੰਗਬੰਦੀ ਹੋਵੇਗੀ ਅਤੇ ਅਸੀਂ ਉਸ ਦੇ ਹੋਣ ਦੀ ਉਡੀਕ ਕਰ ਰਹੇ ਹਾਂ। ਅਜੇ ਤੱਕ ਅਜਿਹਾ ਨਹੀਂ ਹੋਇਆ ਹੈ।

ਵ੍ਹਾਈਟ ਹਾਊਸ ਦੇ ਬੁਲਾਰੇ ਜੌਨ ਕਿਰਬੀ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਦੀਆਂ ਸਰਕਾਰਾਂ ਅਜਿਹੇ ਸੰਭਾਵਿਤ ਅਸਥਾਈ ਜੰਗਬੰਦੀ ਦੇ ਮਾਮਲੇ 'ਤੇ ਸੰਪਰਕ ਵਿੱਚ ਰਹਿਣਗੀਆਂ ਅਤੇ ਬਿਡੇਨ ਅਤੇ ਨੇਤਨਯਾਹੂ ਆਉਣ ਵਾਲੇ ਦਿਨਾਂ ਵਿੱਚ ਗੱਲਬਾਤ ਜਾਰੀ ਰੱਖਣ ਲਈ ਸਹਿਮਤ ਹੋਏ। ਹਾਲਾਂਕਿ ਅਸਲੀਅਤ ਇਹ ਹੈ ਕਿ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਫਲਸਤੀਨ ਦੇ ਸਮਰਥਨ ਵਿੱਚ ਪ੍ਰਦਰਸ਼ਨ ਹੋ ਰਹੇ ਹਨ। ਸ਼ਨੀਵਾਰ ਅਤੇ ਐਤਵਾਰ ਨੂੰ ਹੋਏ ਵਿਸ਼ਾਲ ਪ੍ਰਦਰਸ਼ਨਾਂ ਨੇ ਅਮਰੀਕੀ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਜ਼ਰਾਈਲ ਦੀ ਵੀ ਇਹੀ ਸਥਿਤੀ ਹੈ। ਯਹੂਦੀ ਆਪਣੀ ਸਰਕਾਰ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ ਕਿ ਜੰਗ ਬੰਦ ਕਰੋ। ਪ੍ਰਧਾਨ ਮੰਤਰੀ ਨੇਤਨਯਾਹੂ ਉੱਥੇ ਆਪਣੀ ਲੋਕਪ੍ਰਿਅਤਾ ਗੁਆ ਚੁੱਕੇ ਹਨ। ਕਈ ਸਰਵੇਖਣ ਦਿਖਾਉਂਦੇਹਨ ਕਿ ਯਹੂਦੀ ਹੁਣ ਉਸ ਦਾ ਅਸਤੀਫਾ ਚਾਹੁੰਦੇ ਹਨ। ਤਿੰਨ ਦਿਨ ਪਹਿਲਾਂ ਤੇਲ ਅਵੀਵ ਵਿੱਚ ਉਸਦੇ ਘਰ ਅਤੇ ਇਜ਼ਰਾਈਲੀ



ਫੌਜੀ ਹੈੱਡਕੁਆਰਟਰ ਦੇ ਬਾਹਰ ਪ੍ਰਦਰਸ਼ਨ ਹੋ ਚੁੱਕੇ ਹਨ। ਇਸ ਦੌਰਾਨ, ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਕਿਹਾ ਹੈ ਕਿ ਗਾਜ਼ਾ 'ਤੇ ਇਜ਼ਰਾਈਲ ਦੀ ਲੜਾਈ ਫਲਸਤੀਨੀ ਖੇਤਰ ਨੂੰ ਬੱਚਿਆਂ ਲਈ ਕਬਰਸਤਾਨ ਵਿੱਚ ਬਦਲ ਰਹੀ ਹੈ। ਉਸਨੇ ਇਹ ਕਿਹਾ ਕਿ ਕਿਉਂਕਿ ਇੱਕ ਮਹੀਨੇ ਵਿੱਚ ਹਵਾਈ ਹਮਲਿਆਂ ਅਤੇ ਤੋਪਖਾਨੇ ਦੀ ਬੰਬਾਰੀ ਵਿੱਚ ਮਾਰੇ ਗਏ ਫਲਸਤੀਨੀਆਂ ਦੀ ਗਿਣਤੀ 11,000 ਤੋਂ ਵੱਧ ਗਈ ਹੈ, ਜਿਸ ਵਿੱਚ 4,400 ਤੋਂ ਵੱਧ ਬੱਚੇ ਵੀ ਸ਼ਾਮਲ ਹਨ। ਗੁਟੇਰੇਸ ਨੇ ਕਿਹਾ ਕਿ ਨਾਗਰਿਕਾਂ ਦੀ ਸੁਰੱਖਿਆ ਸਰਵਉੱਚ ਹੋਣੀ ਚਾਹੀਦੀ ਹੈ। ਸਾਨੂੰ ਤਬਾਹੀ ਦੇ ਇਸ ਬੇਰਹਿਮ, ਭਿਆਨਕ, ਦਰਦਨਾਕ ਅੰਤ ਤੋਂ ਬਾਹਰ ਨਿਕਲਣ ਦਾ ਰਸਤਾ ਲੱਭਣ ਲਈ ਹੁਣ ਕਾਰਵਾਈ

(ਬਾਕੀ ਸਫ਼ਾ 31 'ਤੇ)

### ਮੁਸਲਮਾਨ ਨੇਤਾ ਅਮਰੀਕਾ ਦੇ ਵਿਰੋਧ ਵਿੱਚ

## ਬਲਿੰਕਨ ਅਤੇ ਅਰਬ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਵਿਚਾਲੇ ਮੀਟਿੰਗ ਰਹੀ ਬੇਸਿੱਟਾ

ਗਾਜ਼ਾ ਪੱਟੀ 'ਚ ਯੁੱਧਬੰਦੀ 'ਤੇ ਗੱਲਬਾਤ ਲਈ ਜਾਰਡਨ ਦੀ ਰਾਜਧਾਨੀ ਅਮਾਨ 'ਚ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਅਰਬ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਵਿਚਾਲੇ ਇੱਕ ਮੀਟਿੰਗ ਹੋਈ, ਜੋ ਬੇਸਿੱਟਾ ਰਹੀ। ਇਸ ਮੀਟਿੰਗ ਵਿੱਚ ਅਮਰੀਕਾ ਅਤੇ ਅਰਬ ਵਰਲਡ ਦੇ ਸਹਿਯੋਗੀ ਦੇਸ਼ਾਂ ਵਿਚਾਲੇ ਮਤਭੇਦ ਹੋਰ ਵਧ ਗਏ। ਜਾਰਡਨ ਦੇ ਵਿਦੇਸ਼ ਮੰਤਰੀ ਵੱਲੋਂ ਬੁਲਾਏ ਗਏ ਸਿਖਰ ਸੰਮੇਲਨ 'ਚ ਅਮਰੀਕੀ ਵਿਦੇਸ਼ ਮੰਤਰੀ ਤੋਂ ਇਲਾਵਾ ਮਿਸਰ, ਕਤਰ, ਸੰਯੁਕਤ ਅਰਬ ਅਮੀਰਾਤ ਅਤੇ ਸਾਊਦੀ ਅਰਬ ਦੇ ਸਿਖਰਲੇ ਨੇਤਾਵਾਂ ਦੇ ਨਾਲ-ਨਾਲ ਫਲਸਤੀਨੀ ਮੁਕਤੀ ਸੰਗਠਨ (ਪੀ ਐੱਲ ਓ) ਦੇ ਜਨਰਲ ਸਕੱਤਰ ਵੀ ਸ਼ਾਮਲ ਹੋਏ। ਸੰਮੇਲਨ 'ਚ ਅਰਬ ਨੇਤਾਵਾਂ ਨੇ ਗਾਜ਼ਾ 'ਚ ਤੁਰੰਤ ਯੁੱਧਬੰਦੀ ਦਾ ਸੱਦਾ ਦਿੱਤਾ, ਪਰ ਬਲਿੰਕਨ ਨੇ ਉਨ੍ਹਾਂ ਦਾ ਇਹ ਕਹਿੰਦੇ ਹੋਏ ਵਿਰੋਧ ਕੀਤਾ ਕਿ ਗਾਜ਼ਾ ਪੱਟੀ 'ਚ ਯੁੱਧਬੰਦੀ ਨਾਲ ਹਮਾਸ ਨੂੰ ਫਿਰ ਤੋਂ ਇਕੱਠਾ ਹੋਣ ਅਤੇ ਇਜ਼ਰਾਈਲ 'ਤੇ ਇੱਕ ਹੋਰ ਹਮਲਾ ਸ਼ੁਰੂ ਕਰਨ ਦਾ ਸਮਾਂ ਮਿਲ ਜਾਵੇਗਾ। ਇਸ ਤੋਂ ਪਹਿਲਾਂ ਜਾਰਡਨ ਦੇ ਵਿਦੇਸ਼ ਮੰਤਰੀ ਅਯਮਾਨ ਸਫਾਦੀ ਅਤੇ ਮਿਸਰ ਦੇ ਵਿਦੇਸ਼ ਮੰਤਰੀ ਸਮੇਹ ਹਸਨ ਸ਼ੌਕਰੀ ਨੇ ਅਮਰੀਕਾ ਦੇ ਉਸ ਤਰਕ ਨੂੰ ਖਾਰਜ ਕਰ ਦਿੱਤਾ, ਜਿਸ 'ਚ ਕਿਹਾ ਗਿਆ ਸੀ ਕਿ ਇਜ਼ਰਾਇਲ ਨੂੰ ਆਪਣੀ ਰੱਖਿਆ ਦਾ ਅਧਿਕਾਰ ਹੈ। ਸਫ਼ਾਦੀ ਨੇ ਕਿਹਾ, 'ਅਸੀਂ ਇਹ ਸਵੀਕਾਰ ਨਹੀਂ ਕਰਦੇ ਕਿ ਇਹ ਖੁਦ ਦੀ ਰੱਖਿਆ ਹੈ। ਇਸ ਨੂੰ ਕਿਸੇ ਵੀ ਬਹਾਨੇ ਸਹੀ ਨਹੀਂ ਠਹਿਰਾਇਆ ਜਾ ਸਕਦਾ ਅਤੇ ਇਸ ਨਾਲ ਨਾ ਤਾਂ ਇਜ਼ਰਾਇਲ ਨੂੰ ਸੁਰੱਖਿਆ ਮਿਲੇਗੀ ਅਤੇ ਨਾ ਹੀ ਖੇਤਰ ਵਿੱਚ ਸ਼ਾਂਤੀ ਆਵੇਗੀ।'

(ਬਾਕੀ ਸਫ਼ਾ 31 'ਤੇ)

# ਇੱਕ ਲੱਖ ਭਾਰਤੀਆਂ ਨੂੰ ਨੌਕਰੀ ਦੇਵੇਗਾ ਇਜ਼ਰਾਈਲ



ਇਜ਼ਰਾਈਲ ਨੇ 7 ਅਕਤੂਬਰ 2023 ਨੂੰ ਇਸਲਾਮਿਕ ਅੱਤਵਾਦੀ ਸੰਗਠਨ ਹਮਾਸ ਦੇ ਹਮਲੇ ਤੋਂ ਬਾਅਦ 1 ਲੱਖ ਫਲਸਤੀਨੀਆਂ ਨੂੰ ਆਪਣੇ ਦੇਸ਼ ਤੋਂ ਕੱਢਣ ਦੀ ਯੋਜਨਾ ਤਿਆਰ ਕੀਤੀ ਹੈ। ਇਜ਼ਰਾਈਲ ਇਨ੍ਹਾਂ ਫਲਸਤੀਨੀਆਂ ਦੀ ਜਗ੍ਹਾ 1 ਲੱਖ ਭਾਰਤੀ ਕਾਮਿਆਂ ਨੂੰ ਨੌਕਰੀਆਂ ਦੇਵੇਗਾ। ਐਕਸ (ਪਹਿਲਾਂ ਟਵਿੱਟਰ) 'ਤੇ ਪੱਤਰਕਾਰ ਆਦਿਤਿਆ ਰਾਜ ਕੌਲ ਨੇ ਦੱਸਿਆ ਹੈ ਕਿ ਇਜ਼ਰਾਈਲ ਨੇ ਭਾਰਤ ਨੂੰ ਜਲਦ ਤੋਂ ਜਲਦ 1 ਲੱਖ ਮੁਲਾਜ਼ਮ ਮੁਹੱਈਆ ਕਰਵਾਉਣ ਲਈ ਕਿਹਾ ਹੈ। ਇਹ ਮੁਲਾਜ਼ਮ ਫਲਸਤੀਨੀਆਂ ਦੀ ਥਾਂ ਲੈਣਗੇ ਕਿਉਂਕਿ 7 ਅਕਤੂਬਰ ਨੂੰ ਹਮਾਸ ਦੇ ਹਮਲੇ ਤੋਂ ਬਾਅਦ ਇਨ੍ਹਾਂ 'ਤੇ ਕੰਮ ਕਰਨ 'ਤੇ ਪਾਬੰਦੀ ਲਗਾਈ ਗਈ ਹੈ। ਹੁਣ ਇਜ਼ਰਾਈਲ ਫਲਸਤੀਨੀਆਂ ਨੂੰ ਰੁਜ਼ਗਾਰ ਪਰਮਿਟ ਨਹੀਂ ਦੇ ਰਿਹਾ ਹੈ।

ਭਾਰਤ ਅਤੇ ਇਜ਼ਰਾਈਲ ਪਹਿਲਾਂ ਹੀ 42,000 ਭਾਰਤੀਆਂ ਨੂੰ ਇਜ਼ਰਾਈਲ 'ਚ ਕੰਮ ਕਰਨ ਲਈ ਭੇਜਣ ਲਈ ਸਹਿਮਤ ਹੋ ਚੁੱਕੇ ਹਨ। ਇਸ ਦੇ ਲਈ ਮਈ 2023 'ਚ ਦੋਹਾਂ ਦੇਸ਼ਾਂ ਵਿਚਾਲੇ ਇੱਕ ਸਮਝੌਤਾ ਹੋਇਆ ਸੀ। ਜੇਕਰ ਹੁਣ 1 ਲੱਖ ਹੋਰ ਕਾਮੇ ਭਾਰਤ ਛੱਡਦੇ ਹਨ ਤਾਂ ਇਹ ਗਿਣਤੀ ਤਿੰਨ ਗੁਣਾਂ ਤੋਂ ਵੱਧ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਇਸਲਾਮਿਕ ਅੱਤਵਾਦੀ ਸੰਗਠਨ ਹਮਾਸ ਨੇ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਲਾ ਕਰ ਕੇ 1400 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ। ਇਸ ਦੇ ਜਵਾਬ 'ਚ ਇਜ਼ਰਾਈਲ ਨੇ ਗਾਜ਼ਾ ਤੇ ਫਲਸਤੀਨ ਦੇ ਲੋਕਾਂ 'ਤੇ ਕੰਮ ਤੋਂ ਲੈ ਕੇ ਯਾਤਰਾ ਤੇ ਹੋਰ ਪਾਬੰਦੀਆਂ 'ਤੇ ਕਈ ਪਾਬੰਦੀਆਂ ਲਗਾ ਦਿੱਤੀਆਂ।

ਇਜ਼ਰਾਈਲ 'ਚ ਫਲਸਤੀਨੀ ਕਾਮੇ ਫਲਸਤੀਨ ਜਾਂ ਗਾਜ਼ਾ ਦੇ ਮਜ਼ਦੂਰਾਂ ਨਾਲੋਂ ਬਹੁਤ ਜ਼ਿਆਦਾ ਕਮਾਉਂਦੇ ਹਨ। ਹਾਲਾਂਕਿ ਹਮਲੇ ਤੋਂ ਬਾਅਦ ਹੁਣ ਉਨ੍ਹਾਂ ਪ੍ਰਤੀ ਅਵਿਸ਼ਵਾਸ ਪੈਦਾ ਹੋ ਗਿਆ ਹੈ, ਇਸ ਲਈ ਉਨ੍ਹਾਂ ਨੂੰ ਹਟਾਉਣ ਤੇ ਭਾਰਤ ਤੋਂ ਲਿਆਂਦੇ ਮਜ਼ਦੂਰਾਂ ਨਾਲ ਮੁਆਵਜ਼ਾ ਦੇਣ ਦੀ ਯੋਜਨਾ ਬਣਾਈ ਜਾ ਰਹੀ ਹੈ।

ਜਿਨ੍ਹਾਂ ਫਲਸਤੀਨੀਆਂ ਨੂੰ ਹਟਾਇਆ ਜਾ ਰਿਹਾ ਹੈ, ਉਨ੍ਹਾਂ ਵਿੱਚੋਂ ਜ਼ਿਆਦਾਤਰ ਉਸਾਰੀ ਖੇਤਰ 'ਚ ਕੰਮ ਕਰਦੇ ਹਨ। ਉਨ੍ਹਾਂ ਦੇ ਹਟਾਏ ਜਾਣ ਕਾਰਨ ਇਜ਼ਰਾਈਲ 'ਚ ਕਾਮਿਆਂ ਦੀ ਅਚਾਨਕ ਕਮੀ ਹੋ ਗਈ ਹੈ। ਇਹ ਯਕੀਨੀ ਬਣਾਉਣ ਲਈ ਕਿ ਖੇਤਰ ਵਿੱਚ ਮਜ਼ਦੂਰਾਂ ਦੀ ਘਾਟ ਕਾਰਨ ਰੁਕਾਵਟ ਨਾ ਬਣੇ, ਇਜ਼ਰਾਈਲੀ ਬਿਲਡਰਜ਼ ਐਸੋਸੀਏਸ਼ਨ ਨੇ ਸਰਕਾਰ ਨੂੰ 50,000-1,00,000 ਦੇ ਵਿੱਚ ਭਾਰਤੀ ਕਾਮਿਆਂ ਨੂੰ ਮਨਜ਼ੂਰੀ ਦੇਣ ਦੀ ਅਪੀਲ ਕੀਤੀ ਹੈ।

# ਡੀਪਫੇਕ ਟੈਕਨਾਲੋਜੀ ਰਾਹੀਂ ਫੇਕ ਵੀਡੀਓ ਨੇ ਲੋਕਾਂ ’ਚ ਦਹਿਸ਼ਤ ਪੈਦਾ ਕੀਤੀ

## ਡੀਪਫੇਕ ਰਾਹੀਂ ਰਸ਼ਮਿਕਾ ਮੰਡਾਨਾ ਨੂੰ ਬਿਕਨੀ ਮਾਡਲ ਬਣਾਇਆ, ਪੋਰਨ ਇੰਡਸਟਰੀ ’ਚ ਵੀ ਵਰਤਿਆ

ਨਵੀਂ ਦਿੱਲੀ/ਏ.ਟੀ.ਨਿਊਜ਼ : ਇਨ੍ਹੀਂ ਦਿਨੀਂ ਡੀਪਫੇਕ ਟੈਕਨਾਲੋਜੀ ਨੂੰ ਲੈ ਕੇ ਲੋਕਾਂ ਵਿੱਚ ਕਾਫੀ ਚਰਚਾ ਤੇ ਦਹਿਸ਼ਤ ਹੈ। ਇਹ ਉਹੀ ਤਕਨੀਕ ਹੈ ਜੋ ਬ੍ਰਿਟਿਸ਼ ਮਾਡਲ ਜ਼ਾਰਾ ਪਟੇਲ ਦੀ ਇੱਕ ਅਸ਼ਲੀਲ ਵੀਡੀਓ ’ਤੇ ਭਾਰਤੀ ਅਭਿਨੇਤਰੀ ਰਸ਼ਮੀਕਾ ਮੰਡਾਨਾ ਦਾ ਚਿਹਰਾ ਲਗਾਇਆ ਗਿਆ। ਇਹ ਵੀਡੀਓ ਬਾਅਦ ਵਿੱਚ ਵਾਇਰਲ ਹੋ ਗਿਆ ਅਤੇ ਰਸ਼ਮੀਕਾ ਨੇ ਖੁਦ ਸਾਹਮਣੇ ਆ ਕੇ ਸੱਚਾਈ ਦੱਸ ਦਿੱਤੀ। ਰਸ਼ਮਿਕਾ ਨੇ ਇਸ ਪੂਰੇ ਮਾਮਲੇ ’ਤੇ ਦੁੱਖ ਜ਼ਾਹਰ ਕੀਤਾ ਹੈ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਜਲਦੀ ਤੋਂ ਜਲਦੀ ਇਸ ਦਾ ਹੱਲ ਕਢਿਆ ਜਾਵੇ ਤਾਂ ਜੋ ਕਿਸੇ ਹੋਰ ਨੂੰ ਉਨ੍ਹਾਂ ਵਰਗੀ ਤਕਲੀਫ਼ ਨਾ ਝੱਲਣੀ ਪਵੇ। ਡੀਪਫੇਕ ਅਸਲ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ’ਤੇ ਆਧਾਰਿਤ ਇੱਕ ਤਕਨੀਕ ਹੈ ਜਿਸ ਰਾਹੀਂ ਇੱਕ ਵਿਅਕਤੀ ਦਾ ਚਿਹਰਾ ਦੂਜੇ ਦੇ ਚਿਹਰੇ ’ਤੇ ਲਗਾਇਆ ਜਾਂਦਾ ਹੈ। ਇਸ ਕਾਰਨ ਕਈ ਫਰਜ਼ੀ ਫੋਟੋਆਂ, ਆਡੀਓਜ਼ ਅਤੇ ਵੀਡੀਓਜ਼ ਬਣਦੇ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਅਭਿਨੇਤਰੀ ਰਸ਼ਮਿਕਾ ਮੰਦਾਨਾ ਦੀ ਬਣਾਈ ਗਈ ਫਰਜ਼ੀ ਵੀਡੀਓ ਦਾ ਮਾਮਲਾ ਬਾਲੀਵੁੱਡ ਹੀਰੋ ਅਮਿਤਾਭ ਬਚਨ ਦੀ ਪੋਸਟ ਬਾਅਦ ਤੁਲ ਫੜਨ ਤੋਂ ਬਾਅਦ ਹੁਣ ਕੇਂਦਰ ਸਰਕਾਰ ਵੀ ਇਸ ਨੂੰ ਲੈ ਕੇ ਹਰਕਤ ਵਿੱਚ ਆ ਗਈ ਹੈ।ਬਾਲੀਵੁੱਡ ਹੀਰੋ ਅਮਿਤਾਭ ਬੱਚਨ ਨੇ ਰਸ਼ਮਿਕਾ ਦੇ ਡੀਪਫੇਸ ਵੀਡੀਓ ’ਤੇ ਚਿੰਤਾ ਜ਼ਾਹਰ ਕੀਤੀ ਸੀ। ਦਰਅਸਲ, ਅਭਿਸ਼ੇਕ ਨਾਮ ਦੇ ਇੱਕ ਸਾਬਕਾ ਉਪਭੋਗਤਾ ਨੇ ਰਸ਼ਮਿਕਾ ਮੰਧਾਨਾ ਦੇ ਡੀਪਫੇਕ ਵੀਡੀਓ ਨੂੰ ਸਾਂਝਾ ਕਰਦੇ ਹੋਏ ਲਿਖਿਆ ਸੀ ਕਿ ਭਾਰਤ ਵਿੱਚ ਡੀਪਫੇਕ ਨੂੰ ਰੋਕਣ ਲਈ ਤੁਰੰਤ ਕਾਨੂੰਨੀ ਦਿਸ਼ਾ ਨਿਰਦੇਸ਼ ਬਣਾਉਣ ਦੀ ਜ਼ਰੂਰਤ ਹੈ। ਉਸ ਨੇ ਦੱਸਿਆ ਕਿ ਕਿਸ ਤਰ੍ਹਾਂ ਜ਼ਾਰਾ ਪਟੇਲ ਦਾ ਡੀਪਫੇਕ ਵੀਡੀਓ ਅਭਿਨੇਤਰੀ ਰਸ਼ਮਿਕਾ ਮੰਡਾਨਾ ਦਾ ਹੋਣ ਦਾ ਦਾਅਵਾ ਕਰਕੇ ਵਾਇਰਲ ਕੀਤਾ ਜਾ ਗਿਆ ਹੈ। ਇਸ ਪੋਸਟ ਨੂੰ ਸ਼ੇਅਰ ਕਰਦੇ ਹੋਏ ਅਮਿਤਾਭ ਬੱਚਨ ਨੇ ਲਿਖਿਆ ਕਿ ਬਿਲਕੁਲ, ਇਹ ਇੱਕ ਮਜ਼ਬੂਤ ਕਾਨੂੰਨੀ ਮਾਮਲਾ ਹੈ। ਅਮਿਤਾਭ ਬੱਚਨ ਦੀ ਪੋਸਟ ਤੋਂ ਬਾਅਦ ਸਰਕਾਰ ਨੂੰ ਇਸ ਮਾਮਲੇ ਵਿੱਚ ਸਪੱਸ਼ਟੀਕਰਨ ਦੇਣਾ ਪਿਆ ਸੀ।

ਸਰਕਾਰ ਵੱਲੋਂ ਕੇਂਦਰੀ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਇੱਕ ਪੋਸਟ ਲਿਖ ਕੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੰਟਰਨੈਟ ਦੀ ਵਰਤੋਂ ਕਰਨ ਵਾਲੇ ਸਾਰੇ ਡਿਜੀਟਲ ਨਾਗਰਿਕਾਂ ਦੀ ਸੁਰੱਖਿਆ ਅਤੇ ਵਿਸ਼ਵਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਡੀਪਫੇਕ ਸਭ ਤੋਂ ਤਾਜ਼ਾ ਅਤੇ ਖਤਰਨਾਕ ਹੈ। ਇਸ ਨਾਲ ਨਜਿੱਠਣ ਦੀ ਲੋੜ ਹੈ। ਮੰਤਰੀ ਨੇ ਕਿਹਾ ਹੈ ਕਿ ਝੂਠੀਆਂ ਖ਼ਬਰਾਂ ਫੈਲਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵੱਲੋਂ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਇੱਕ ਅਪੀਲ ਜਾਰੀ ਕੀਤੀ ਗਈ ਹੈ। ਜਿਸ ਵਿੱਚ ਅਜਿਹੇ ਡੀਪ ਫੇਕ ਨੂੰ ਕਵਰ ਕਰਨ ਵਾਲੀਆਂ ਕਾਨੂੰਨੀ ਵਿਵਸਥਾਵਾਂ ਤੇ ਉਨ੍ਹਾਂ ਨੂੰ ਬਣਾਉਣ ਤੇ ਪ੍ਰਸਾਰਿਤ ਕਰਨ ਲਈ ਸਜ਼ਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਹੈ। ਸਰਕਾਰ ਨੇ ਆਈਟੀ ਐਕਟ, 2000 ਦੀ ਧਾਰਾ 66 ਡੀ ਦਾ ਹਵਾਲਾ ਦਿੱਤਾ ਹੈ, ਜੋ ਕੰਪਿਊਟਰ ਸਰੋਤਾਂ ਦੀ ਵਰਤੋਂ ਕਰ ਕੇ ਧੋਖਾਧੜੀ ਲਈ ਸਜ਼ਾ ਨਾਲ ਸੰਬੰਧਿਤ ਹੈ। ਇਹ ਸੈਕਸ਼ਨ ਕਹਿੰਦਾ ਹੈ, ਜੋ ਕੋਈ ਵੀ ਸੰਚਾਰ ਉਪਕਰਨ ਜਾਂ ਕੰਪਿਊਟਰ ਸਰੋਤ ਦੀ ਵਰਤੋਂ ਕਰ ਕੇ ਧੋਖਾਧੜੀ ਕਰਦਾ ਹੈ, ਉਸ ਨੂੰ ਸਜ਼ਾ ਦਿੱਤੀ ਜਾਵੇਗੀ। ਉਲੰਘਣਾ ਕਰਨ ਵਾਲੇ ਨੂੰ ਤਿੰਨ ਸਾਲ ਦੀ ਕੈਦ ਹੋ ਸਕਦੀ ਹੈ। ਇਸ ਤੋਂ ਇਲਾਵਾ 1 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ। ਆਈਟੀ ਐਕਟ ਦੇ ਨਿਯਮ 3(2)(2) ਵਿੱਚ ਕਿਹਾ ਗਿਆ ਹੈ ਕਿ ਸੋਸ਼ਲ ਮੀਡੀਆ ਪਲੇਟਫਾਰਮ ਕਿਸੇ ਵੀ ਸਮੱਗਰੀ ਬਾਰੇ ਸ਼ਿਕਾਇਤ ਮਿਲਣ ਦੇ 24 ਘੰਟਿਆਂ ਦੇ ਅੰਦਰ ਇਸ ਨੂੰ ਹਟਾਉਣ ਲਈ ਕਦਮ ਚੁੱਕੇਗਾ। ਬਨਾਉਟੀ ਢੰਗ ਨਾਲ ਸੋਧੀਆਂ ਤਸਵੀਰਾਂ ਬਣਾਉਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।



## ਕੀ ਹੈ ਡੀਪਫੇਕ ਵੀਡੀਓ ਤੇ ਇਸ ਦੀ ਪਛਾਣ ਕਿੰਞ ਹੁੰਦੀ ਹੈ

ਡੀਪਫੇਕ ਤਕਨੀਕ ਦੀ ਵਰਤੋਂ ਜ਼ਿਆਦਾਤਰ ਫਰਜ਼ੀ ਪੋਰਨ ਵੀਡੀਓ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਤਕਨੀਕ ਰਾਹੀਂ ਮਸ਼ਹੂਰ ਔਰਤ ਸ਼ਖਸੀਅਤਾਂ ਦੇ ਜਾਅਲੀ ਪੋਰਨ ਵੀਡੀਓ ਬਣਾਏ ਗਏ ਹਨ, ਇਸ ਤਕਨੀਕ ਦੀ ਜ਼ਿਆਦਾਤਰ ਵਰਤੋਂ ਇਸ ਮਕਸਦ ਲਈ ਕੀਤੀ ਜਾਂਦੀ ਹੈ।ਡੀਪਫੇਕ ਦੇ ਬਾਰੇ ’ਚ ‘ਦਿ ਗਾਰਡੀਅਨ’ ਦੇ ਇਕ ਲੇਖ ’ਚ ਜਾਣਕਾਰੀ ਦਿੱਤੀ ਗਈ ਹੈ ਕਿ ਇਹ ਸਭ ਤੋਂ ਪਹਿਲਾਂ ਸੋਸ਼ਲ ਮੀਡੀਆ ਐਪ ਰੇਡਿਟ ’ਤੇ ਦਿਖਾਈ ਦਿੱਤੀ ਸੀ। ਫਿਰ ਡੀਪਫੇਕ ਨਾਮ ਦੇ ਇੱਕ ਉਪਭੋਗਤਾ ਨੇ ਟੇਲਰ ਸਵਿਫਟ, ਗਾਲ ਗਡੋਟ ਵਰਗੀਆਂ ਅਭਿਨੇਤਰੀਆਂ ਦੀਆਂ ਨਕਲੀ ਪੋਰਨ ਕਲਿੱਪ ਅਪਲੋਡ ਕੀਤੀਆਂ। ਇਸ ਤੋਂ ਬਾਅਦ ਅਜਿਹੀਆਂ ਵੀਡੀਓਜ਼ ਦਾ ਹੜ੍ਹ ਆ ਗਿਆ।

ਡੀਪਫੇਕ ਤਕਨਾਲੋਜੀ ਦੀ ਵਰਤੋਂ ਕਰਕੇ ਵੀਡੀਓ ਬਣਾਉਣਾ ਇੱਕ ਲੰਬੀ ਪ੍ਰਕਿਰਿਆ ਹੈ। ਸਭ ਤੋਂ ਪਹਿਲਾਂ, ਦੋ ਵਿਅਕਤੀਆਂ ਦੇ ਚੇਹਰੇ ਆਪਸ ਵਿੱਚ ਬਦਲੇ ਜਾਂਦੇ ਹਨ। ਉਨ੍ਹਾਂ ਦੇ ਹਜ਼ਾਰਾਂ ਫੋਟੋ ਵੀਡੀਓਜ਼ ਏਨਕੋਡਰ ਨਾਮਕ ਏਆਈ ਅਧਾਰਿਤ ਪ੍ਰੋਗਰਾਮ ਉਪਰ ਚਲਾਏ ਜਾਂਦੇ ਹਨ। ਇਹ ਤਕਨੀਕ ਇਨ੍ਹਾਂ ਦੋਵਾਂ ਚਿਹਰਿਆਂ ਵਿਚਕਾਰ ਸਮਾਨਤਾਵਾਂ ਦੀ ਜਾਂਚ ਕਰਦੀ ਹੈ। ਇਸ ਦੇ ਬਾਅਦ ਇਹ ਤਕਨੀਕ ਫਿਰ ਇਹਨਾਂ ਚਿਹਰਿਆਂ ਨੂੰ ਉਹਨਾਂ ਦੀਆਂ ਸਮਾਨਤਾਵਾਂ ਦੇ ਅਧਾਰ ਤੇ ਸੀਮਤ ਕਰ ਦਿੰਦੀ ਹੈ ਅਤੇ ਇੱਕ ਸੰਕੁਚਿਤ ਕੰਪਰੈਸਿਡ ਚਿੱਤਰ ਬਣਾਉਂਦੀ ਹੈ।

ਇਸ ਤੋਂ ਬਾਅਦ, ਇੱਕ ਹੋਰ ਏਐਲ ਤਕਨਾਲੋਜੀ ‘ਡੀਕੋਡਰ’ ਨਾਲ ਚਿਹਰਾ ਭਾਲਣ ਲਈ ਕਿਹਾ ਜਾਂਦਾ ਹੈ। ਜੇਕਰ ਸਧਾਰਨ ਭਾਸ਼ਾ ਵਿੱਚ ਸਮਝਿਆ ਜਾਵੇ, ਤਾਂ ਏਨਕੋਡਰ ਨੂੰ ਏ ਦੇ ਚਿਹਰੇ ਪੜ੍ਹਨ ਲਈ ਤਿਆਰ ਕੀਤਾ ਜਾਂਦਾ ਹੈ ਅਤੇ ਡੀਕੋਡਰ ‘ਬੀ’ ਦੇ ਚਿਹਰੇ ਨੂੰ ਪੜ੍ਹਨ ਲਈ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਬਾਅਦ, ਦੋਵੇਂ ਮਸ਼ੀਨਾਂ ਨੂੰ ਇਹ ਚਿਹਰਾ ਬਣਾਉਣ ਲਈ ਕਿਹਾ ਜਾਂਦਾ ਹੈ ਪਰ ਇਸ ਕੇਸ ਵਿੱਚ ਏਨਕੋਡਰ ਨੂੰ ‘ਬੀ’ ਦਾ ਚਿਹਰਾ ਬਣਾਉਣ ਲਈ ਕਿਹਾ ਜਾਵੇਗਾ ਅਤੇ ਡੀਕੋਡਰ ਨੂੰ ‘ਏ’ ਦਾ ਚਿਹਰਾ ਬਣਾਉਣ ਲਈ ਕਿਹਾ ਜਾਵੇਗਾ। ਅਜਿਹੀ ਸਥਿਤੀ ਵਿੱਚ, ਮੰਨ ਲਓ ਕਿ ‘ਬੀ’ ਉਸ ਫੋਟੋ ਵਿੱਚ ਰੋ ਰਿਹਾ ਹੈ, ਤਾਂ ਏ ਦੀ ਨਵੀਂ ਫੋਟੋ ਵਿੱਚ ਰੋਂਦਾ ਦਿਖਾਈ ਦੇਵੇਗਾ।

ਇਸ ਤੋਂ ਇਲਾਵਾ ਜਨਰੇਟਿਵ ਐਡਵਰਸੇਰੀਅਲ ਨੈੱਟਵਰਕ ਨਾਂ ਦੀ ਇੱਕ ਹੋਰ ਤਕਨੀਕ ਵੀ ਇਸ ਰਾਹੀਂ ਬਣਾਈ ਜਾਂਦੀ ਹੈ। ਇਸ ਵਿੱਚ ਇੱਕ ਗਲਤ ਤਸਵੀਰ ਅਤੇ ਇੱਕ ਸਹੀ ਤਸਵੀਰ ਪਾਈ ਜਾਂਦੀ ਹੈ। ਏਐਲ ਤਕਨਾਲੋਜੀ ਇਹਨਾਂ ਦੋਵਾਂ ਦੇ ਕੋਡਾਂ ਨੂੰ ਡੀਕੋਡ ਕਰਦੀ ਹੈ ਅਤੇ ਫੋਟੋਆਂ ਨੂੰ ਆਪਸ ਵਿੱਚ ਮਿਲਾਉਂਦੀ ਹੈ। ਇਸ ਵਿੱਚ ਸਮਾਂ ਲੱਗਦਾ ਹੈ।

## ਕੀ ਡੀਪਫੇਕ ਦੁਆਰਾ ਬਣਾਈ ਗਈ ਫੋਟੋ ਜਾਂ ਵੀਡੀਓ ਨੂੰ ਪਛਾਣਨਾ ਅਸੰਭਵ ਹੈ ?



ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਡੀਪਫੇਕ ਦੁਆਰਾ ਬਣਾਈ ਗਈ ਫੋਟੋ ਜਾਂ ਵੀਡੀਓ ਨੂੰ ਕਿੰਨੇ ਧਿਆਨ ਨਾਲ ਬਣਾਇਆ ਗਿਆ ਹੈ। ਹਾਲਾਂਕਿ, ਇਨ੍ਹਾਂ ਵੀਡੀਓਜ਼ ਨੂੰ ਧਿਆਨ ਨਾਲ ਦੇਖਣ ਤੋਂ ਬਾਅਦ, ਬੋਲਣ ਵੇਲੇ ਬੁੱਲ੍ਹਾਂ ਦੀ ਹਿੱਲਜੁਲ, ਹੱਥਾਂ-ਪੈਰਾਂ ਦੀ ਹਿੱਲਜੁਲ ਅਤੇ ਚਿਹਰੇ ਦੇ ਹੋਰ ਹਾਵ-ਭਾਵ ਦੇਖ ਕੇ ਪਤਾ ਲਗਾਇਆ ਜਾ ਸਕਦਾ ਹੈ ਕਿ ਵੀਡੀਓ ਅਸਲੀ ਹੈ ਜਾਂ ਨਕਲੀ।

ਸਮੱਸਿਆ ਇਹ ਹੈ ਕਿ ਹੁਣ ਟੈਕਨਾਲੋਜੀ ਇੰਨੀ ਮਜ਼ਬੂਤ ਹੁੰਦੀ ਜਾ ਰਹੀ ਹੈ ਕਿ ਸਾਧਾਰਨ ਵਿਅਕਤੀਆਂ ਦੀ ਪਕੜ ਵਿੱਚ ਕਈ ਵੀਡੀਓ ਨਹੀਂ ਆਉਂਦੇ। ਇਹ ਬਹੁਤ ਉੱਚ ਸਮਰੱਥਾ ਵਾਲੇ ਕੰਪਿਊਟਰਾਂ ਅਤੇ ਆਧੁਨਿਕ ਤਕਨੀਕ ਨਾਲ ਲੰਬੀ ਮਿਹਨਤ ਤੋਂ ਬਾਅਦ ਬਣਾਏ ਜਾਂਦੇ ਹਨ। ਵੱਡੀਆਂ ਯੂਨੀਵਰਸਿਟੀਆਂ ਸਮੇਤ ਕਈ ਕੰਪਨੀਆਂ ਡੀਪ ਫੇਕ ਦੀ ਸਮੱਸਿਆ ਨਾਲ ਲੜਨ ਲਈ ਲਗਾਤਾਰ ਖੋਜ ਕਰ ਰਹੀਆਂ ਹਨ। ਇਸ ਦੀਆਂ ਕਮੀਆਂ ਨੂੰ ਲੱਭਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਕੋਈ ਵੀ ਵੀਡੀਓ ਫਰਜ਼ੀ ਹੈ ਜਾਂ ਨਹੀਂ। ਬ੍ਰਿਟੇਨ ਦੀ ਲੈਸਟਰ ਯੂਨੀਵਰਸਿਟੀ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ’ਤੇ ਖੋਜ ਕਰ ਰਹੀ ਸਹਾਇਕ ਪ੍ਰੋਫੈਸਰ ਡਾ. ਸੋਫ਼ੀ ਨਾਈਟਿੰਗੇਲ ਦਾ ਕਹਿਣਾ ਹੈ ਕਿ ਜੇਕਰ ਬਦਲਾਵ ਬਹੁਤ ਹੀ ਗੁੰਝਲਦਾਰ ਢੰਗ ਨਾਲ ਕੀਤੇ ਗਏ ਹੋਣ ਤਾਂ ਇਹ ਯਕੀਨੀ ਤੌਰ ’ਤੇ ਨਹੀਂ ਕਿਹਾ ਜਾ ਸਕਦਾ ਕਿ ਕਿਹੜੀ ਤਸਵੀਰ ਅਸਲੀ ਅਤੇ ਕਿਹੜੀ ਜਾਅਲੀ ਹੈ।

## ਡੀਪਫੇਕ ਵੀਡੀਓ ਕਾਰਨ ਦੁਨੀਆਂ ਵਿੱਚ ਦਹਿਸ਼ਤ ਤੇ ਪ੍ਰਭਾਵ

ਰੂਸ-ਯੂਕਰੇਨ ਯੁੱਧ ਦੇ ਦੌਰਾਨ, ਟੈਲੀਗ੍ਰਾਮ ਚੈਨਲ ’ਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਦਾ ਇੱਕ ਡੀਪਫੇਕ ਵੀਡੀਓ ਪ੍ਰਸਾਰਿਤ ਕੀਤਾ ਗਿਆ ਸੀ, ਜਿਸ ਵਿੱਚ ਉਹ ਆਪਣੀ ਫੌਜ ਨੂੰ ਆਤਮ ਸਮਰਪਣ ਕਰਨ ਲਈ ਕਹਿ ਰਹੇ ਹਨ। ਜੰਗ ਦੀ ਸਥਿਤੀ ਵਿੱਚ, ਜੇਕਰ ਕਿਸੇ ਦੇਸ਼ ਦਾ ਨੇਤਾ ਆਪਣੀ ਫੌਜ ਨੂੰ ਆਤਮ ਸਮਰਪਣ ਕਰਨ ਲਈ ਕਹਿੰਦਾ ਹੈ ਅਤੇ ਇਹ ਡੀਪਫੇਕ ਏਆਈ ਦੁਆਰਾ ਬਣਾਈ ਗਈ ਵੀਡੀਓ ਹੈ ਅਤੇ ਜੇ ਲੋਕ ਇਸ ਨੂੰ ਸੱਚ ਮੰਨ ਲੈਣ ਤਾਂ ਇਹ ਦੇਸ਼ ਦੀ ਰੱਖਿਆ ਲਈ ਕਿੰਨਾ ਖਤਰਨਾਕ ਸਾਬਿਤ ਹੋ ਸਕਦੀ ਹੈ।

* ਚੋਣਾਂ ਦੌਰਾਨ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੀਆਂ ਜਾਅਲੀ ਵੀਡੀਓਜ਼ ਪ੍ਰਸਾਰਿਤ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਵੋਟਰਾਂ ਨੂੰ ਉਨ੍ਹਾਂ ਦੇ ਖ਼ਿਲਾਫ਼ ਕੀਤਾ ਜਾਂਦਾ ਹੈ ਅਤੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ। ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਵੀ ਇਹੀ ਕਹਿ ਰਹੇ ਹਨ।

* ਡੀਪਫੇਕ ਰਾਹੀਂ ਲੋਕਾਂ ਦੀ ਸੰਵੇਦਨਸ਼ੀਲ ਜਾਣਕਾਰੀ ਜਿਵੇਂ ਕਿ ਬੈਂਕ ਖਾਤਾ, ਕ੍ਰੈਡਿਟ ਕਾਰਡ ਨੰਬਰ ਜਾਣ ਕੇ ਵੀ ਬੈਂਕ ਨਾਲ ਧੋਖਾਧੜੀ ਕੀਤੀ ਜਾ ਸਕਦੀ ਹੈ।

* ਇੰਨਾ ਹੀ ਨਹੀਂ ਕਿਸੇ ਦੇਸ਼ ਦੀ ਵਿਦੇਸ਼ ਨੀਤੀ ਨੂੰ ਵੀ ਡੀਪਫੇਕ ਰਾਹੀਂ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ, ਹਾਲ ਹੀ ਵਿੱਚ ਰੂਸੀ ਰਾਸ਼ਟਰਪਤੀ ਪੁਤਿਨ ਦਾ ਇੱਕ ਡੀਪਫੇਕ ਵੀਡੀਓ ਪ੍ਰਸਾਰਿਤ ਕੀਤਾ ਗਿਆ ਸੀ, ਜਿਸ ਵਿੱਚ ਉਹ ਅਮਰੀਕੀ ਲੋਕਤੰਤਰ ’ਤੇ ਹਮਲਾ ਕਰ ਰਹੇ ਸਨ।




*ਇੰਨਾ ਹੀ ਨਹੀਂ ਡੀਪ ਫੇਕ ਰਾਹੀਂ ਇੱਕ ਜ਼ੀਰੋ ਟਰੱਸਟ ਸੋਸਾਇਟੀ ਵੀ ਬਣਾਈ ਜਾ ਰਹੀ ਹੈ, ਜਿਸ ਕਾਰਨ ਆਉਣ ਵਾਲੇ ਸਮੇਂ ਵਿੱਚ ਲੋਕ ਡੀਪਫੇਕ ਦੇ ਚੁੰਗਲ ਵਿੱਚ ਇਸ ਤਰ੍ਹਾਂ ਫਸ ਜਾਣਗੇ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗੇਗਾ ਕਿ ਕੀ ਸੱਚ ਹੈ ਅਤੇ ਕੀ ਝੂਠ। ਜਿਸ ਤਰ੍ਹਾਂ ਨਾਲ ਤਕਨੀਕੀ ਤਰੱਕੀ ਹੋ ਰਹੀ ਹੈ, ਉਸ ਤੋਂ ਇਹ ਪਤਾ ਲਗਾਉਣਾ ਮੁਸ਼ਕਲ ਹੋਵੇਗਾ ਕਿ ਵੀਡੀਓ ਅਸਲੀ ਹੈ ਜਾਂ ਨਕਲੀ।*ਇੱਕ ਸਮਾਂ ਸੀ ਜਦੋਂ ਡੀਪ ਫੇਕ ਵੀਡੀਓ ਬਣਾਉਣ ਲਈ ਮਾਹਿਰ ਦੀ ਲੋੜ ਹੁੰਦੀ ਸੀ ਪਰ ਹੁਣ ਕਈ ਐਪਸ ਅਤੇ ਵੈੱਬਸਾਈਟਾਂ ਮਾਰਕੀਟ ਵਿੱਚ ਆ ਗਈਆਂ ਹਨ ਜਿਨ੍ਹਾਂ ਰਾਹੀਂ ਇੱਕ ਆਮ ਵਿਅਕਤੀ ਵੀ ਡੀਪਫੇਕ ਵੀਡੀਓ ਬਣਾ ਸਕਦਾ ਹੈ।

# ਅਮਰੀਕਾ ਖ਼ਬਰਨਾਮਾ

## ਹਮਾਸ ਦੇ ਖ਼ਾਤਮੇ ਲਈ ਅਮਰੀਕਾ ਨੇ ਆਪਣਾ ਖ਼ਜ਼ਾਨਾ ਖੋਲ੍ਹਿਆ



ਵਾਸ਼ਿੰਗਟਨ/ਏ.ਟੀ.ਨਿਊਜ਼ : ਬਾਈਡੇਨ ਪ੍ਰਸ਼ਾਸਨ ਨੇ 14.5 ਬਿਲੀਅਨ ਡਾਲਰ ਦੇਣ ਦੀ ਇਜ਼ਰਾਈਲ ਨੂੰ ਮਨਜ਼ੂਰੀ ਦਿੱਤੀ ਹੈ। ਹਮਾਸ ਦੇ ਅੱਤਵਾਦੀਆਂ ਦੇ ਖਾਤਮੇ ਲਈ ਅਮਰੀਕਾ ਨੇ ਆਪਣਾ ਖਜ਼ਾਨਾ ਖੋਲ੍ਹ ਦਿੱਤਾ ਹੈ। ਇਸ ਲਈ ਇਜ਼ਰਾਈਲ ਦੇ ਖ਼ਿਲਾਫ਼ ਮੁਸਲਿਮ ਦੇਸ਼ਾਂ ਵਿੱਚ ਹਲਚਲ ਹੈ। ਹਮਾਸ ਵਿਰੁੱਧ ਲੜ ਰਹੇ ਇਜ਼ਰਾਈਲ ਨੂੰ ਬਾਈਡੇਨ ਪ੍ਰਸ਼ਾਸਨ ਨੇ 14.5 ਮਿਲੀਅਨ ਡਾਲਰ ਦਾਨ ਕਰਨ ਦਾ ਫ਼ੈਸਲਾ ਕੀਤਾ ਹੈ। ਜੇਕਰ ਇਸ ਰਕਮ ਦੀ ਭਾਰਤੀ ਰੁਪਏ ਵਿੱਚ ਗਿਣਤੀ ਕੀਤੀ ਜਾਵੇ ਤਾਂ ਇਹ 1.20 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਕਮ ਹੋ ਸਕਦੀ ਹੈ। ਇਹ ਰਕਮ ਪਾਕਿਸਤਾਨ ਦੇ ਕੁਲ ਰੱਖਿਆ ਬਜਟ ਤੋਂ ਦੁੱਗਣੀ ਹੈ। ਪਾਕਿਸਤਾਨ ਦਾ ਰੱਖਿਆ ਬਜਟ 6.36 ਅਰਬ ਡਾਲਰ ਦੇ ਕਰੀਬ ਹੈ। ਹਾਲਾਂਕਿ, ਇਹ ਕਿਸੇ ਵੀ ਇਸਲਾਮੀ ਦੇਸ਼ ਦਾ ਸਭ ਤੋਂ ਵੱਡਾ ਰੱਖਿਆ ਬਜਟ ਦੱਸਿਆ ਜਾਂਦਾ ਹੈ।

ਬਾਈਡੇਨ ਪ੍ਰਸ਼ਾਸਨ ਨੇ ਇਜ਼ਰਾਈਲ ਨੂੰ ਇਸ ਤੋਂ ਦੁੱਗਣੀ ਰਕਮ ਦਿੱਤੀ ਹੈ ਕਿਉਂਕਿ ਇਜ਼ਰਾਈਲ ਮੱਧ ਪੂਰਬ 'ਚ ਘਿਰਿਆ ਹੋਇਆ ਹੈ, ਇਸ ਲਈ ਨਾ ਸਿਰਫ ਹਮਾਸ, ਬਲਕਿ ਪੂਰਾ ਮੱਧ ਪੂਰਬ ਇਸ ਦੇ ਨਾਂ 'ਤੇ ਅਮਰੀਕਾ ਦੇ ਚੌਰਾਹੇ ਵਿੱਚ ਹੈ। ਨਿਰੀਖਕ ਇੱਥੋਂ ਤੱਕ ਕਹਿੰਦੇ ਹਨ ਕਿ ਅਸੀਂ ਇੱਥੇ ਅਮਰੀਕਾ ਸ਼ਬਦ ਦੀ ਵਰਤੋਂ ਇਸ ਹੱਦ ਤੱਕ ਕੀਤੀ ਹੈ ਕਿ ਅਮਰੀਕਾ 'ਚ ਕੋਈ ਵੀ ਪ੍ਰਸ਼ਾਸਨ, ਚਾਹੇ ਉਹ ਬਾਈਡੇਨ ਪ੍ਰਸ਼ਾਸਨ ਹੋਵੇ ਜਾਂ ਡੋਨਾਲਡ ਟ੍ਰੰਪ ਦਾ ਪ੍ਰਸ਼ਾਸਨ, ਜੇਕਰ ਉਹ ਸੱਤਾ 'ਚ ਆਉਂਦਾ ਹੈ ਤਾਂ ਇਜ਼ਰਾਈਲ ਦੀ ਮਦਦ ਕਰਨ ਤੋਂ ਪਿੱਛੇ ਨਹੀਂ ਹਟੇਗਾ। ਜੇ ਰਿਪਬਲੀਕਨ ਆਉਂਦੇ ਹਨ ਤਾਂ ਇਹ ਸਹਾਇਤਾ ਸ਼ਾਇਦ ਹੋਰ ਵੀ ਵੱਧ ਜਾਵੇਗੀ। ਜੇਕਰ ਈਰਾਨ ਸਿੱਧੇ ਤੌਰ 'ਤੇ ਇਸ ਯੁੱਧ 'ਚ ਸ਼ਾਮਲ ਹੁੰਦਾ ਹੈ ਤਾਂ ਅਮਰੀਕਾ ਕਾਫੀ ਕੰਮ ਕਰ ਸਕਦਾ ਹੈ। ਇੱਕ ਪਾਸੇ ਇਹ ਆਪਣੇ ਕੱਟੜ ਦੁਸ਼ਮਣ ਈਰਾਨ ਨੂੰ ਤਬਾਹ ਕਰ ਸਕਦਾ ਹੈ ਤੇ ਦੂਜੇ ਪਾਸੇ ਉਹ ਮੱਧ ਪੂਰਬ ਵਿੱਚ ਆਪਣਾ ਦਬਦਬਾ ਕਾਇਮ ਕਰ ਸਕਦੇ ਹਨ। ਹਾਲਾਂਕਿ, ਅਮਰੀਕਾ ਲਈ ਇਹ ਆਸਾਨ ਨਹੀਂ ਹੋਵੇਗਾ ਕਿਉਂਕਿ ਈਰਾਨ ਰੂਸ ਦਾ ਮਿੱਤਰ ਹੈ। ਇਹ ਉਸ ਦੀ ਮਦਦ ਕਰਦਾ ਹੈ ਹਮਾਸ ਦੀ ਲੜਾਈ ਵਿੱਚ ਅਮਰੀਕਾ ਇਜ਼ਰਾਈਲ ਨੂੰ ਵਿਆਪਕ ਸਹਿਯੋਗ ਦੇ ਰਿਹਾ ਹੈ ਪਰ ਪ੍ਰਤੀਨਿਧੀ ਸਭਾ (ਅਮਰੀਕੀ ਲੋਕ ਸਭਾ) ਦੇ ਸਪੀਕਰ ਮਾਈਕ ਜਾਨਸਨ ਅੜਿੱਕਾ ਬਣ ਸਕਦੇ ਹਨ, ਜੋ ਡੈਮੋਕ੍ਰੇਟਿਕ ਪਾਰਟੀ ਅਤੇ ਰਾਸ਼ਟਰਪਤੀ ਬਾਈਡੇਨ ਲਈ ਸਿੱਧੀ ਚੁਣੌਤੀ ਬਣ ਸਕਦੀ ਹੈ। ਮਾਈਕ ਜਾਨਸਨ ਰਿਪਬਲਿਕਨ ਪਾਰਟੀ ਦੇ ਇਕ ਪੈਕੇਜ ਦੀ ਵਕਾਲਤ ਕਰਨ ਲਈ ਸਥਾਪਤ ਨਿਯਮਾਂ ਤੋਂ ਪਰ੍ਹੇ ਵੀ ਗਿਆ, ਜੋ ਐਮਰਜੈਂਸੀ ਸਹਾਇਤਾ ਪ੍ਰਦਾਨ ਕਰਨ ਲਈ ਹੋਰ ਸਰਕਾਰੀ ਖਰਚਿਆਂ ਵਿੱਚ ਕਟੌਤੀ ਦੀ ਮੰਗ ਕਰਦਾ ਹੈ। ਇਸ ਲਈ ਸੁਡਾਨ ਵਿੱਚ ਰਿਪਬਲਿਕਨ ਪਾਰਟੀ ਦੀ ਨਵੀਂ ਰੂੜੀਵਾਦੀ ਲੀਡਰਸ਼ਿਪ ਸਾਬਤ ਹੋਈ ਹੈ। ਹੁਣ ਬਿੱਲ ਨੂੰ ਆਮ ਤੌਰ 'ਤੇ ਦੋ-ਪੱਖੀ ਸਮਰਥਨ ਮਿਲਣ ਦੀ ਸੰਭਾਵਨਾ ਸੀ। ਇਸ 'ਤੇ ਡੈਮੋਕ੍ਰੇਟਸ ਅਤੇ ਰਿਪਬਲਿਕਨ ਵੰਡੇ ਹੋਏ ਹਨ। ਬਾਈਡੇਨ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਤ ਹਨ। ਡੈਮੋਕ੍ਰੇਟਸ ਦਾ ਕਹਿਣਾ ਹੈ ਕਿ ਜੇਕਰ ਰਿਪਬਲਿਕਨ ਪ੍ਰਸਤਾਵਾਂ 'ਤੇ ਬਣੇ ਰਹਿੰਦੇ ਹਨ ਤਾਂ ਇਜ਼ਰਾਈਲ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਢਿੱਲੀ ਹੋ ਸਕਦੀ ਹੈ, ਜੋ ਕਿ ਇਸ ਪੜਾਅ 'ਤੇ ਬਰਦਾਸ਼ਤਯੋਗ ਨਹੀਂ ਹੈ। ਇਸ ਲਈ ਭਾਵੇਂ ਰਾਸ਼ਟਰਪਤੀ ਬਾਈਡੇਨ ਆਪਣੀ ਵੀਟੋ ਸ਼ਕਤੀ ਦੀ ਵਰਤੋਂ ਕਰਦੇ ਹਨ ਅਤੇ ਰਿਪਬਲਿਕਨ ਪ੍ਰਸਤਾਵਿਤ ਸੋਧ ਨੂੰ ਉਡਾ ਦਿੰਦੇ ਹਨ ਤਾਂ ਇਜ਼ਰਾਈਲ ਨੂੰ ਭਾਰੀ ਸਹਾਇਤਾ ਪ੍ਰਦਾਨ ਕਰਨਾ ਯਕੀਨੀ ਹੈ।

## ਗਾਜ਼ਾ 'ਚ ਜੰਗਬੰਦੀ ਨਹੀਂ : ਬਲਿੰਕਨ



ਨਿਊਯਾਰਕ/ਏ.ਟੀ.ਨਿਊਜ਼ : ਇਜ਼ਰਾਈਲ-ਹਮਾਸ ਯੁੱਧ ਦਰਮਿਆਨ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਅਰਬ ਦੇਸ਼ਾਂ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਗਾਜ਼ਾ ਵਿੱਚ ਫਲਸਤੀਨੀ ਅਥਾਰਟੀ ਦੀ ਭੂਮਿਕਾ ਨੂੰ ਲੈ ਕੇ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਨੇ ਕਿਹਾ ਕਿ ਗਾਜ਼ਾ ਪੱਟੀ ਦੇ ਭਵਿੱਖ ਲਈ ਫਲਸਤੀਨੀ ਅਥਾਰਟੀ ਨੂੰ ਕੇਂਦਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਐਂਟਨੀ ਨੇ ਮਹਿਮੂਦ ਅੱਬਾਸ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਅਮਰੀਕਾ ਦਾ ਮੰਨਣਾ ਹੈ ਕਿ ਗਾਜ਼ਾ ਵਿੱਚ ਅੱਗੇ ਜੋ ਵੀ ਹੋਵੇਗਾ, ਉਸ ਵਿੱਚ ਫਲਸਤੀਨੀ ਅਥਾਰਟੀ ਨੂੰ ਕੇਂਦਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਹਾਲਾਂਕਿ ਬਲਿੰਕਨ ਨੇ ਅਰਬ ਦੇਸ਼ਾਂ ਦੇ ਨੇਤਾਵਾਂ ਦੀ ਜੰਗਬੰਦੀ ਦੀ ਮੰਗ ਨੂੰ ਖਾਰਜ ਕਰ ਦਿੱਤਾ। ਓਧਰ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਬੈਠਕ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਬਲਿੰਕਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਮਰੀਕਾ ਗਾਜ਼ਾ 'ਚ ਸਹਾਇਤਾ ਪ੍ਰਾਪਤ ਕਰਨ ਅਤੇ ਉੱਥੇ ਜ਼ਰੂਰੀ ਸੇਵਾਵਾਂ ਨੂੰ ਬਹਾਲ ਕਰਨ ਲਈ ਵਚਨਬੱਧ ਹੈ।

ਜ਼ਿਕਰਯੋਗ ਹੈ ਕਿ ਹਮਾਸ ਲੜਾਕਿਆਂ ਨੇ 7 ਅਕਤੂਬਰ ਨੂੰ ਦੱਖਣੀ ਇਜ਼ਰਾਈਲ 'ਤੇ ਅਚਾਨਕ ਹਮਲਾ ਕਰ ਦਿੱਤਾ ਸੀ। ਜਿਸ ਵਿੱਚ 1400 ਲੋਕ ਮਾਰੇ ਗਏ ਅਤੇ 240 ਤੋਂ ਵੱਧ ਲੋਕਾਂ ਨੂੰ ਬੰਧਕ ਬਣਾ ਲਿਆ ਗਿਆ।

ਇਸ ਤੋਂ ਬਾਅਦ ਇਜ਼ਰਾਈਲੀ ਫ਼ੌਜ ਨੇ ਹਮਾਸ ਖਿਲਾਫ਼ ਕਾਰਵਾਈ ਸ਼ੁਰੂ ਕੀਤੀ। ਗਾਜ਼ਾ ਦੇ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਜ਼ਰਾਈਲ ਫ਼ੌਜ ਦੀ ਕਾਰਵਾਈ ਵਿੱਚ ਲੱਗਭਗ 9500 ਫਲਸਤੀਨੀ ਮਾਰੇ ਗਏ ਹਨ।

## ਅਮਰੀਕਾ 'ਚ ਮਕਾਨ ਮਾਲਕ ਨੇ ਕਿਰਾਏਦਾਰਾਂ ਦੇ ਘਰ ਨੂੰ ਲਾਈ ਅੱਗ, ਹੋਇਆ ਗ੍ਰਿਫ਼ਤਾਰ

ਨਿਊਯਾਰਕ/ਏ.ਟੀ.ਨਿਊਜ਼ : ਨਿਊਯਾਰਕ ਦੇ ਬਰੁਕਲਿਨ ਵਿੱਚ ਇਕ ਮਕਾਨ ਮਾਲਕ ਨੇ ਘਰ ਨੂੰ ਉਦੋਂ ਅੱਗ ਲਗਾ ਦਿੱਤੀ ਜਦੋਂ ਕਿਰਾਏਦਾਰ ਨੇ ਕਿਰਾਏ ਦਾ ਭੁਗਤਾਨ ਕਰਨ ਤੋਂ ਇਨਕਾਰ ਕਰ ਦਿੱਤਾ। ਫਾਇਰ ਡਿਪਾਰਟਮੈਂਟ ਨਿਊਯਾਰਕ ਅਨੁਸਾਰ ਇੱਕ ਮਕਾਨ ਮਾਲਕ ਨੂੰ ਕਥਿਤ ਤੌਰ 'ਤੇ ਆਪਣੇ ਕਿਰਾਏਦਾਰਾਂ ਦੇ ਘਰ ਨੂੰ ਅੱਗ ਲਗਾਉਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ।



ਅਧਿਕਾਰੀਆਂ ਮੁਤਾਬਕ ਰਫੀਕੁਲ ਇਸਲਾਮ ਨਾਮੀ ਵਿਅਕਤੀ ਨੇ 26 ਸਤੰਬਰ ਨੂੰ 212 ਫੋਰਬੈਲ ਸਟਰੀਟ 'ਤੇ ਘਰ ਦੀਆਂ ਪੌੜੀਆਂ ਨੂੰ ਕਥਿਤ ਤੌਰ 'ਤੇ ਅੱਗ ਲਗਾ ਦਿੱਤੀ ਸੀ।

ਅਧਿਕਾਰੀਆਂ ਅਨੁਸਾਰ ਰਫੀਕੁਲ ਦੀ ਦਿਮਾਗੀ ਹਾਲਤ ਠੀਕ ਨਹੀਂ ਸੀ। ਉਸਦੇ ਦੂਜੀ ਮੰਜ਼ਿਲ ਦੇ ਕਿਰਾਏਦਾਰਾਂ ਨੇ ਕਿਰਾਇਆ ਦੇਣਾ ਬੰਦ ਕਰ ਦਿੱਤਾ ਸੀ ਅਤੇ ਨਾਲ ਹੀ ਉਹਨਾਂ ਨੇ ਘਰੋਂ ਬਾਹਰ ਨਿਕਲਣ ਤੋਂ ਇਨਕਾਰ ਕਰ ਦਿੱਤਾ। ਇਸ ਮਗਰੋਂ ਰਫੀਕੁਲ ਨੇ ਉਸ ਘਰ ਅੰਦਰ ਲਗਾ ਦਿੱਤੀ, ਜਿਸ ਘਰ ਵਿੱਚ ਦੋ ਬਾਲਗ ਅਤੇ ਛੇ ਬੱਚੇ ਸਨ। ਫਾਇਰ ਡਿਪਾਰਟਮੈਂਟ ਨਿਊਯਾਰਕ ਦੇ ਅਧਿਕਾਰੀਆਂ ਅਨੁਸਾਰ ਉੱਥੇ ਫਸੇ ਸਾਰੇ 8 ਲੋਕ ਅੱਗ ਤੋਂ ਬਚਣ ਵਿੱਚ ਕਾਮਯਾਬ ਰਹੇ।

ਅੱਗ ਲਗਾਉਣ ਤੋਂ ਪਹਿਲਾਂ ਰਫੀਕੁਲ ਨੇ ਕਥਿਤ ਤੌਰ 'ਤੇ ਆਪਣੇ ਕਿਰਾਏਦਾਰ ਦੀ ਗੈਸ ਤੇ ਬਿਜਲੀ ਕੱਟਣ ਅਤੇ ਘਰ ਨੂੰ ਅੱਗ ਲਗਾਉਣ ਦੀ ਧਮਕੀ ਵੀ ਦਿੱਤੀ ਸੀ। ਅਧਿਕਾਰੀਆਂ ਨੇ ਕਿਹਾ ਕਿ ਇੱਕ ਵੀਡੀਓ ਵਿੱਚ ਦਿਖਾਇਆ ਗਿਆ ਕਿ ਇੱਕ ਮਾਸਕ ਅਤੇ ਹੁੱਡ ਵਾਲਾ ਵਿਅਕਤੀ ਘਰ ਵਿੱਚ ਦਾਖਲ (**ਬਾਕੀ ਸਫ਼ਾ** 30 'ਤੇ)

ਕਮਾਲ ਦੀ ਟ੍ਰਿਕ...

## ਊਬਰ ਡਰਾਈਵਰ ਨੇ ਰਾਈਡ ਕੈਂਸਲ ਕਰਕੇ ਇੱਕ ਸਾਲ 'ਚ ਕਮਾਏ 23 ਲੱਖ

ਸਾਨ ਫ੍ਰਾਂਸਿਸਕੋ/ਏ.ਟੀ.ਨਿਊਜ਼: ਅਮਰੀਕਾ ਦਾ ਇੱਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਉਬੇਰ ਡਰਾਈਵਰ ਨੇ ਸਿਰਫ਼ ਰਾਈਡ ਕੈਂਸਲ ਕਰ ਕੇ ਇੱਕ ਸਾਲ ਵਿੱਚ 23 ਲੱਖ ਰੁਪਏ ਕਮਾ ਲਏ। ਇੱਕ 70 ਸਾਲਾ ਬਜ਼ੁਰਗ ਡਰਾਈਵਰ ਨੇ ਰਿਟਾਇਰਮੈਂਟ ਤੋਂ ਬਾਅਦ ਵਾਧੂ ਪੈਸੇ ਕਮਾਉਣ ਲਈ ਉਬੇਰ ਚਲਾਉਣਾ ਸ਼ੁਰੂ ਕਰ ਦਿੱਤਾ। 'ਬਿਜ਼ਨੈੱਸ ਇਨਸਾਈਡਰ' ਨਾਲ ਗੱਲਬਾਤ ਕਰਦਿਆਂ ਡਰਾਈਵਰ ਨੇ ਦੱਸਿਆ ਕਿ ਉਸ ਕੋਲ ਜਿਹੜੀ ਵੀ ਰਾਈਡ ਰਿਕਵੇਸਟ ਆਉਂਦੀ ਸੀ, ਉਹਨਾਂ ਵਿਚੋਂ ਉਹ ਸਿਰਫ 10 ਫੀਸਦੀ ਹੀ ਸਵੀਕਾਰ ਕਰਦਾ ਸੀ।

ਬਿੱਲ (ਬਦਲਿਆ ਹੋਇਆ ਨਾਮ) ਨੇ ਬਿਜ਼ਨੈੱਸ ਇਨਸਾਈਡਰ ਨੂੰ ਦੱਸਿਆ ਕਿ ਉਹ 30 ਪ੍ਰਤੀਸ਼ਤ ਤੋਂ ਵੱਧ ਰਾਈਡ ਬੇਨਤੀਆਂ ਨੂੰ ਰੱਦ ਕਰ ਦਿੰਦਾ ਹੈ। ਇਸ ਪਿੱਛੇ ਇੱਕ ਖਾਸ ਰਣਨੀਤੀ ਸੀ। ਬਿੱਲ ਅਨੁਸਾਰ ਉਹ ਹਮੇਸ਼ਾ ਅਜਿਹੀਆਂ ਸਵਾਰੀਆਂ ਦੀ ਭਾਲ ਕਰਦਾ ਹੈ ਜੋ ਲੰਮੀ ਦੂਰੀ ਤੈਅ




ਕਰਨ ਵਾਲੀਆਂ ਹੁੰਦੀਆਂ ਹਨ ਅਤੇ ਉਹਨਾਂ ਖੇਤਰਾਂ ਵਿੱਚ ਜਿੱਥੇ ਆਮ ਤੌਰ 'ਤੇ ਘੱਟ ਟੈਕਸੀਆਂ ਉਪਲਬਧ ਹੁੰਦੀਆਂ ਹਨ ਅਤੇ ਉੱਚ ਕੀਮਤਾਂ ਹੁੰਦੀਆਂ ਹਨ।

ਬਿੱਲ ਅਨੁਸਾਰ ਉਸਨੇ ਪਿਛਲੇ ਸਾਲ 1,500 ਸਵਾਰੀਆਂ ਤੋਂ 28,000 ਡਾਲਰ ਦੀ ਕਮਾਈ ਕੀਤੀ। ਰੁਪਏ ਦੇ ਲਿਹਾਜ਼ ਨਾਲ ਇਹ ਰਾਸ਼ੀ ਲਗਭਗ 22.5 ਲੱਖ ਰੁਪਏ ਬਣਦੀ ਹੈ। ਜਾਣਕਾਰੀ ਮੁਤਾਬਕ ਉਹ ਹਫ਼ਤੇ ਵਿੱਚ 40 ਘੰਟੇ ਕੰਮ ਕਰਦਾ ਸੀ। ਇਸ ਵਿਚੋਂ ਉਹ ਜ਼ਿਆਦਾਤਰ ਸਮਾਂ ਉਬੇਰ ਐਪ ਵਿੱਚ ਇਹ ਚੈੱਕ ਕਰਨ ਲਈ ਬਤੀਤ ਕਰਦਾ ਸੀ ਕਿ ਉਸ ਕੋਲ ਜਿਹੜੀਆਂ ਰਾਈਡ ਬੇਨਤੀਆਂ ਆਈਆਂ ਹਨ, ਉਹ ਕਿਹੜੇ ਇਲਾਕੇ ਦੀਆਂ ਹਨ। ਕੀ ਉੱਥੇ ਉਸ ਨੂੰ ਸਰਜ਼ ਪ੍ਰਾਈਜ਼ ਦਾ ਫ਼ਾਇਦਾ ਮਿਲ ਸਕਦਾ ਹੈ ਅਤੇ ਦੋ-ਪੱਖੀ ਰਾਈਡ ਵੀ ਮਿਲ ਸਕਦੀ ਹੈ। ਜੇਕਰ ਅਜਿਹੀ ਸਵਾਰੀ ਉਪਲਬਧ ਨਾ ਹੁੰਦੀ, ਤਾਂ ਉਹ ਬੇਨਤੀ ਰੱਦ ਕਰ ਦਿੰਦਾ। ਤੁਹਾਨੂੰ ਦੱਸ ਦੇਈਏ ਕਿ ਆਮਤੌਰ 'ਤੇ ਪੀਕ ਆਵਰਜ਼ ਦੌਰਾਨ ਜਦੋਂ ਟੈਕਸੀਆਂ ਦੀ ਉਪਲਬਧਤਾ ਘੱਟ ਹੁੰਦੀ ਹੈ ਤਾਂ ਕੰਪਨੀਆਂ ਆਮ ਨਾਲੋਂ ਜ਼ਿਆਦਾ ਕਿਰਾਇਆ ਵਧਾ ਦਿੰਦੀਆਂ ਹਨ। ਇਸ ਨੂੰ ਸਰਜ਼ ਕੀਮਤ ਕਿਹਾ ਜਾਂਦਾ ਹੈ। ਬਜ਼ੁਰਗ ਕੈਬ ਡਰਾਈਵਰ ਨੇ ਦੱਸਿਆ ਕਿ ਉਹ ਭੀੜ-ਭੜੱਕੇ ਵਾਲੇ ਇਲਾਕਿਆਂ ਵਿੱਚ ਹੀ ਟੈਕਸੀ ਚਲਾਉਂਦਾ ਸੀ ਜਿਵੇਂ-ਏਅਰਪੋਰਟ ਜਾਂ ਬਾਰ। ਦੱਸਿਆ ਜਾਂਦਾ ਹੈ ਕਿ ਸ਼ੁੱਕਰਵਾਰ ਅਤੇ ਸ਼ਨੀਵਾਰ ਦੀ ਰਾਤ ਨੂੰ ਰਾਤ 10:00 ਵਜੇ ਤੋਂ ਦੁਪਹਿਰ 2:30-30 ਵਜੇ ਤੱਕ ਸਵਾਰੀਆਂ ਦੀ ਕਾਫੀ ਭੀੜ ਰਹਿੰਦੀ ਸੀ ਅਤੇ ਇਸ ਦੌਰਾਨ ਸਰਜ਼ ਪ੍ਰਾਈਜ ਦਾ ਫ਼ਾਇਦਾ ਵੀ ਮਿਲਦਾ ਸੀ।

## ਪਤਨੀ ਦਾ ਕਤਲ ਕਰਨ ਦੇ ਦੋਸ਼ 'ਚ ਭਾਰਤੀ ਨੂੰ ਉਮਰ ਕੈਦ



ਹਿਊਸਟਨ/ਏ.ਟੀ.ਨਿਊਜ਼: ਅਮਰੀਕਾ ਦੇ ਫਲੋਰੀਡਾ ਸੂਬੇ ਵਿੱਚ ਇੱਕ ਭਾਰਤੀ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਭਾਰਤੀ ਵਿਅਕਤੀ ਨੇ 2020 ਵਿੱਚ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਇੱਕ ਮੀਡੀਆ ਰਿਪੋਰਟ ਮੁਤਾਬਕ ਦੋਸ਼ੀ ਨੇ ਇਕ ਹਸਪਤਾਲ ਦੇ ਪਾਰਕਿੰਗ ਖੇਤਰ ਵਿੱਚ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਸੀ, ਜਿੱਥੇ ਉਹ ਨਰਸ ਵਜੋਂ ਕੰਮ ਕਰਦੀ ਸੀ। 'ਦਿ ਸਨ ਸੈਂਟੀਨੇਲ' ਅਖ਼ਬਾਰ ਨੇ ਰਿਪੋਰਟ ਦਿੱਤੀ ਕਿ ਫਿਲਿਪ ਮੈਥਿਊਜ਼ ਨੇ ਮੈਰੀਅਨ ਜੋਏ ਦੇ ਕਤਲ ਦੇ ਦੋਸ਼ ਲਈ ਕੋਈ ਵਿਰੋਧ ਨਹੀਂ ਕੀਤਾ। ਮਾਰਿਨ ਜੋਏ ਆਪਣੇ ਪਤੀ ਨਾਲ ਤਣਾਅਪੂਰਨ ਅਤੇ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਅਮਰੀਕਾ ਜਾ ਕੇ ਅਮੀਰ ਬਣਨ ਦੇ ਚੱਕਰ 'ਚ ਪੰਜਾਬੀਆਂ ਨੇ ਗੁਆਏ ਕਰੋੜਾਂ ਰੁਪਏ

ਚੰਡੀਗੜ੍ਹ/ਏ.ਟੀ.ਨਿਊਜ਼: ਅਮਰੀਕਾ ਜਾ ਕੇ ਪੈਸਾ ਕਮਾਉਣ ਦੀ ਲਾਲਸਾ ਕਾਰਨ ਭਾਰਤੀ, ਖਾਸ ਕਰ ਕੇ ਪੰਜਾਬੀ ਕਿਸੇ ਨਾ ਕਿਸੇ ਤਰ੍ਹਾਂ ਉੱਥੋਂ ਜਾਣ ਦੀ ਤਿਆਰੀ 'ਚ ਲੱਗੇ ਰਹਿੰਦੇ ਹਨ। ਇਸ ਦੇ ਲਈ ਭਾਰਤੀ, ਖਾਸ ਕਰ ਕੇ ਪੰਜਾਬ ਦੇ ਲੋਕ ਲੱਖਾਂ ਰੁਪਏ ਖਰਚ ਕਰਨ ਵਿੱਚ ਵੀ ਪਿੱਛੇ ਨਹੀਂ ਹਟਦੇ। ਇਸ ਲਾਲਚ 'ਚ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਲੋਕ ਲੱਖਾਂ ਰੁਪਏ ਖਰਾਬ ਕਰ ਲੈਂਦੇ ਹਨ, ਜਦੋਂਕਿ ਕਈ ਲੋਕ ਨਾਜਾਇਜ਼ ਤੌਰ 'ਤੇ ਯੂ.ਐੱਸ.ਏ. ਵਿੱਚ ਦਾਖਲ ਹੋਣ ਲਈ ਕਈ ਜ਼ੋਖਮ ਵੀ ਉਠਾਉਂਦੇ ਹਨ।

ਸੈਂਕੜੇ ਕਿਲੋਮੀਟਰ ਦੇ ਸੰਘਣੇ ਜੰਗਲਾਂ, ਕੰਡਿਆਲੀਆਂ ਤਾਰਾਂ ਅਤੇ ਕੰਧਾਂ ਪਾਰ ਕਰ ਕੇ ਵੀ ਲੋਕ ਯੂ.ਐੱਸ. ਪੁੱਜਣ ਦਾ ਯਤਨ ਕਰਦੇ ਹਨ, ਜਿਸ ਵਿੱਚ ਜ਼ਿਆਦਾਤਰ ਲੋਕ ਨਾਕਾਮ ਹੁੰਦੇ ਹੋਏ ਯੂ. ਐੱਸ. ਬਾਰਡਰ ਸਕਿਓਰਿਟੀ ਦੇ ਹੱਥੇ ਚੜ੍ਹ ਜਾਂਦੇ ਹਨ ਜਾਂ ਫਿਰ ਜੰਗਲਾਂ ਦੇ ਰਸਤੇ 'ਚ ਹੀ ਦਮ ਤੋੜ ਦਿੰਦੇ ਹਨ।

ਲੋਕਾਂ ਦੀ ਵਿਦੇਸ਼ ਜਾ ਕੇ ਪੈਸਾ ਕਮਾਉਣ ਦੀ ਇੱਛਾ ਕਾਰਨ ਪੰਜਾਬ 'ਚ ਫਰਜ਼ੀ ਏਜੰਟ ਖੂਬ ਪੈਸਾ ਕਮਾ ਰਹੇ ਹਨ। ਅਮਰੀਕਾ ਬਾਰਡਰ ਸਕਿਓਰਿਟੀ ਫੋਰਸ (ਯੂ. ਸੀ. ਬੀ. ਸੀ.) ਵੱਲੋਂ ਭਾਰਤ ਦੇ ਲੋਕਾਂ ਦੇ ਨਾਜਾਇਜ਼ ਦਾਖਲੇ 'ਤੇ ਹੈਰਾਨੀਜਨਕ ਖੁਲਾਸੇ ਕੀਤੇ ਗਏ ਹਨ। ਯੂ. ਸੀ. ਬੀ. ਸੀ. ਮੁਤਾਬਕ ਅਕਤੂਬਰ 2022 ਤੋਂ ਸਤੰਬਰ 2023 ਦੇ ਇਕ ਸਾਲ 'ਚ ਯੂ.ਐੱਸ. ਵਿੱਚ ਨਾਜਾਇਜ਼ ਤੌਰ 'ਤੇ ਦਾਖਲ ਹੋਣ ਦਾ ਯਤਨ ਕਰ ਰਹੇ ਕਰੀਬ 97000 ਭਾਰਤੀਆਂ ਨੂੰ ਕਾਬੂ ਕੀਤਾ ਗਿਆ ਹੈ, ਜਿਨ੍ਹਾਂ 'ਚ 730 ਨਾਬਾਲਗ ਵੀ ਸ਼ਾਮਲ ਹਨ। ਕਾਬੂ ਕੀਤੇ ਗਏ ਇਨ੍ਹਾਂ ਲੋਕਾਂ 'ਚ ਜ਼ਿਆਦਾਤਰ ਪੰਜਾਬ ਅਤੇ ਇਸ ਦੇ ਸਰਹੱਦੀ ਇਲਾਕਿਆਂ ਦੇ ਹਨ। ਅੰਕੜਿਆਂ ਮੁਤਾਬਕ ਨਾਜਾਇਜ਼ ਤੌਰ 'ਤੇ ਕਰੀਬ 80 ਹਜ਼ਾਰ ਲੋਕ ਯੂ.ਐੱਸ. ਵਿੱਚ ਦਾਖਲ ਹੋਣ 'ਚ ਵੀ ਸਫਲ ਹੋ ਗਏ।



**ਫਰਜ਼ੀਵਾੜੇ ਨਾਲ ਜੁੜੇ ਲੋਕ ਦਿੰਦੇ ਹਨ ਪ੍ਰਵਾਸੀਆਂ ਨੂੰ ਸਿਖਲਾਈ**

ਯੂ. ਐੱਸ. ਵਿੱਚ ਦਾਖਲ ਹੋਣ ਸਬੰਧੀ ਸਰਗਰਮ ਫਰਜ਼ੀ ਏਜੰਟ ਯੂ. ਐੱਸ. ਦੇ ਕੋਲ ਮੈਕਸੀਕੋ ਤੱਕ ਪੁੱਜਣ ਲਈ ਵੱਖ-ਵੱਖ ਉਡਾਨਾਂ ਰਾਹੀਂ ਭੇਜਦੇ ਹਨ, ਜਿੱਥੋਂ ਉਹ ਲੋਕ ਬੱਸਾਂ/ਟੈਕਸੀਆਂ ਰਾਹੀਂ ਅੱਗੇ ਜਾਂਦੇ ਹਨ ਅਤੇ ਪੈਦਲ ਚਲਦੇ ਹੋਏ ਕਈ ਜੰਗਲਾਂ ਤੋਂ ਗੁਜ਼ਰਨ ਤੋਂ ਬਾਅਦ ਬਾਰਡਰ 'ਤੇ ਲੱਗੀਆਂ ਕੰਡਿਆਲੀਆਂ ਤਾਰਾਂ ਅਤੇ ਕੰਧਾਂ ਟੱਪ ਕੇ ਯੂ.ਐੱਸ. ਵਿੱਚ ਦਾਖਲ ਹੁੰਦੇ ਹਨ। ਜਾਣਕਾਰੀ ਮੁਤਾਬਕ ਮੈਕਸੀਕੋ 'ਚ ਇਸ ਫਰਜ਼ੀਵਾੜੇ ਨਾਲ ਜੁੜੇ ਲੋਕ ਉੱਥੇ ਪੁੱਜਣ ਵਾਲੇ ਪ੍ਰਵਾਸੀਆਂ ਨੂੰ ਬਾਰਡਰ ਪਾਰ ਕਰਵਾਉਣ ਦੇ ਨਾਲ ਹੀ ਇਸ ਗੱਲ ਦੀ ਸਿਖਲਾਈ ਵੀ ਦਿੰਦੇ ਹਨ ਕਿ ਉਨ੍ਹਾਂ ਵੱਲੋਂ ਫੜੇ ਜਾਣ 'ਤੇ ਅਧਿਕਾਰੀਆਂ ਨੂੰ ਕੀ ਕਹਿਣਾ ਹੈ ਅਤੇ ਕਿੱਥੇ ਜਾਣਾ ਹੈ, ਤਾਂ ਕਿ ਸ਼ਰਣ ਲੈਣ ਦੇ ਮਾਮਲੇ 'ਚ ਖੇਡ ਖੇਡੀ ਜਾ ਸਕੇ ਅਤੇ ਸ਼ਰਣ ਦੀ ਸੁਣਵਾਈ ਦਾ ਇੰਤਜ਼ਾਰ ਕਰਦੇ ਹੋਏ ਦੇਸ਼ 'ਚ ਦਾਖਲ ਕੀਤਾ ਜਾ ਸਕੇ। ਉਹ ਸ਼ਰਣਾਰਥੀ ਵਜੋਂ ਉੱਥੇ ਟਿਕ ਸਕਣ। ਅਮੈਰੀਕਨ ਸਰਕਾਰ ਮੁਤਾਬਕ ਫੜੇ ਜਾਣ 'ਤੇ ਅਜਿਹੇ ਲੋਕ ਖੁਦ ਨੂੰ ਭਾਰਤ 'ਚ ਅਸੁਰੱਖਿਅਤ ਹੋਣ ਦੀ ਗੱਲ ਕਹਿ ਕੇ ਆਪਣੇ ਦੇਸ਼ ਵਾਪਸ ਨਾ ਮੁੜਨ ਦੀ ਗੱਲ ਕਹਿ ਕੇ ਬਚਣ ਦਾ ਯਤਨ ਕਰਦੇ ਹਨ।

**ਲਗਾਤਾਰ ਵਾਧਾ ਹੋਣਾ ਚਿੰਤਾ ਦਾ ਵਿਸ਼ਾ**

ਅੰਕੜਿਆਂ ਮੁਤਾਬਕ ਨਾਜਾਇਜ਼ ਤੌਰ 'ਤੇ ਯੂ. ਐੱਸ. ਬਾਰਡਰ ਪਾਰ ਕਰਨ ਵਾਲਿਆਂ ਦੀ ਗਿਣਤੀ 'ਚ ਪਿਛਲੇ ਸਾਲਾਂ ਤੋਂ ਕਾਫੀ ਜ਼ਿਆਦਾ ਵਾਧਾ ਦੇਖਿਆ ਗਿਆ ਹੈ। ਸਾਲ 2019-20 ਵਿੱਚ 19883, ਸਾਲ 2020-221 'ਚ 30662, ਸਾਲ 2021-22 ਵਿੱਚ 63927 ਸੀ, ਜੋ ਸਾਲ 2022-23 ਵਿੱਚ ਵਧ ਕੇ 96917 ਤੱਕ ਜਾ ਪੁੱਜੀ। ਫੜੇ ਗਏ ਇਨ੍ਹਾਂ ਲੋਕਾਂ 'ਚੋਂ ਕਰੀਬ 30 ਹਜ਼ਾਰ ਵਿਅਕਤੀਆਂ ਨੂੰ ਕੈਨੇਡਾ ਬਾਰਡਰ, ਮੈਕਸੀਕੋ ਦੇ ਬਾਰਡਰ 'ਤੇ ਕਰੀਬ 41 ਹਜ਼ਾਰ ਅਤੇ ਹੋਰਨਾਂ ਨੂੰ ਦੂਜੀਆਂ ਸਰਹੱਦਾਂ ਤੋਂ ਫੜਿਆ ਗਿਆ। ਫੜੇ ਗਏ ਲੋਕਾਂ ਨੂੰ 4 ਗਰੁੱਪਾਂ 'ਚ ਵੰਡ ਕੇ ਦੇਖਿਆ ਜਾਂਦਾ ਹੈ, ਜਿਨ੍ਹਾਂ ਵਿਚ ਜ਼ਿਆਦਾਤਰ ਲੋਕ ਬਾਲਗ ਪਾਏ ਜਾਂਦੇ ਹਨ, ਜਦੋਂਕਿ ਇਨ੍ਹਾਂ ਵਿਚ ਸਾਥ ਵਿੱਚ ਰਹਿਣ ਵਾਲੇ ਨਾਬਾਲਗ, ਇੱਕ ਪਰਿਵਾਰ ਇਕਾਈ ਵਿੱਚ ਵਿਅਕਤੀ ਅਤੇ ਇਕੱਲੇ ਬੱਚੇ ਸ਼ਾਮਲ ਹਨ।

**ਫਰਜ਼ੀ ਏਜੰਟ ਉਠਾ ਰਹੇ ਹਨ ਲੋਕਾਂ ਦੀ ਲਾਲਸਾ ਦਾ ਫਾਇਦਾ**

ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਸਰਗਰਮ ਫਰਜ਼ੀ ਏਜੰਟ ਵਿਦੇਸ਼ ਜਾ ਕੇ ਪੈਸਾ ਕਮਾਉਣ ਦੀ ਲਾਲਸਾ ਰੱਖਣ ਵਾਲੇ ਅਜਿਹੇ ਲੋਕਾਂ ਦਾ ਫਾਇਦਾ ਉਠਾ ਰਹੇ ਹਨ। ਇਹ ਲੋਕ ਨਾਜਾਇਜ਼ ਤੌਰ 'ਤੇ ਅਮਰੀਕਾ ਜਾਂ ਦੂਜੇ ਦੇਸ਼ਾਂ 'ਚ ਭੇਜਣ ਬਦਲੇ ਲੱਖਾਂ ਰੁਪਏ ਠੱਗ ਲੈਂਦੇ ਹਨ। ਆਏ ਦਿਨ ਪੁਲਿਸ ਦੇ ਕੋਲ ਇਸ ਸਬੰਧੀ ਸ਼ਿਕਾਇਤਾਂ ਪੁੱਜ ਰਹੀਆਂ ਹਨ, ਜੋ ਇਨ੍ਹਾਂ ਠੱਗਾਂ ਦਾ ਸ਼ਿਕਾਰ ਹੋਏ ਲੋਕਾਂ ਦੀਆਂ ਹਨ। ਲੋਕਾਂ ਦਾ ਮੰਨਣਾ ਹੈ ਕਿ ਜੇਕਰ ਪੰਜਾਬ ਸਰਕਾਰ ਹੀ ਅਜਿਹੇ ਫਰਜ਼ੀ ਏਜੰਟਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦੇਵੇ ਤਾਂ ਪੰਜਾਬ ਦੇ ਲੋਕਾਂ ਨੂੰ ਬਚਾਇਆ ਜਾ ਸਕਦਾ ਹੈ।

# ਸਾਬਕਾ ਭਾਰਤੀ ਹਾਈ ਕਮਿਸ਼ਨਰ ਨੂੰ ਆਪਣੇ ਘਰੇਲੂ ਕਰਮਚਾਰੀ ਦੇ ਸੋਸ਼ਣ ਹੇਠ ਹੋਇਆ 136,000 ਡਾਲਰ ਦਾ ਹਰਜਾਨਾ

## 17-17 ਘੰਟੇ ਕੰਮ ਕਰਵਾਕੇ ਦਿੰਦਾ ਸੀ ਰੋਜ਼ਾਨਾ ਦੇ ਸਿਰਫ 9 ਡਾਲਰ

ਮੈਲਬਰਨ/ਏ.ਟੀ.ਨਿਊਜ਼ :-ਫੈਡਰਲ ਕੋਰਟ ਨੇ ਆਸਟ੍ਰੇਲੀਆ ਵਿੱਚ ਭਾਰਤ ਦੇ ਸਾਬਕਾ ਹਾਈ ਕਮਿਸ਼ਨਰ ਨੂੰ ਇੱਕ ਸਾਬਕਾ ਘਰੇਲੂ ਕਰਮਚਾਰੀ ਨੂੰ ਤਨਖ਼ਾਹ ਅਤੇ ਕੰਮ ਦੇ ਅਨੁਚਿਤ ਹਾਲਾਤਾਂ ਲਈ ਮੁਆਵਜ਼ੇ ਵਜੋਂ 136,000 ਡਾਲਰ ਦੇਣ ਦਾ ਹੁਕਮ ਦਿੱਤਾ ਹੈ।



ਸੀਮਾ ਸ਼ੇਰਗਿੱਲ ਅਪਰੈਲ 2015 ਵਿੱਚ ਆਸਟ੍ਰੇਲੀਆ ਆਈ ਸੀ, ਅਤੇ ਉਸ ਸਮੇਂ ਦੇ ਹਾਈ ਕਮਿਸ਼ਨਰ ਨਵਦੀਪ ਸਿੰਘ ਸੂਰੀ ਦੇ ਕੈਨਬਰਾ ਸਥਿਤ ਘਰ ਵਿੱਚ ਕੰਮ ਕਰਦਿਆਂ ਲਗਭਗ ਇੱਕ ਸਾਲ ਬਿਤਾਇਆ।

ਫੈਡਰਲ ਕੋਰਟ ਨੇ ਸੁਣਿਆ ਕਿ ਸ਼੍ਰੀਮਤੀ ਸ਼ੇਰਗਿੱਲ ਹਫ਼ਤੇ ਦੇ ਸੱਤ ਦਿਨ, ਪ੍ਰਤੀ ਦਿਨ 17.5 ਘੰਟੇ ਕੰਮ ਕਰਦੀ ਸੀ। ਉਸਦੇ ਕੰਮਾਂ ਵਿੱਚ ਘਰ ਦੀ ਸਫ਼ਾਈ ਕਰਨਾ, ਖਾਣਾ ਤਿਆਰ ਕਰਨਾ ਅਤੇ ਬਗੀਚੇ ਨੂੰ ਸਾਫ਼ ਕਰਨਾ ਸ਼ਾਮਲ ਸੀ, ਅਤੇ ਉਸਨੂੰ ਸਿਰਫ਼ ਮਿਸਟਰ ਸੂਰੀ ਦੇ ਕੁੱਤੇ ਨੂੰ ਘੁਮਾਉਣ ਲਈ ਘਰ ਤੋਂ ਬਾਹਰ ਜਾਣ ਦਿੱਤਾ ਗਿਆ ਸੀ। ਸ਼੍ਰੀਮਤੀ ਸ਼ੇਰਗਿੱਲ ਨੂੰ ਸ਼ਿਕਾਇਤ ਕਰਨ ਤੋਂ ਪਹਿਲਾਂ, ਸ਼ੁਰੂ ਵਿੱਚ ਲਗਭਗ 7.80 ਡਾਲਰ ਪ੍ਰਤੀ ਦਿਨ ਦੇ ਬਰਾਬਰ ਭੁਗਤਾਨ ਕੀਤਾ ਗਿਆ ਸੀ ਅਤੇ ਸ਼੍ਰੀਮਤੀ ਸੂਰੀ ਨੇ ਉਸਦੀ ਦਰ ਵਧਾ ਕੇ 9 ਡਾਲਰ ਪ੍ਰਤੀ ਦਿਨ ਕਰ ਦਿੱਤੀ ਸੀ।

ਕੁੱਲ ਮਿਲਾ ਕੇ, ਉਸਨੇ ਆਪਣੇ 13 ਮਹੀਨਿਆਂ ਦੇ ਕੰਮ ਲਈ ਲਗਭਗ 3,400 ਡਾਲਰ ਪ੍ਰਾਪਤ ਕੀਤੇ। ਸ਼੍ਰੀਮਤੀ ਸ਼ੇਰਗਿੱਲ ਨੇ ਭਾਰਤ ਦੇ ਰਾਜਦੂਤ ਦੇ ਤੌਰ 'ਤੇ ਕੰਮ ਕਰਦੇ ਹੋਏ ਮਿਸਟਰ ਸੂਰੀ ਲਈ ਪਹਿਲਾਂ ਕੰਮ ਕੀਤਾ ਸੀ, ਪਰ ਉਨ੍ਹਾਂ ਨੇ ਕਿਹਾ ਕਿ ਇਹ ਬਹੁਤ ਵੱਖਰਾ ਅਨੁਭਵ ਸੀ, ਕਿਉਂਕਿ ਉਹ ਅੱਠ ਬੈੱਡਰੂਮ ਵਾਲੇ ਘਰ ਦੀ ਦੇਖਭਾਲ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ।

ਸ਼੍ਰੀਮਤੀ ਸ਼ੇਰਗਿੱਲ ਨੇ ਕਿਹਾ ਕਿ ਜਦੋਂ ਉਹ ਅਤੇ ਉਸਦੀ ਪਤਨੀ ਦੂਰ ਹੁੰਦੇ ਸਨ, ਤਾਂ ਮੇਰੇ ਆਮ ਕੰਮਾਂ ਦੀ ਬਜਾਏ, ਮਿਸਟਰ ਸੂਰੀ ਜਾਂ ਉਸਦੀ ਪਤਨੀ ਆਮ ਤੌਰ 'ਤੇ ਮੈਨੂੰ ਸਮੋਸੇ ਦੇ ਵੱਡੇ ਬੈਚ ਬਣਾਉਣ ਅਤੇ ਉਹਨਾਂ ਨੂੰ ਫ੍ਰੀਜ਼ ਕਰਨ, ਜਾਂ ਚਾਂਦੀ ਦੇ ਬਰਤਨ ਸਾਫ਼ ਕਰਨ ਲਈ ਕਹਿੰਦੇ ਸਨ। ਉਸ ਨੇ ਕਿਹਾ ਕਿ ਉਹ ਮੈਨੂੰ ਕਾਲ ਕਰਦੇ ਸਨ ਅਤੇ ਜਾਂਚ ਕਰਦੇ ਸਨ, ਇਹ ਯਕੀਨੀ ਬਣਾਉਣ ਲਈ ਕਿ ਮੈਂ ਕੰਮ ਕਰ ਰਹੀ ਸੀ।

ਜਸਟਿਸ ਰੈਪਰ ਨੇ ਪਾਇਆ ਕਿ ਸ੍ਰੀ ਸੂਰੀ ਨੇ ਫੇਅਰ ਵਰਕ ਐਕਟ ਦੀਆਂ ਚਾਰ ਵੱਖ-ਵੱਖ ਧਾਰਾਵਾਂ ਦੀ ਉਲੰਘਣਾ ਕੀਤੀ ਹੈ। ਜਸਟਿਸ ਰੈਪਰ ਨੇ ਕਿਹਾ ਕਿ (ਬਾਕੀ ਸਫ਼ਾ 30 'ਤੇ)

# ਕੈਨੇਡਾ ਦੇ ਰੀਅਲ ਅਸਟੇਟ ਬਾਜ਼ਾਰ 'ਚ ਆਈ ਮੰਦੀ



ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਦੀ ਰੀਅਲ ਅਸਟੇਟ ਮਾਰਕੀਟ ਢਹਿ-ਢੇਰੀ ਹੋਣ ਦੇ ਕੰਢੇ ਪਹੁੰਚ ਗਈ ਹੈ। ਤਾਜ਼ਾ ਅੰਕੜਿਆਂ ਮੁਤਾਬਕ 2024 'ਚ ਇਸ ਸੈਕਟਰ 'ਚ ਭਾਰੀ ਮੰਦੀ ਆ ਸਕਦੀ ਹੈ। ਜਾਣਕਾਰਾਂ ਮੁਤਾਬਕ ਇਸ ਮਾਮਲੇ 'ਚ ਸਪਲਾਈ ਮੁਸ਼ਕਲ ਨਹੀਂ ਹੈ, ਸਗੋਂ ਮੰਗ ਵੱਡੀ ਮੁਸ਼ਕਲ ਹੈ। ਇਸ ਦਾ ਹੱਲ ਦੇਸ਼ 'ਚ ਆਉਣ ਵਾਲੇ ਲੋਕਾਂ ਦੀ ਗਿਣਤੀ ਨੂੰ ਘਟਾਉਣਾ ਹੈ।ਬਹੁਤ ਸਾਰੇ ਅਮੀਰ ਏਸ਼ੀਅਨ ਲੋਕ ਘਰ ਖਰੀਦਣ ਲਈ ਜ਼ਿਆਦਾ ਪੈਸਾ ਖ਼ਰਚ ਕਰਨ ਲਈ ਵੀ ਤਿਆਰ ਹਨ। ਇਸ ਲਈ ਕੰਪਨੀਆਂ ਨੂੰ ਘੱਟ ਪੈਸੇ ਦੇ ਕੇ ਘਰ ਖਰੀਦਣ ਵਾਲਿਆਂ ਦੀ ਬਜਾਏ ਵੱਧ ਪੈਸੇ ਖਰਚ ਕਰਨ ਵਾਲਿਆਂ 'ਤੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਇਹੀ ਹਾਲ ਆਸਟ੍ਰੇਲੀਆ 'ਚ ਵੀ ਦੇਖਿਆ ਜਾ ਰਿਹਾ ਹੈ, ਜਿੱਥੇ ਸਰਕਾਰ ਆਰਥਿਕ ਪੱਖੋਂ ਕਮਜ਼ੋਰ ਵਰਗ ਦੇ ਲੋਕਾਂ ਲਈ ਬਜਟ ਫ੍ਰੈਂਡਲੀ ਘਰ ਬਣਾਉਣ ਨੂੰ ਪਹਿਲ ਦੇ ਰਹੀ ਹੈ। ਇਸ ਸੋਚ ਨੂੰ ਬਦਲਣਾ ਪਵੇਗਾ। ਸੀਮਤ ਸਪਲਾਈ ਕਾਰਨ ਇੰਨੀ ਜਲਦੀ ਵੱਡੀ ਮੰਗ ਨੂੰ ਪੂਰਾ ਕਰਨਾ ਬਹੁਤ ਮੁਸ਼ਕਿਲ ਹੋਵੇਗਾ।

# ਹਜ਼ਾਰਾਂ ਫਲਸਤੀਨ ਸਮਰਥਕ ਪ੍ਰਦਰਸ਼ਨਕਾਰੀਆਂ ਵੱਲੋਂ ਵ੍ਹਾਈਟ ਹਾਊਸ ਦਾ ਘਿਰਾਓ

ਵਾਸ਼ਿੰਗਟਨ/ਏ.ਟੀ.ਨਿਊਜ਼ :ਫਲਸਤੀਨ ਸਮਰਥਕ ਪ੍ਰਦਰਸ਼ਨਕਾਰੀਆਂ ਨੇ ਵ੍ਹਾਈਟ ਹਾਊਸ ਵਾਸ਼ਿੰਗਟਨ ਡੀ.ਸੀ ਦੇ ਗੇਟਾਂ ਨੂੰ ਘੇਰ ਲਿਆ। ਦੱਸਣਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਹਮਾਸ ਅਤੇ ਇਜ਼ਰਾਈਲ ਵਿਚਕਾਰ ਭਿਆਨਕ ਯੁੱਧ ਚੱਲ ਰਿਹਾ ਹੈ। ਇਜ਼ਰਾਇਲੀ ਫੌਜ ਲਗਾਤਾਰ ਹਮਾਸ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਹੀ ਹੈ। ਇਸ ਦੌਰਾਨ ਫਲਸਤੀਨੀ ਸਮਰਥਕਾਂ ਨੇ ਅਮਰੀਕਾ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ ਅਤੇ ਵ੍ਹਾਈਟ ਹਾਊਸ ਨੂੰ ਘੇਰ ਲਿਆ। ਫਲਸਤੀਨੀ ਸਮਰਥਕਾਂ ਨੇ ਗਾਜ਼ਾ ਵਿੱਚ ਤੁਰੰਤ ਜੰਗਬੰਦੀ ਦੀ ਮੰਗ ਕੀਤੀ ਹੈ। ਪ੍ਰਦਰਸ਼ਨਕਾਰੀਆਂ ਨੇ ਇਜ਼ਰਾਈਲ ਨੂੰ ਅਮਰੀਕੀ ਸਹਾਇਤਾ ਬੰਦ ਕਰਨ ਦੀ ਮੰਗ ਵੀ ਕੀਤੀ ਹੈ। ਉਹਨਾਂ ਵਲੋਂ ਫਲਸਤੀਨ ਦੀ ਆਜ਼ਾਦੀ ਦੇ ਨਾਅਰੇ ਵੀ ਲਾਏ। ਪ੍ਰਦਰਸ਼ਨਕਾਰੀਆਂ ਨੇ ਫਲਸਤੀਨ ਦੇ ਸਮਰਥਨ ਵਿੱਚ ਵ੍ਹਾਈਟ ਹਾਊਸ ਦੇ ਸਾਹਮਣੇ ਲਾਲ ਝੰਡੇ ਲਹਿਰਾਏ। ਇਸ ਦੌਰਾਨ ਇਸ ਧਰਨੇ ਕਾਰਨ ਸੜਕਾਂ 'ਤੇ ਲੰਮਾ ਟਰੈਫਿਕ ਅਤੇ ਜਾਮ ਵੀ ਲੱਗ ਗਿਆ। ਪ੍ਰਦਰਸ਼ਨਕਾਰੀਆਂ ਨੇ 'ਦਰਿਆ ਤੋਂ ਸਮੁੰਦਰ ਤੱਕ ਫਲਸਤੀਨ ਆਜ਼ਾਦ ਹੋਵੇਗਾ' ਦੇ ਨਾਅਰੇ ਲਾਏ। ਜ਼ਿਆਦਾਤਰ ਨੌਜਵਾਨ ਫਲਸਤੀਨੀ ਝੰਡਿਆਂ ਨਾਲ ਕਾਲੇ ਅਤੇ ਚਿੱਟੇ ਕੱਪੜੇ ਪਹਿਨੇ ਸੜਕਾਂ 'ਤੇ ਉਤਰ ਆਏ। ਗਾਜ਼ਾ ਵਿੱਚ ਬੇਕਸੂਰ ਲੋਕਾਂ ਦੇ ਖੂਨ ਵਹਿਣ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਦੁਆਰਾ ਵ੍ਹਾਈਟ ਹਾਊਸ ਦੇ ਗੇਟਾਂ 'ਤੇ ਲਾਲ ਰੰਗ ਦਾ ਛਿੜਕਾਅ ਵੀ ਕੀਤਾ ਗਿਆ ਸੀ।







ਇਜ਼ਰਾਈਲ ਅਤੇ ਹਮਾਸ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੀ ਜੰਗ ਵਿੱਚ ਪਹਿਲਾਂ ਹੀ ਕਈ ਜਾਨਾਂ ਜਾ ਚੁੱਕੀਆਂ ਹਨ। ਇਜ਼ਰਾਈਲ ਹਮਾਸ ਦੇ ਨਾਲ-ਨਾਲ ਅੱਤਵਾਦੀ ਸੰਗਠਨ ਹਿਜ਼ਬੁੱਲਾ ਦੇ ਨਾਲ-ਨਾਲ ਜੰਗ ਲੜ ਰਿਹਾ ਹੈ। ਇਜ਼ਰਾਈਲ ਨੇ ਬੀਤੀ ਰਾਤ ਇਕ ਸ਼ਰਨਾਰਥੀ ਕੈਂਪ 'ਤੇ ਇੱਕ ਹੋਰ ਹਵਾਈ ਹਮਲਾ ਕੀਤਾ, ਜਿਸ ਵਿੱਚ ਘੱਟੋ-ਘੱਟ 51 ਫਲਸਤੀਨੀ ਮਾਰੇ ਗਏ ਸਨ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਮਰਨ ਵਾਲਿਆਂ ਵਿੱਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਸ਼ਾਮਿਲ ਸਨ। ਇਸ ਹਮਲੇ 'ਚ ਕਈ ਮਕਾਨ ਵੀ ਢਹਿ-ਢੇਰੀ ਹੋ ਗਏ ਅਤੇ ਇਮਾਰਤਾਂ ਵੀ ਢਹਿ-ਢੇਰੀ ਹੋ ਗਈਆਂ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਦਾਅਵਾ ਕੀਤਾ ਕਿ ਇਜ਼ਰਾਈਲੀ ਹਮਲੇ ਜਾਰੀ ਹਨ। ਹੁਣ ਤੱਕ 9,488 ਦੇ ਕਰੀਬ ਫਲਸਤੀਨੀ ਮਾਰੇ ਗਏ ਹਨ, ਜਿਨ੍ਹਾਂ ਵਿੱਚ 3,900 ਬੱਚੇ ਅਤੇ 2,509 ਔਰਤਾਂ ਸ਼ਾਮਲ ਹਨ। ਇਸ ਦੇ ਨਾਲ ਹੀ ਕਿਹਾ ਗਿਆ ਕਿ ਹਮਲੇ 'ਚ ਹੁਣ ਤੱਕ 24 ਹਜ਼ਾਰ ਤੋਂ ਵੱਧ ਲੋਕ ਜ਼ਖਮੀ ਹੋ ਚੁੱਕੇ ਹਨ।

# ਅੰਮ੍ਰਿਤਪਾਲ ਸਿੰਘ ਜੇਲ੍ਹ ਤੋਂ ਬਾਹਰ ਆ ਕੇ ਮੁੜ ਸ਼ੁਰੂ ਕਰਨਗੇ ਖ਼ਾਲਸਾ ਵਹੀਰ !

## ਬੰਦੀ ਸਿੱਖਾਂ ਦੀ ਰਿਹਾਈ ਲਈ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਅਰਦਾਸ

ਅੰਮ੍ਰਿਤਸਰ/ਏ.ਟੀ.ਨਿਊਜ਼: ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਮਾਤਾ ਬੀਬੀ ਬਲਵਿੰਦਰ ਕੌਰ ਵੱਲੋਂ ਡਿਬਰੂਗੜ ਜੇਲ੍ਹ ਗੁਹਾਟੀ ਵਿੱਚ ਨਜ਼ਰਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜ ਤਖ਼ਤ ਸਾਹਿਬਾਨਾਂ ਤੇ ਅਰਦਾਸ ਸਮਾਗਮ ਕਰਨ ਦੀ ਸ਼ੁਰੂਆਤ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਅਰਦਾਸ ਸਮਾਗਮ ਨਾਲ ਸ਼ੁਰੂ ਹੋਈ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਬੰਦੀ ਛੋੜ ਦਾਤੇ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਰਨ ਕਮਲਾਂ ਵਿੱਚ ਅਰਦਾਸ ਬੇਨਤੀ ਕੀਤੀ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਵਿਰੁੱਧ ਹਕੂਮਤਾਂ ਵੱਲੋਂ ਬੁਣੇ ਝੂਠ ਦੇ ਜਾਲ ਨੂੰ ਕੱਟਣ ਦੀ ਸਤਿਗੁਰੂ ਸਾਹਿਬ ਕਿਰਪਾ ਕਰੋ ਜੀ ਤੇ ਬੇਨਤੀ ਕੀਤੀ ਗਈ ਕਿ ਭਾਈ ਅੰਮ੍ਰਿਤਪਾਲ ਸਿੰਘ ਬਾਹਰ ਆ ਕੇ ਖ਼ਾਲਸਾ ਵਹੀਰ ਪੁਰਾਣੇ ਜਾਹੋ ਜਲਾਲ ਨਾਲ ਮੁੜ ਸ਼ੁਰੂ ਕਰਨ ਅਤੇ ਨਸ਼ਿਆਂ ਵਿੱਚ ਗ਼ਲਤਾਨ ਨੌਜਵਾਨੀ ਇਸ ਦਲਦਲ ਵਿੱਚੋਂ ਬਾਹਰ ਆ ਕੇ ਕਲਗ਼ੀਧਰ ਪਾਤਸ਼ਾਹ ਵੱਲੋਂ ਬਖ਼ਸ਼ੀ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਖ਼ਾਲਸਾ ਵਹੀਰ ਦੇ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਵਿੱਚ ਰੁੱਝ ਜਾਵੇ। ਅਰਦਾਸ ਸ਼੍ਰੋਮਣੀ ਕਮੇਟੀ ਦੇ ਅਰਦਾਸੀਏ ਸਿੰਘ ਵੱਲੋਂ ਕੀਤੀ ਗਈ। ਸਮਾਗਮ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਸਰਦਾਰ ਤਰਸੇਮ ਸਿੰਘ, ਬਾਬਾ ਬਖ਼ਸ਼ੀਸ਼ ਸਿੰਘ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਕਿਸਾਨ ਮੋਰਚੇ ਦੇ ਹੀਰੋ ਜੰਗੀ ਬਾਬਾ ਹਰਦੀਪ ਸਿੰਘ ਉਰਫ਼ ਚੜ੍ਹਤ ਸਿੰਘ ਖ਼ਾਲਸਾ, ਰਜਿੰਦਰ ਸਿੰਘ ਖ਼ਾਲਸਾ, ਕੁਲਵਿੰਦਰ ਸਿੰਘ ਖ਼ਾਲਸਾ, ਖ਼ਾਲਸਾ ਵਹੀਰ ਦੇ ਪੰਜਾਂ ਪਿਆਰਿਆਂ ਦੇ ਦੋਵੇਂ ਸਿੰਘ, ਬਾਬਾ ਫ਼ਤਿਹ ਸਿੰਘ ਜੀ ਦੇ ਜਥੇ, ਮਿਸਲ ਸਿੰਘ ਸ਼ਹੀਦਾਂ ਦੇ ਸਿੰਘਾਂ ਦਾ ਮਿਸ਼ਨ ਪੰਜਾਬ ਦਾ ਪੂਰਾ ਜਥਾ, ਕੁਲਦੀਪ ਸਿੰਘ ਵਿਰਕ ਸਮੇਤ ਭਾਈ ਬਲਵੰਤ ਸਿੰਘ ਗੋਪਾਲਾ ਦਾ ਜਥਾ ਅਤੇ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਬੰਦ ਸਿੰਘਾਂ ਦੇ ਪਰਿਵਾਰਾਂ ਸਮੇਤ ਅਨੇਕਾਂ ਸਿੰਘ ਵੀ ਸਿੰਘਣੀਆਂ ਦੇ ਨਾਲ ਸ਼ਾਮਲ ਹੋਏ ।



## ਸੰਸਦ 'ਚ ਸਿੱਖ ਕਤਲੇਆਮ ਦਾ ਮਤਾ ਲਿਆਵੇ ਕੇਂਦਰ: ਜਥੇਦਾਰ ਅਕਾਲ ਤਖ਼ਤ

### ਨਵੰਬਰ 1984 ਹਿੰਸਾ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇਣ 'ਤੇ ਸਕਾਟਲੈਂਡ ਸਰਕਾਰ ਦਾ ਕੀਤਾ ਧੰਨਵਾਦ

ਅੰਮ੍ਰਿਤਸਰ/ਏ.ਟੀ.ਨਿਊਜ਼ :ਨਵੰਬਰ 1984 ਸਿੱਖ ਕਤਲੇਆਮ ਦੀ ਚੱਲ ਰਹੀ ਵਰ੍ਹੇਗੰਢ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਨਵੰਬਰ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਵਿੱਚ ਸੰਸਦ ਵਿੱਚ ਮਤਾ ਲਿਆਵੇ । ਉਨ੍ਹਾਂ ਕਿਹਾ ਕਿ ਨਵੰਬਰ '84 ਵਿੱਚ ਸਮੂਹਿਕ ਕਤਲੇਆਮ ਲਈ ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਵੋਟਰ ਸੂਚੀਆਂ ਦੀ ਵਰਤੋਂ ਕਰਨਾ ਅਤੇ ਪੁਲਿਸ ਵੱਲੋਂ ਸਿੱਖਾਂ ਵਿਰੁੱਧ ਹਿੰਸਾ ਦੌਰਾਨ ਮੂਕ ਬਣੇ ਰਹਿਣਾ ਵੀ ਸਿੱਖ ਨਸਲਕੁਸ਼ੀ ਦੇ ਪ੍ਰਤੱਖ ਪ੍ਰਮਾਣ ਹਨ। ਉਨ੍ਹਾਂ ਕਿਹਾ ਕਿ 39 ਸਾਲ ਬੀਤਣ ਮਗਰੋਂ ਸਿੱਖਾਂ ਦੇ ਕਾਤਲ ਖੁੱਲ੍ਹੇਆਮ ਘੁੰਮ ਰਹੇ ਹਨ ਅਤੇ ਪੀੜਤ ਇਨਸਾਫ਼ ਲਈ ਅਦਾਲਤਾਂ ਵਿੱਚ ਧੱਕੇ ਖਾਂਦੇ ਹੋਏ ਇਸ ਜਹਾਨ ਤੋਂ ਰੁਖ਼ਸਤ ਹੋ ਰਹੇ ਹਨ।



ਹਾਲ ਹੀ ਵਿੱਚ ਸਕਾਟਲੈਂਡ ਦੀ ਸੰਸਦ ਵਿੱਚ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਨੂੰ 'ਸਿੱਖ ਵਿਰੋਧੀ ਹਿੰਸਾ' ਵਜੋਂ ਮਾਨਤਾ ਦੇਣ 'ਤੇ ਸਕਾਟਲੈਂਡ ਸਰਕਾਰ ਦਾ ਧੰਨਵਾਦ ਕਰਦਿਆਂ ਜਥੇਦਾਰ ਨੇ ਆਖਿਆ ਕਿ ਸਿੱਖਾਂ ਨਾਲ ਵਾਪਰੇ ਇਸ ਤੀਜੇ ਘੱਲੂਘਾਰੇ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਹੋਰਨਾਂ ਦੇਸ਼ਾਂ ਨੂੰ ਵੀ ਅਜਿਹੀ ਪਹਿਲਕਦਮੀ ਕਰਨੀ ਚਾਹੀਦੀ ਹੈ।

## ਨਵੰਬਰ '84 ਦੇ ਸ਼ਹੀਦਾਂ ਦੀ ਯਾਦ 'ਚ ਸ਼੍ਰੋਮਣੀ ਕਮੇਟੀ ਨੇ ਕਰਵਾਇਆ ਸਮਾਗਮ

### 39 ਸਾਲ ਮਗਰੋਂ ਵੀ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ: ਧਾਮੀ

ਅੰਮ੍ਰਿਤਸਰ/ ਏ.ਟੀ.ਨਿਊਜ਼: ਨਵੰਬਰ 1984 'ਚ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋਏ ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਨੇ ਨਵੰਬਰ 1984 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇਸ ਨੂੰ ਸਿੱਖ ਕੌਮ 'ਤੇ ਹੋਇਆ ਵੱਡਾ ਹਮਲਾ ਕਿਹਾ। ਉਨ੍ਹਾਂ ਕਿਹਾ ਕਿ ਦੇਸ਼ 'ਤੇ ਜਦੋਂ ਵੀ ਭੀੜ ਬਣੀ ਤਾਂ ਸਭ ਤੋਂ ਵੱਧ ਕੁਰਬਾਨੀਆਂ ਸਿੱਖ ਕੌਮ ਨੇ ਦਿੱਤੀਆਂ ਪ੍ਰੰਤੂ ਦੇਸ਼ ਅੰਦਰ ਹੀ ਸਿੱਖਾਂ ਨੂੰ ਹਮੇਸ਼ਾ ਬੇਗਾਨਗੀ ਦਾ ਅਹਿਸਾਸ ਕਰਵਾਇਆ ਗਿਆ।ਉਨ੍ਹਾਂ ਕਿਹਾ ਕਿ ਨਵੰਬਰ 1984 ਦਾ ਦੁਖਾਂਤ ਅਤਿ ਦੁਖਦਾਈ ਸੀ, ਜਿਸ ਨੂੰ ਕੌਮ ਕਦੇ ਵੀ ਭੁਲਾ ਨਹੀਂ ਸਕਦੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਨਵੰਬਰ 1984 ਵਿਚ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਸਮੇਂ ਦੀ ਕਾਂਗਰਸ ਸਰਕਾਰ ਦੀ ਸ਼ਹਿ 'ਤੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਉਨ੍ਹਾਂ ਕਾਂਗਰਸ ਦੇ ਪੰਜਾਬ ਪ੍ਰਧਾਨ ਰਾਜਾ ਵੜਿੰਗ ਵੱਲੋਂ ਸਿੱਖ ਕਤਲੇਆਮ ਵਿੱਚ ਕਾਂਗਰਸੀ ਆਗੂ ਕਮਲਨਾਥ ਨੂੰ ਬੇਦੋਸ਼ਾ ਸਾਬਤ ਕਰਨ ਦੇ ਬਿਆਨ ਦੀ ਵੀ ਕਰੜੀ ਆਲੋਚਨਾ ਕੀਤੀ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਦੀ ਸ਼ਹਿ 'ਤੇ ਕੀਤਾ ਗਿਆ ਇਹ ਮਾਨਵਤਾ ਵਿਰੋਧੀ ਕਰੂਰ ਕਾਰਾ ਸੀ ਜਿਸ ਤੋਂ ਕਾਂਗਰਸ ਕਦੇ ਵੀ ਬਰੀ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਉੱਚ ਅਹੁਦੇ ਦੇ ਕੇ ਕਾਂਗਰਸ ਉਨ੍ਹਾਂ ਦੀ ਪੁਸ਼ਤਪਨਾਹੀ ਕਰ ਰਹੀ ਹੈ। ਉਨ੍ਹਾਂ ਹਾਲ ਹੀ ਵਿੱਚ ਪੰਜਾਬ ਦੇ ਕਾਂਗਰਸ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਵੱਲੋਂ ਕਮਲਨਾਥ ਦਾ ਦਿੱਲੀ ਕਤਲੇਆਮ ਵਿੱਚ ਕੋਈ ਰੋਲ ਨਾ ਹੋਣ ਦੇ ਬਿਆਨ ਨੂੰ ਵੀ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਕਰਾਰ ਦਿੱਤਾ।ਰਾਜਾ ਵੜਿੰਗ ਦੇ ਬਿਆਨ ਨਾਲ ਕਾਂਗਰਸ ਆਗੂਆਂ ਦਾ ਸਿੱਖ ਵਿਰੋਧੀ ਚਿਹਰਾ ਇੱਕ ਵਾਰ ਫਿਰ ਸਾਹਮਣੇ ਆ ਗਿਆ ਹੈ।

## ਹੈਲੀਕਾਪਟਰ ਰਾਹੀਂ ਦਰਬਾਰ ਸਾਹਿਬ 'ਤੇ ਫੁੱਲਾਂ ਦੀ ਵਰਖਾ ਦਾ ਮਾਮਲਾ

### ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਗ਼ਲਤੀ ਹੋਈ, ਅਗਾਂਹ ਤੋਂ ਦਰਬਾਰ ਸਾਹਿਬ ਉੱਪਰ ਨਹੀਂ ਉੱਡੇਗਾ ਜਹਾਜ਼



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਮੌਕੇ ਨਗਰ ਕੀਰਤਨ ਦੌਰਾਨ ਹੈਲੀਕਾਪਟਰ ਰਾਹੀਂ ਦਰਬਾਰ ਸਾਹਿਬ ਉੱਤੇ ਫੁੱਲਾਂ ਦੀ ਵਰਖਾ ਕਰਨ ਦਾ ਮਾਮਲਾ ਭਖਿਆ ਹੋਇਆ ਹੈ। ਦੋਸ਼ ਹੈ ਕਿ ਇਸ ਪਰਿਵਾਰ ਵੱਲੋਂ ਮਰਿਆਦਾ ਦਾ ਖਿਆਲ ਨਹੀਂ ਰੱਖਿਆ ਗਿਆ ਸੀ।

ਹੈਲੀਕਾਪਟਰ ਵਿੱਚ ਬੈਠੇ ਲੋਕਾਂ ਨੇ ਸਿਰ ਨਹੀਂ ਢੱਕੇ ਹੋਏ ਸਨ। ਵਿਵਾਦਾਂ ਵਿੱਚ ਘਿਰੀ ਇਹ ਵੀਡੀਓ ਵਾਇਰਲ ਹੋਣ ਪਿੱਛੋਂ ਕੁਝ ਪੰਥਕ ਜਥੇਬੰਦੀਆਂ ਨੇ ਸਖ਼ਤ ਇਤਰਾਜ਼ ਕੀਤਾ ਸੀ। ਹੁਣ ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਕਿਹਾ ਕਿ ਸਾਥੋਂ ਗਲਤੀ ਹੋਈ ਹੈ। ਭਵਿੱਖ ਵਿੱਚ ਇਸ ਦਾ ਖਿਆਲ ਰੱਖਿਆ ਜਾਵੇਗਾ। ਸੇਵਾ ਕਰਨ ਵਾਲਿਆਂ ਦੀ ਭਾਵਨਾ ਵਿੱਚ ਕੋਈ ਖੋਟ ਨਹੀਂ ਸੀ। ਇਹ ਪਰਿਵਾਰ ਸੇਵਾ ਦੀ ਭਾਵਨਾ ਨਾਲ ਆਇਆ ਸੀ। ਅੱਗੇ ਤੋਂ ਇਹ ਲਿਖਤੀ ਰੂਪ ਵਿੱਚ ਜਾਰੀ ਕਰ ਦਿੱਤਾ ਜਾਵੇਗਾ ਕਿ ਕੋਈ ਵੀ ਦਰਬਾਰ ਸਾਹਿਬ ਉੱਤੇ ਇਸ ਤਰ੍ਹਾਂ ਫੁੱਲਾਂ ਦੀ ਵਰਖਾ ਨਹੀਂ ਕਰੇਗਾ।

## ਰਣਜੀਤ ਨਗਾਰਾ ਜਥੇਬੰਦੀ ਨੇ ਜਿਹਲਮ ਵਿਖੇ ਪੈਸੇ ਦੇਕੇ ਮਾਤਾ ਸਾਹਿਬ ਕੌਰ ਦਾ ਅਸਥਾਨ ਮੁਕਤ ਕਰਵਾਇਆ

### ਪਾਕਿ 'ਚ ਪਹਿਲੀ ਵਾਰ ਖ਼ਰੀਦੀ ਖ਼ਾਲਸਾ ਪੰਥ ਦੇ ਨਾਂਅ 'ਤੇ 3.5 ਏਕੜ ਭੂਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਪਾਕਿਸਤਾਨ ਦੇ ਜ਼ਿਲ੍ਹਾ ਜਿਹਲਮ ਵਿਖੇ ਇਤਿਹਾਸਕ ਰੋਹਤਾਸ ਕਿਲ੍ਹੇ ਦੇ ਅੰਦਰ ਮੌਜੂਦ ਪਹਿਲੀ ਪਾਤਸ਼ਾਹੀ ਨਾਲ ਸੰਬੰਧਿਤ ਯਾਦਗਾਰ ਗੁਰਦੁਆਰਾ ਚੋਆ ਸਾਹਿਬ ਦੀ ਸੁੰਦਰੀਕਰਨ ਅਤੇ ਨਵਉਸਾਰੀ ਮੁਕੰਮਲ ਕਰਵਾਉਣ ਵਾਲੀ ਮਨਟੀਕਾ, ਕੈਲੀਫੋਰਨੀਆ (ਯੂ. ਐੱਸ. ਏ.) ਆਧਾਰਿਤ ਸੰਸਥਾ ਰਣਜੀਤ ਨਗਾਰਾ ਵੱਲੋਂ ਜਲਦੀ ਕਿਲ੍ਹੇ ਵਿੱਚ ਮੌਜੂਦ ਗੁਰਦੁਆਰਾ ਜਨਮ ਅਸਥਾਨ ਮਾਤਾ ਸਾਹਿਬ ਕੌਰ ਨੂੰ ਵਿਸ਼ਾਲ ਰੂਪ ਦਿੱਤੇ ਜਾਣ ਦੇ ਉਪਰਾਲੇ ਕੀਤੇ ਜਾ ਰਹੇ ਹਨ।ਉਕਤ ਜਥੇਬੰਦੀ ਨੇ ਦੇਸ਼ ਦੀ ਵੰਡ ਦੇ ਬਾਅਦ ਪਹਿਲੀ ਵਾਰ ਪਾਕਿ ਵਿੱਚ ਖ਼ਾਲਸਾ ਪੰਥ ਦੇ ਨਾਂਅ 'ਤੇ 3.5 ਏਕੜ ਭੂਮੀ ਖਰੀਦੀ ਹੈ । ਜਿਸ 'ਤੇ ਰਣਜੀਤ ਨਗਾਰਾ ਸਮੇਤ ਕਿਸੇ ਵੀ ਹੋਰ ਜਥੇਬੰਦੀ ਜਾਂ ਸਰਕਾਰੀ ਅਦਾਰੇ ਦਾ ਖ਼ਾਲਸਾ ਪੰਥ ਦੇ ਇਲਾਵਾ ਅਧਿਕਾਰ ਨਹੀਂ ਹੋਵੇਗਾ। ਉਕਤ ਜਥੇਬੰਦੀ ਦੇ ਡਾਇਰੈਕਟਰ ਸਤਪ੍ਰੀਤ ਸਿੰਘ ਨੇ ਦੱਸਿਆ ਕਿ ਕਿਲ੍ਹਾ ਰੋਹਤਾਸ ਦੇ ਖ਼ਾਸ਼ਕਾਨੀ ਅਤੇ ਕਸ਼ਮੀਰੀ ਗੇਟ ਦੇ ਵਿਚਕਾਰ ਸਥਾਪਿਤ ਮਾਤਾ ਸਾਹਿਬ ਕੌਰ ਜੀ ਦਾ ਜਨਮ ਅਸਥਾਨ ਸਿਰਫ਼ 10 ਫੁੱਟ ਗੁਣਾ 10 ਫੁੱਟ ਦੇ ਸਾਧਾਰਨ ਦੇ ਕਮਰੇ ਵਿੱਚ ਮੌਜੂਦ ਸੀ ।ਉਨ੍ਹਾਂ ਦੱਸਿਆ ਕਿ ਉਕਤ ਮੁਕੱਦਸ ਅਸਥਾਨ 'ਤੇ ਜਿਹਲਮ ਦੀ ਬੀਬੀ ਪਰਵੀਨ ਅਖ਼ਤਰ ਅਤੇ ਉਸ ਦੇ ਪੁੱਤਰਾਂ ਮੁਹੰਮਦ ਜਾਸਿਰ ਤੇ ਮੁਹੰਮਦ ਹਨੀਫ਼ ਦਾ ਕਬਜ਼ਾ ਕਾਇਮ ਸੀ। ਜਿਨ੍ਹਾਂ ਨੂੰ ਜਿਹਲਮ ਦੇ ਡਿਪਟੀ ਕਮਿਸ਼ਨਰ ਰਾਓ ਪਰਵੇਜ਼ ਅਖ਼ਤਰ, ਸਹਾਇਕ ਕਮਿਸ਼ਨਰ ਵੱਕਾਰ ਹੁਸੈਨ, ਪੁਰਾਤਤਵ ਵਿਭਾਗ ਦੇ ਅਧਿਕਾਰੀ ਇਮਰਾਨ ਮਸੂਦ ਅਤੇ ਰਾਜਾ ਵੱਕਾਰ ਦੀ ਮੌਜੂਦਗੀ 'ਚ 20 ਲੱਖ ਰੁਪਏ ਦੀ ਅਦਾਇਗੀ ਕਰਕੇ ਇਹ ਅਸਥਾਨ ਕਬਜ਼ਾ ਮੁਕਤ ਕਰਵਾਇਆ ਗਿਆ । ਇਸ ਦੇ ਬਾਅਦ ਉਕਤ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਹੋਰ ਲੱਖਾਂ ਰੁਪਇਆਂ ਦੀ ਅਦਾਇਗੀ ਕਰਕੇ ਜਨਮ ਅਸਥਾਨ ਦੇ ਨਾਲ ਲਗਦੀ 3.5 ਏਕੜ ਭੂਮੀ ਖਰੀਦੀ ਗਈ ਤਾਂ ਕਿ ਅਸਥਾਨ ਨੂੰ ਵਿਸ਼ਾਲ

(ਬਾਕੀ ਸਫ਼ਾ 30 'ਤੇ)



# ਸੰਗਤਾਂ ਸਾਹਿਬਜ਼ਾਦਿਆਂ ਦਾ ਸਵਾਂਗ ਰਚਦੀ ਦਾਸਤਾਨ-ਏ-ਸਰਹੰਦ ਨਹੀਂ ਚੱਲਣ ਦੇਣਗੀਆਂ : 41 ਸਿੱਖ ਸੰਸਥਾਵਾਂ ਤੇ ਸਖਸ਼ੀਅਤਾਂ

ਸਾਹਿਬਜ਼ਾਦਿਆਂ ਦਾ ਸਵਾਂਗ ਰਚਦੀ ਦਾਸਤਾਨ-ਏ-ਸਰਹੰਦ ਫਿਲਮ ਵਿਰੁੱਧ ਸਿੱਖ ਸੰਗਤਾਂ ਦਾ ਰੋਹ ਪ੍ਰਚੰਡ ਹੁੰਦਾ ਜਾ ਰਿਹਾ ਹੈ। ਇਹ ਫਿਲਮ ਕਈ ਸ਼ਹਿਰਾਂ ਵਿਚੋਂ ਸਿੱਖ ਸੰਗਤਾਂ ਵੱਲੋਂ ਬੰਦ ਕਰਵਾਈ ਜਾ ਚੁੱਕੀ ਹੈ। ਇਸੇ ਦੌਰਾਨ 41 ਸਿੱਖ ਸੰਸਥਾਵਾਂ, ਜਥਿਆਂ ਅਤੇ ਸਖਸ਼ੀਅਤਾਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਜਾਗਰੂਕ ਸਿੱਖ ਸੰਗਤ ਸਾਹਿਬਜ਼ਾਦਿਆਂ ਦਾ ਸਵਾਂਗ ਰਚਦੀ ਦਾਸਤਾਨ-ਏ-ਸਰਹੰਦ ਨਹੀਂ ਚੱਲਣ ਦੇਵੇਗੀ।

ਜ਼ਿਕਰਯੋਗ ਹੈ ਕਿ ਇਸ ਫਿਲਮ ਵਿੱਚ ਬਾਲ ਕਲਾਕਾਰਾਂ ਕੋਲੋਂ ਸਾਹਿਬਜ਼ਾਦਿਆਂ ਦੀਆਂ ਨਕਲਾਂ ਲੁਹਾ ਕੇ ਉਹਨਾਂ ਨੂੰ ਹਰਕਤ ਨਕਲ ਵਿਧੀ (ਮੋਸ਼ਨ ਕੈਪਚਰ ਤਕਨੀਕ) ਰਾਹੀਂ ਐਨੀਮੇਸ਼ਨ ਦਾ ਰੂਪ ਦਿੱਤਾ ਗਿਆ ਹੈ। ਇਸ ਫਿਲਮ ਦਾ ਬੀਤੇ ਸਾਲ ਵੀ ਸੰਗਤ ਵੱਲੋਂ ਸਖਤ ਵਿਰੋਧ ਹੋਇਆ ਸੀ ਜਿਸ ਤੋਂ ਬਾਅਦ ਇਹ ਫਿਲਮ ਰੋਕ ਦਿੱਤੀ ਗਈ ਸੀ। ਸੰਗਤਾਂ ਦੀ ਪਹਿਰੇਦਾਰੀ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪਰਚਾਰ ਕਮੇਟੀ ਨੇ ਗੁਰੂ ਸਾਹਿਬਾਨ, ਗੁਰੂ ਪਰਿਵਾਰ ਅਤੇ ਚਾਰਾਂ ਸਾਹਿਬਜ਼ਾਦਿਆਂ ਨੂੰ ਫਿਲਮਾਂ, ਨਾਟਕਾਂ, ਕਾਰਟੂਨਾਂ ਜਾਂ ਐਨੀਮੇਸ਼ਨ ਕਿਸੇ ਵੀ ਵਿਧੀ ਰਾਹੀਂ ਚਿਤਰਤ ਕਰਨ ਦੀ ਮੁਕੰਮਲ ਉੱਤੇ ਪੂਰਨ ਰੋਕ ਲਗਾ ਦਿੱਤੀ ਹੈ।

ਸਿੱਖ ਜਥਾ ਮਾਲਵਾ, ਸਿੱਖ ਯੂਥ ਆਫ਼ ਪੰਜਾਬ, ਦਲ ਖ਼ਾਲਸਾ, ਸਿੱਖ ਜਥਾ ਕਾਹਨੂੰਵਾਨ ਛੰਭ, ਪੰਥ ਸੇਵਕ ਜਥਾ ਮਾਝਾ, ਸ਼੍ਰੀ ਗੁਰੂ ਨਾਨਕ ਦਰਬਾਰ ਹਵੇਲੀ ਕਲਾਂ ਰੋਪੜ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ (ਚੌਂਤਾ ਕਲਾਂ), ਵਿਦਿਆਰਥੀ ਜਥੇਬੰਦੀ ਸੱਥ, ਸਿੱਖ ਯੂਥ ਪਾਵਰ ਆਫ ਪੰਜਾਬ, ਸੈਫ਼ੀ ਪੰਚ ਪ੍ਰਧਾਨੀ, ਏਕ ਨੂਰ ਖਾਲਸਾ ਫੌਜ, ਗਿਆਨ ਖੜਗ ਵੈੱਲਫੇਅਰ ਸੁਸਾਇਟੀ, ਗੋਸਟਿ ਸਭਾ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਦਰਬਾਰ-ਏ-ਖਾਲਸਾ, ਨੀਸਾਣਿ ਪ੍ਰਕਾਸ਼ਨ, ਪੰਥ ਸੇਵਕ ਜਥਾ ਮਾਝਾ, ਮੀਰੀ ਪੀਰੀ ਸੇਵਕ ਜਥਾ ਨਵਾਂਸ਼ਹਿਰ, ਮੀਰੀ ਪੀਰੀ ਸੇਵਾ ਦਲ ਮਾਲਵਾ ਜੋਨ, ਲੱਖੀ ਜੰਗਲ ਖਾਲਸਾ ਜਥਾ, ਅਦਾਰਾ ਸਿੰਘਨਾਦ ਟੀਵੀ ਅਤੇ ਰੇਡੀਓ, ਵਾਰਿਸ ਪੰਜਾਬ ਦੇ (ਹਰਨੇਕ ਸਿੰਘ), ਮੀਰੀ ਪੀਰੀ ਜੱਥਾ ਅਕੈਡਮੀ ਦਿੱਲੀ, ਅਦਾਰਾ ਸਿੱਖ ਸਿਆਸਤ, ਨਿਰਮਲ ਸੰਪਰਦਾਇ (ਰਾਜਿਆਣਾ), ਸਤਿਕਾਰ ਸਭਾ ਹਰਿਆਣਾ, ਬਾਬਾ ਦੀਪ ਸਿੰਘ ਗ੍ਰੰਥੀ ਸਭਾ ਪੰਜਾਬ, ਭਾਈ ਘਨਈਆ ਗ੍ਰੰਥੀ ਸਭਾ, ਅਦਾਰਾ ਆਪਣਾ ਸਾਂਝਾ ਪੰਜਾਬ ਟੀ.ਵੀ, ਗੁਰੂ ਕੀ ਮਟੀਲੀ (ਬਾਘਾਪੁਰਾਣਾ), ਪੰਥ ਸੇਵਕ ਬਾਬਾ ਹਰਦੀਪ ਸਿੰਘ ਮਹਿਰਾਜ, ਅਮਰਦੀਪ ਸਿੰਘ (ਸਿੱਖ ਕਾਰਕੁਨ), ਸਰਬਜੀਤ ਸਿੰਘ ਘੁਮਾਣ (ਸਿੱਖ ਵਿਚਾਰਕ ਤੇ ਲੇਖਕ), ਸਾਗਰ ਸਿੰਘ (ਪੰਥਕ ਅਕਾਲੀ ਲਹਿਰ), ਸੁਖਜੀਤ ਸਿੰਘ (ਸਿੱਖ ਲੇਖਕ), ਹੁਸ਼ਿਆਰ ਸਿੰਘ ਝੰਡਾ ਕਲਾਂ (ਪੰਥ ਸੇਵਕ), ਗਿਆਨੀ ਗੁਰਤੇਜ ਸਿੰਘ ਖੜਿਆਲ (ਦਮਦਮੀ ਟਕਸਾਲ), ਗੁਰਜੰਟ ਸਿੰਘ (ਖੋਜੀ ਅਤੇ ਲੇਖਕ), ਗੁਰਮੀਤ ਸਿੰਘ ਰਾਂਚੀ (ਸਿੱਖ ਕਾਰਕੁੰਨ ਅਤੇ ਵਿਚਾਰਕ), ਦੀਪ ਸਿੰਘ ਦਿੱਲੀ (ਸਿੱਖ ਕਾਰਕੁੰਨ) ਅਤੇ ਸਿੱਖ ਵਿਚਾਰਕ ਰਾਜਪਾਲ ਸਿੰਘ ਵੱਲੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਗੁਰੂ ਸਾਹਿਬਾਨ, ਉਹਨਾਂ ਦੇ ਮਾਤਾ-ਪਿਤਾ, ਗੁਰੂ ਕੇ ਮਹਿਲ, ਸਾਹਿਬਜ਼ਾਦੇ, ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਦੀਆਂ ਨਕਲਾਂ ਲਾਹੁਣ ਅਤੇ ਸਵਾਂਗ ਰਚਣ ਦੀ ਗੁਰਮਤਿ ਅਨੁਸਾਰ ਸਖਤ ਮਨਾਹੀ ਹੈ। ਗੁਰੂ ਸਾਹਿਬ ਦੀਆਂ ਮਨ ਘੜਤ ਤਸਵੀਰਾਂ ਨੂੰ ਦਿੱਤੀ ਗੈਰ ਸਿਧਾਂਤਕ ਪ੍ਰਵਾਨਗੀ ਗੁਰੂ ਸਾਹਿਬ, ਸਾਹਿਬਜ਼ਾਦਿਆਂ ਅਤੇ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਤੇ ਸ਼ਹੀਦਾਂ ਦੀਆਂ ਨਕਲਾਂ ਲਾਹੁਣ ਤੇ ਸਵਾਂਗ ਰਚਣ ਦੇ ਕੁਰਾਹੇ ਦਾ ਆਧਾਰ ਬਣ ਗਈ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਸਾਲ 2005 ਤੋਂ ਲਗਾਤਾਰ ਅਜਿਹੀਆਂ ਸਵਾਂਗ ਰਚਦੀਆਂ ਫਿਲਮਾਂ ਦਾ ਸੁਹਿਰਦ ਸਿੱਖਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਇਸੇ ਸਦਕਾ ਅਜਿਹੀਆਂ ਫ਼ਿਲਮਾਂ ਬੰਦ ਵੀ ਹੋਈਆਂ ਹਨ। 2005 ਵਿੱਚ ਵੀ ਕਈ ਸੁਹਿਰਦ ਸਿੱਖ ਹਿੱਸਿਆਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਸਾਹਿਬ ਨੂੰ ਇਹ ਲਿਖਤੀ ਬੇਨਤੀ ਕੀਤੀ ਗਈ ਸੀ ਕਿ ਇਸ ਕੁਰਾਹੇ ਨੂੰ ਇੱਥੇ ਹੀ ਠੱਲ੍ਹ ਪਾਉਣ ਲਈ ਇਸ ਫਿਲਮ ਉਪਰ ਰੋਕ ਲਗਾਈ ਜਾਵੇ ਨਹੀਂ ਤਾਂ ਭਵਿੱਖ ਵਿੱਚ ਇਸ ਦੇ ਮਾਰੂ ਨਤੀਜੇ ਭੁਗਤਣੇ ਪੈ ਸਕਦੇ ਹਨ ਪਰ ਹੁਣ ਤੱਕ ਅਜਿਹਾ ਕੋਈ ਵੀ ਠੋਸ ਫੈਸਲਾ ਅਕਾਲ ਤਖ਼ਤ ਸਾਹਿਬ ਤੋਂ ਨਹੀਂ ਹੋਇਆ ਜਿਸ ਕਰਕੇ ਨਤੀਜਾ ਇਹ ਨਿਕਲਿਆ ਕਿ ਕਾਰਟੂਨ ਫ਼ਿਲਮ 'ਸਾਹਿਬਜ਼ਾਦੇ' ਤੋਂ ਬਾਅਦ 'ਮੂਲਾ ਖੱਤਰੀ', ਚਾਰ ਸਾਹਿਬਜ਼ਾਦੇ, ਨਾਨਕ ਸ਼ਾਹ ਫਕੀਰ, ਦਾਸਤਾਨ-ਏ-ਮੀਰੀ ਪੀਰੀ, ਮਦਰਹੁੱਡ ਸਮੇਤ ਅਨੇਕਾਂ ਅਜਿਹੀਆਂ ਕਾਰਟੂਨ ਅਤੇ ਫੀਚਰ ਫਿਲਮਾਂ ਬਣੀਆਂ ਜਿਨ੍ਹਾਂ ਵਿੱਚ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਅਤੇ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਮਹਾਨ ਗੁਰਸਿੱਖਾਂ ਅਤੇ ਸ਼ਹੀਦਾਂ ਦੀਆਂ ਨਕਲਾਂ ਲਾਹੀਆਂ ਗਈਆਂ ਹਨ। ਇਸੇ ਲੜੀ ਦੇ ਤਹਿਤ ਅੱਗੇ ਭਵਿੱਖ ਵਿੱਚ ਭਾਈ ਜੈਤਾ ਜੀ ਅਤੇ ਬੀਬੀ ਰਜਨੀ ਜੀ ਬਾਰੇ ਵੀ ਬਣ ਰਹੀਆਂ ਫਿਲਮਾਂ ਦੀਆਂ ਖਬਰਾਂ ਸਾਹਮਣੇ ਆਈਆਂ ਹਨ।

ਸਿੱਖ ਸੰਸਥਾਵਾਂ, ਜਥਿਆਂ ਤੇ ਸਖਸ਼ੀਅਤਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ 'ਦਾਸਤਾਨ-ਏ-ਸਰਹਿੰਦ' ਨਾਮੀ ਫਿਲਮ ਨੂੰ ਬੰਦ ਕਰਵਾਉਣ ਲਈ ਸੰਗਤਾਂ ਵੱਲੋਂ ਵੱਖ-ਵੱਖ ਥਾਵਾਂ ਤੋਂ ਮਤੇ ਪਾਏ ਗਏ, ਰੋਸ ਪ੍ਰਦਰਸ਼ਨ ਹੋਏ, ਗੋਸ਼ਟੀਆਂ ਹੋਈਆਂ, ਸਿਨੇਮੇ ਵਾਲਿਆਂ ਨੂੰ ਸੰਗਤਾਂ ਨੇ ਹੁਕਮ ਕੀਤੇ ਅਤੇ ਅਖੀਰ ਸਿੱਖ ਸੰਗਤ ਦੇ ਭਾਰੀ ਵਿਰੋਧ ਕਾਰਨ ਇਹ ਫਿਲਮ ਜਾਰੀ ਨਹੀਂ ਸੀ ਹੋ ਸਕੀ। ਉਦੋਂ 7 ਫਰਵਰੀ 2023 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣਾ ਦਸੰਬਰ (2022) ਮਹੀਨੇ ਦਾ ਮਤਾ ਜਨਤਕ ਕੀਤਾ ਗਿਆ ਜਿਸ ਵਿੱਚ ਲਿਖਿਆ ਹੈ ਕਿ ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਗੁਰੂ ਸਾਹਿਬਾਨ ਅਤੇ ਓਹਨਾਂ ਦੇ ਪਰਿਵਾਰਕ ਮੈਂਬਰਾਂ ਬਾਰੇ ਹਰ ਤਰ੍ਹਾਂ ਦੀਆਂ ਫ਼ਿਲਮਾਂ ਬਣਾਉਣ 'ਤੇ ਮੁਕੰਮਲ ਰੋਕ ਲਗਾਈ ਜਾਂਦੀ ਹੈ।

ਹੁਣ ਇਸ ਸਾਲ ਮੁੜ ਇਹ ਫਿਲਮ ਨੂੰ ਜਾਰੀ ਕਰਨ ਲਈ ਫਿਲਮ ਵਾਲਿਆਂ ਨੇ ਲੰਘੇ ਅਕਤੂਬਰ ਮਹੀਨੇ ਵਿੱਚ ਯਤਨ ਆਰੰਭ ਕੀਤੇ ਅਤੇ ਨੰਗਾ ਚਿੱਟਾ ਝੂਠ ਬੋਲ ਕੇ ਪਿਛਲੇ ਸਾਲ ਵਾਲੇ ਕੱਚੇ ਪਿੱਲੇ ਕਾਗਜ ਲੈ ਕੇ ਫਿਲਮ ਜਾਰੀ ਕਰਨ ਦੀ ਜਿੱਦ 'ਚ ਪਏ ਅਤੇ ਲੰਘੀ 3 ਨਵੰਬਰ ਨੂੰ ਫਿਲਮ ਜਾਰੀ ਕਰਨ ਦੀ ਜਿੱਦ ਕੀਤੀ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਸਭ ਦੌਰਾਨ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪਿਛਲੇ ਸਾਲ ਦੇ ਮਤੇ ਦੇ ਹਵਾਲੇ ਨਾਲ ਸਿਰਫ਼ ਇੱਕ ਬਿਆਨ ਦੇ ਕੇ ਚੁੱਪ ਵੱਟ ਲਈ ਕਿ ਅਸੀਂ ਇਸ ਫਿਲਮ ਨੂੰ ਕੋਈ ਪ੍ਰਵਾਨਗੀ ਨਹੀਂ ਦਿੱਤੀ। ਫਿਲਮ ਬੰਦ ਕਰਵਾਉਣ ਲਈ ਨਾ ਹੀ ਸ੍ਰੋ.ਗੁ.ਪ੍ਰ.ਕ. ਨੇ ਕੋਈ ਯਤਨ ਕੀਤਾ ਅਤੇ ਨਾ ਹੀ ਮੌਜੂਦਾ ਜਥੇਦਾਰ ਸਾਹਿਬਾਨ ਕੁਝ ਬੋਲੇ। ਸਿੱਖ ਸੰਗਤ ਨੇ ਲਗਾਤਾਰ ਇਸ ਨੂੰ ਰੋਕਣ ਲਈ ਆਪਣੀ ਬਣਦੀ ਭੂਮਿਕਾ ਨਿਭਾਈ ਅਤੇ ਨਿਭਾ ਰਹੀ ਹੈ ਜਿਸ ਕਰਕੇ ਇਹ ਫਿਲਮ ਪੰਜਾਬ, ਜੰਮੂ ਅਤੇ ਹੋਰਨਾਂ ਥਾਵਾਂ 'ਤੇ ਨਹੀਂ ਚੱਲ ਸਕੀ। ਪ੍ਰਸ਼ਾਸ਼ਨ ਦੇ ਪਹਿਰੇ ਹੇਠ ਵੀ ਫਿਲਮ ਚਲਾਉਣ ਦੇ ਯਤਨ ਹੋਏ ਪਰ ਸੰਗਤ ਨੇ ਸਭ ਚਕਨਾਚੂਰ ਕਰ ਦਿੱਤਾ। ਜਿੱਥੇ ਕਿਤੇ ਇਹ ਫਿਲਮ ਚਲਾਈ ਗਈ ਉਥੇ ਇੱਕਾ ਦੁੱਕਾ ਲੋਕ ਹੀ ਇਸ ਫਿਲਮ ਨੂੰ ਵੇਖਣ ਗਏ ਜਿਸ ਤੋਂ ਖਿਝਦਿਆਂ ਫਿਲਮ ਵਾਲੇ ਹੁਣ ਸਕੂਲੀ ਬੱਚਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਉਹਨਾਂ ਨੂੰ ਸਿਨੇਮੇ ਵਿੱਚ ਲਿਜਾ ਕੇ ਫਿਲਮ ਵਿਖਾ ਰਹੇ ਹਨ।

ਜਿਕਰਯੋਗ ਹੈ ਕਿ ਇਸ ਸਾਲ ਜੂਨ ਵਿੱਚ ਜਦੋਂ ਫਿਲਮ ਵਾਲਿਆਂ ਨੇ ਸ੍ਰੋ.ਗੁ.ਪ੍ਰ.ਕ ਤੋਂ ਐਨ.ਓ.ਸੀ ਮੰਗੀ ਤਾਂ ਉਹਨਾਂ ਨੂੰ ਫਿਰ ਓਹੀ ਮਤੇ ਦੇ ਹਵਾਲੇ ਨਾਲ ਲਿਖਤੀ ਜਵਾਬ ਸ੍ਰੋ.ਗੁ.ਪ੍ਰ.ਕ ਵੱਲੋਂ ਮਿਲਿਆ। ਹੁਣ ਫਿਲਮ ਵਾਲੇ ਕਹਿ ਰਹੇ ਹਨ ਕਿ ਇਹ ਮਤਾ ਇਸ ਫਿਲਮ 'ਤੇ ਲਾਗੂ ਨਹੀਂ ਹੁੰਦਾ ਬਲਕਿ ਇਸ ਤੋਂ ਅਗਲੀਆਂ ਫਿਲਮਾਂ 'ਤੇ ਲਾਗੂ ਹੋਇਗਾ। ਨੰਗਾ ਚਿੱਟਾ ਇਕ ਹੋਰ ਝੂਠ ਬੋਲਿਆ ਜਾ ਰਿਹਾ ਤੇ ਗਲਤ ਬਿਆਨੀ ਕੀਤੀ ਜਾ ਰਹੀ, ਸੰਗਤ ਨੂੰ ਗੁਮਰਾਹ ਕਰਨ ਦੇ ਕੋਝੇ ਯਤਨ ਹਨ। ਇਹ ਸਿਧਾਂਤਕ ਫੈਸਲੇ ਹਨ, ਕੋਈ ਸਰਕਾਰੀ ਕਨੂੰਨ ਨਹੀਂ ਕਿ ਨਵੀਆਂ ਭਰਤੀਆਂ 'ਤੇ ਹੀ ਲਾਗੂ ਹੋਣਗੇ ਪਿਛਲੀਆਂ 'ਤੇ ਨਹੀਂ। ਇੱਕ ਹੋਰ ਗੱਲ ਜੋ ਉਹ ਕਹਿ ਰਹੇ ਕਿ ਸਾਨੂੰ ਬੰਦ ਕਮਰੇ 'ਚ ਸ੍ਰੋ.ਗੁ.ਪ੍ਰ.ਕ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਜਥੇਦਾਰ ਅਕਾਲ ਤਖਤ ਸਾਹਿਬ ਵੱਲੋਂ ਜ਼ੁਬਾਨੀ ਮਨਜ਼ੂਰੀ ਦਿੱਤੀ ਗਈ ਹੈ।

(ਬਾਕੀ ਸਫ਼ਾ 30 'ਤੇ)

## ਗ਼ਦਰੀ ਬਾਬਿਆਂ ਦੇ ਮੇਲੇ ਵਿੱਚ 20 ਲੱਖ ਰੁਪਏ ਤੋਂ ਵੱਧ ਦੀਆਂ ਕਿਤਾਬਾਂ ਵਿਕੀਆਂ

### ਗ਼ਦਰੀ ਬਾਬਿਆਂ ਦੀਆਂ ਜੀਵਨੀਆਂ ਬਾਰੇ ਵੱਧ ਕਿਤਾਬਾਂ ਵਿਕੀਆਂ



ਜਲੰਧਰ/ਏ.ਟੀ.ਨਿਊਜ਼: ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਸਮਰਾ ਨੇ ਦੱਸਿਆ ਕਿ ਦੇਸ਼ ਭਗਤ ਹਾਲ ਵਿੱਚ 32ਵੇਂ ਗ਼ਦਰੀ ਬਾਬਿਆਂ ਦੇ ਮੇਲੇ ਦੌਰਾਨ ਜਿੱਥੇ ਵੱਖ-ਵੱਖ ਵੰਨਗੀਆਂ ਦੇ ਪ੍ਰੋਗਰਾਮ ਪੇਸ਼ ਕੀਤੇ ਗਏ, ਉੱਥੇ ਕਿਤਾਬ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਕਿਤਾਬਾਂ ਦੇ ਬਾਜ਼ਾਰ ਵਾਂਗ ਸਟਾਲ ਵੀ ਲੱਗੇ। ਉਨ੍ਹਾਂ ਕਿਹਾ ਕਿ ਕੰਪਿਊਟਰ ਯੁੱਗ ਵਿੱਚ ਬੇਸ਼ੱਕ ਨੌਜਵਾਨਾਂ ਦਾ ਰੁਝਾਨ ਡਿਜੀਟਲ ਕਿਤਾਬਾਂ ਪੜ੍ਹਨ ਦਾ ਹੈ ਪਰ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਲੱਗੇ ਸਟਾਲਾਂ ਤੋਂ ਵੀ ਕਿਤਾਬਾਂ ਖ਼ਰੀਦਣ ਦਾ ਨੌਜਵਾਨਾਂ ਵਿੱਚ ਕਾਫ਼ੀ ਰੁਝਾਨ ਦੇਖਿਆ ਗਿਆ। ਸਮਰਾ ਨੇ ਦੱਸਿਆ ਕਿ ਇਨ੍ਹਾਂ ਥਾਵਾਂ 'ਤੇ ਵੀ (ਬਾਕੀ ਸਫ਼ਾ 31 'ਤੇ)

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਖ਼ਤਰਨਾਕ ਹੈ ਸਿਆਸੀ ਆਗੂਆਂ 'ਤੇ ਜੁੱਤੀਆਂ ਸੁੱਟਣ ਦੀ ਰਾਜਨੀਤੀ

## ਜਦੋਂ ਸਿਆਸੀ ਨੇਤਾਵਾਂ ਵੱਲ ਸੁੱਟੀਆਂ ਗਈਆਂ ਜੁੱਤੀਆਂ






ਪਿਛਲੇ ਦਿਨੀਂ ਕਰਨਾਲ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਮਾਗਮ ਦੌਰਾਨ ਮੁੱਖ ਸਟੇਜ਼ ਵੱਲ ਇੱਕ ਵਿਅਕਤੀ ਵੱਲੋਂ ਜੁੱਤੀ ਸੁੱਟਣ ਦੀ ਘਟਨਾ ਨੇ ਇੱਕ ਵਾਰ ਫਿਰ ਸਭ ਦਾ ਧਿਆਨ ਰਾਜਨੀਤੀ ਵਿੱਚ ਚੱਲ ਰਹੀ ਜੁੱਤੀ ਵੱਲ ਖਿੱਚਿਆ ਗਿਆ ਹੈ। ਦਰਅਸਲ, ਇਸ ਤਰ੍ਹਾਂ ਦਾ ਮਾਮਲਾ ਪਹਿਲੀ ਵਾਰ ਸਾਹਮਣੇ ਨਹੀਂ ਆਇਆ ਹੈ। ਇਸਦੀ ਸ਼ੁਰੂਆਤ 2008 ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ 'ਤੇ ਜੁੱਤੀ ਸੁੱਟੇ ਜਾਣ ਨਾਲ ਹੋਈ ਸੀ। ਉਸ ਸਮੇਂ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ 'ਤੇ ਜੁੱਤੀ ਸੁੱਟੀ ਗਈ ਸੀ। ਬੁਸ਼ 'ਤੇ ਇੱਕ ਤੋਂ ਬਾਅਦ ਇੱਕ ਦੋ ਜੁੱਤੀਆਂ ਸੁੱਟਣ ਵਾਲੇ ਵਿਅਕਤੀ ਦਾ ਨਾਂ ਮੁੰਤਜ਼ਾਰ ਅਲ ਜ਼ੈਦੀ ਸੀ। ਉਦੋਂ ਤੋਂ ਲੈ ਕੇ ਅੱਜ ਤੱਕ ਦੇਸ਼-ਵਿਦੇਸ਼ ਦੇ ਕਈ ਆਗੂ ਇਸ ਜੁੱਤੀ ਦਾ ਸ਼ਿਕਾਰ ਹੋ ਚੁੱਕੇ ਹਨ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ, ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਅਤੇ ਸਾਬਕਾ ਕੇਂਦਰੀ ਮੰਤਰੀ ਚਿਦੰਬਰਮ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਹੋਰ ਕਈ ਆਗੂਆਂ ਨੂੰ ਇਸ ਜੁੱਤੀ ਦਾ ਸ਼ਿਕਾਰ ਹੋਣਾ ਪਿਆ ਹੈ।

2009 'ਚ ਕਾਂਗਰਸੀ ਆਗੂ ਨਵੀਨ ਜਿੰਦਲ 'ਤੇ ਵੀ ਜੁੱਤੀ ਸੁੱਟੀ ਗਈ ਸੀ। ਜੁੱਤੀ ਸੁੱਟਣ ਵਾਲਾ ਅਧਿਆਪਕ ਸੀ। 2009 ਵਿੱਚ ਹੀ ਇੱਕ ਪਾਰਟੀ ਵਰਕਰ ਨੇ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਉੱਤੇ ਚੱਪਲ ਸੁੱਟ ਦਿੱਤੀ ਸੀ।

28 ਅਪ੍ਰੈਲ 2009 ਨੂੰ, ਹਸਨ ਜ਼ਿਲ੍ਹੇ ਵਿੱਚ ਭਾਜਪਾ ਦੀ ਇੱਕ ਰੈਲੀ ਵਿੱਚ ਕਰਨਾਟਕ ਦੇ ਮੁੱਖ ਮੰਤਰੀ ਯੇਦੀਯੁਰੱਪਾ ਉੱਤੇ ਵੀ ਚੱਪਲਾਂ ਸੁੱਟੀਆਂ ਗਈਆਂ ਸਨ।

2009 ਵਿੱਚ ਇੱਕ ਪੱਤਰਕਾਰ ਨੇ ਤਤਕਾਲੀ ਕੇਂਦਰੀ ਮੰਤਰੀ ਪੀ ਚਿਦੰਬਰਮ ਉੱਤੇ ਜੁੱਤੀ ਸੁੱਟੀ ਸੀ। ਪੱਤਰਕਾਰ ਜਰਨੈਲ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਸਾਬਕਾ ਗ੍ਰਹਿ ਮੰਤਰੀ ਪੀ ਚਿਦੰਬਰਮ 'ਤੇ ਜੁੱਤੀ ਸੁੱਟੀ ਸੀ। ਜਰਨੈਲ ਸਿੰਘ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਸੀਬੀਆਈ ਵੱਲੋਂ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਤੋਂ ਨਾਰਾਜ਼ ਸਨ। ਜਰਨੈਲ ਸਿੰਘ ਨੇ ਇਸ ਮੁੱਦੇ 'ਤੇ ਗ੍ਰਹਿ ਮੰਤਰੀ ਨੂੰ ਸਵਾਲ ਪੁੱਛਿਆ ਅਤੇ ਜਦੋਂ ਉਹ ਜਵਾਬ ਤੋਂ ਸੰਤੁਸ਼ਟ ਨਹੀਂ ਹੋਏ ਤਾਂ ਉਨ੍ਹਾਂ ਨੇ ਚਿਦੰਬਰਮ 'ਤੇ ਜੁੱਤੀ ਸੁੱਟ ਦਿੱਤੀ।

15 ਅਗਸਤ 2014 ਨੂੰ ਲੁਧਿਆਣਾ ਵਿੱਚ ਇੱਕ ਕਾਨਫ਼ਰੰਸ ਦੌਰਾਨ ਵਿਕਰਮ ਸਿੰਘ ਨਾਮਕ ਨੌਜਵਾਨ ਨੇ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉੱਤੇ ਵੀ ਜੁੱਤੀ ਸੁੱਟੀ ਸੀ। ਪ੍ਰਕਾਸ਼ ਸਿੰਘ ਬਾਦਲ ਲੁਧਿਆਣਾ ਤੋਂ 50 ਕਿਲੋਮੀਟਰ ਦੂਰ ਸਥਿਤ ਪਿੰਡ ਈਸੜੂ ਵਿੱਚ ਇੱਕ ਚੋਣ ਮੀਟਿੰਗ ਨੂੰ ਸੰਬੋਧਨ ਕਰਨ ਗਏ ਸਨ। ਜਿਵੇਂ ਹੀ ਉਹ ਬੋਲਣ ਲਈ ਖੜ੍ਹੇ ਹੋਏ ਤਾਂ ਭੀੜ 'ਚ ਮੌਜੂਦ ਵਿਕਰਮ ਸਿੰਘ ਨਾਮਕ ਨੌਜਵਾਨ ਨੇ ਉਨ੍ਹਾਂ 'ਤੇ ਜੁੱਤੀ ਸੁੱਟ ਦਿੱਤੀ। ਜੁੱਤੀ ਸਟੇਜ ਤੋਂ ਕੁਝ ਮੀਟਰ ਦੂਰ ਡਿੱਗੀ ਸੀ।

26 ਅਪ੍ਰੈਲ 2009 ਨੂੰ ਗੁਜਰਾਤ ਦੇ ਅਹਿਮਦਾਬਾਦ ਵਿੱਚ ਇੱਕ ਚੋਣ ਰੈਲੀ ਦੌਰਾਨ ਇੱਕ ਨੌਜਵਾਨ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉੱਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਕੀਤੀ। ਇਸ ਵਿਅਕਤੀ ਦਾ ਨਾਂ ਹਿਤੇਸ਼ ਸੀ। ਜੁੱਤੀ ਸਟੇਜ ਤੋਂ ਕੁਝ ਦੂਰੀ 'ਤੇ ਡਿੱਗੀ ਸੀ।

ਜਨਵਰੀ 2017 'ਚ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ 'ਤੇ ਇਕ ਵਿਅਕਤੀ ਨੇ ਜੁੱਤੀ ਸੁੱਟੀ ਸੀ। ਮੁੱਖ ਮੰਤਰੀ 'ਤੇ ਉਸ ਸਮੇਂ ਜੁੱਤੀ ਸੁੱਟੀ ਗਈ, ਜਦੋਂ ਉਹ ਜਨ ਸਭਾ ਨੂੰ ਸੰਬੋਧਨ ਕਰ ਰਹੇ ਸਨ। ਇਸ ਤੋਂ ਇਲਾਵਾ 9 ਅਪ੍ਰੈਲ 2017 ਨੂੰ ਪ੍ਰੈੱਸ ਕਾਨਫਰੰਸ ਦੌਰਾਨ ਕੇਜਰੀਵਾਲ 'ਤੇ ਜੁੱਤੀ ਸੁੱਟੀ ਗਈ ਸੀ। ਉਸ ਸਮੇਂ ਉਹ ਔਡ-ਈਵਨ ਨੂੰ ਲੈ ਕੇ ਪ੍ਰੈੱਸ ਕਾਨਫਰੰਸ ਕਰ ਰਹੇ ਸਨ।

30 ਮਾਰਚ 2014 ਨੂੰ ਇੱਕ ਨੌਜਵਾਨ ਨੇ ਅਖਿਲੇਸ਼ ਯਾਦਵ 'ਤੇ ਚੱਪਲ ਸੁੱਟ ਦਿੱਤੀ ਸੀ। ਹਾਲਾਂਕਿ ਇਹ ਚੱਪਲ ਅਖਿਲੇਸ਼ ਤੋਂ ਕਾਫੀ ਦੂਰ ਮੀਡੀਆ ਗੈਲਰੀ 'ਚ ਡਿੱਗ ਗਈ ਸੀ। ਅਖਿਲੇਸ਼ ਲੋਕ ਸਭਾ ਚੋਣਾਂ 'ਚ ਵੋਟਾਂ ਇਕੱਠੀਆਂ ਕਰਨ ਲਈ ਗਾਜ਼ੀਆਬਾਦ 'ਚ ਰੈਲੀ ਕਰ ਰਹੇ ਸਨ। ਚੱਪਲਾਂ ਸੁੱਟਣ ਵਾਲਾ ਨੌਜਵਾਨ ਆਪਣੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਦਾ ਵਿਰੋਧ ਕਰ ਰਿਹਾ ਸੀ।

6 ਅਕਤੂਬਰ 2014 ਨੂੰ ਇੱਕ ਵਿਅਕਤੀ ਨੇ ਕੇਂਦਰੀ ਮੰਤਰੀ ਨਿਤਿਨ ਗਡਕਰੀ 'ਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਕੀਤੀ ਸੀ। ਉਹ ਪੁਣੇ ਦੇ ਕੋਥਰੂੜ ਇਲਾਕੇ ਵਿੱਚ ਮੀਟਿੰਗ ਨੂੰ ਸੰਬੋਧਨ ਕਰਨ ਆਏ ਸਨ। ਉਹ ਸਟੇਜ ਵੱਲ ਵਧ ਰਿਹਾ ਸੀ ਜਦੋਂ ਇੱਕ ਵਿਅਕਤੀ ਨੇ ਉਸ 'ਤੇ ਪਿੱਛਿਓਂ ਜੁੱਤੀ ਸੁੱਟ ਦਿੱਤੀ।

2014 ਦੀ ਚੋਣ ਰੈਲੀ ਦੌਰਾਨ ਭਾਜਪਾ ਦੇ ਪ੍ਰਧਾਨ ਮੰਤਰੀ ਉਮੀਦਵਾਰ ਨਰਿੰਦਰ ਮੋਦੀ ਦੀ ਸਟੇਜ ਵੱਲ ਵੀ ਇੱਕ ਨੌਜਵਾਨ ਨੇ ਜੁੱਤੀ ਸੁੱਟੀ ਸੀ।

### ਜਦੋਂ ਵਿਦੇਸ਼ੀ ਨੇਤਾਵਾਂ 'ਤੇ ਜੁੱਤੀਆਂ ਸੁੱਟੀਆਂ



ਫਰਵਰੀ 2009 ਵਿੱਚ, ਲੰਡਨ ਦੇ ਦੌਰੇ 'ਤੇ ਆਏ ਚੀਨੀ ਰਾਸ਼ਟਰਪਤੀ ਵੇਨ ਜਿਆਬਾਓ ਨੂੰ ਕੈਂਬਰਿਜ ਯੂਨੀਵਰਸਿਟੀ ਵਿੱਚ ਇੱਕ ਜਰਮਨ ਵਿਦਿਆਰਥੀ ਨੇ ਜੁੱਤੀ ਨਾਲ ਸੁੱਟ ਦਿੱਤਾ ਸੀ।

7 ਅਗਸਤ 2010 ਨੂੰ ਪਾਕਿਸਤਾਨੀ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਦੀ ਬਰਮਿੰਘਮ ਫੇਰੀ ਦੌਰਾਨ ਸਰਦਾਰ ਸ਼ਮੀਮ ਖ਼ਾਨ ਨਾਂ ਦੇ ਵਿਅਕਤੀ ਨੇ ਉਨ੍ਹਾਂ 'ਤੇ ਜੁੱਤੀ ਸੁੱਟ ਕੇ ਉਨ੍ਹਾਂ ਨੂੰ ਕਾਤਲ ਕਿਹਾ ਸੀ।

6 ਫਰਵਰੀ 2010 ਨੂੰ ਲੰਡਨ ਵਿੱਚ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਉੱਤੇ ਇੱਕ ਵਿਅਕਤੀ ਨੇ ਜੁੱਤੀ ਸੁੱਟ ਦਿੱਤੀ ਸੀ।

11 ਮਾਰਚ, 2018 ਨੂੰ, ਲਾਹੌਰ ਦੇ ਜਾਮੀਆ ਨਈਮੀਆ ਵਿੱਚ ਇੱਕ ਵਿਦਿਆਰਥੀ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਉੱਤੇ ਜੁੱਤੀ ਸੁੱਟ ਦਿੱਤੀ। ਘਟਨਾ ਤੋਂ ਬਾਅਦ ਦੋਸ਼ੀ ਵਿਦਿਆਰਥੀ ਨੇ ਨਵਾਜ਼ ਸ਼ਰੀਫ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਇਸ ਦੌਰਾਨ ਉਨ੍ਹਾਂ ਨੇ ਨਵਾਜ਼ ਸ਼ਰੀਫ ਨੂੰ ਇਸਲਾਮ ਵਿਰੋਧੀ ਕਿਹਾ। ਪੁਲਿਸ ਨੇ ਜੁੱਤੀ ਸੁੱਟਣ ਵਾਲੇ ਵਿਦਿਆਰਥੀ ਦੀ ਪਛਾਣ ਅਬਦੁਲ ਗਫੂਰ ਵਜੋਂ ਕੀਤੀ ਹੈ।

14 ਮਾਰਚ, 2018 ਨੂੰ, ਕ੍ਰਿਕਟਰ ਤੋਂ ਸਿਆਸਤਦਾਨ ਬਣੇ ਅਤੇ ਪਾਕਿਸਤਾਨ ਦੇ ਮੌਜੂਦਾ ਪ੍ਰਧਾਨ ਮੰਤਰੀ ਇਮਰਾਨ ਖਾਨ 'ਤੇ ਜੁੱਤੀ ਸੁੱਟੀ ਗਈ ਸੀ। ਖਾਨ 'ਤੇ ਜੁੱਤੀ ਸੁੱਟੇ ਜਾਣ ਦੀ ਘਟਨਾ ਉਸ ਸਮੇਂ ਵਾਪਰੀ ਜਦੋਂ ਉਹ ਪੰਜਾਬ ਸੂਬੇ ਦੇ ਗੁਜਰਾਤ ਸ਼ਹਿਰ 'ਚ ਆਯੋਜਿਤ ਇੱਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

# ਗੌਰਵ ਯਾਦਵ ਦੀ ਨਿਯੁਕਤੀ ਖ਼ਤਰੇ ਵਿੱਚ !

## ਸਾਬਕਾ ਡੀ.ਜੀ.ਪੀ. ਭਾਵਰਾ ਦੀ ਪਟੀਸ਼ਨ ਬਾਰੇ ਕੈਟ ਨੇ ਕੇਂਦਰ ਕੋਲੋਂ ਮੰਗਿਆ ਜਵਾਬ




ਨਵੀਂ ਦਿੱਲੀ/ਏ.ਟੀ.ਨਿਊਜ਼: ਪੰਜਾਬ ਦੇ ਮੌਜੂਦਾ ਡੀਜੀਪੀ ਗੌਰਵ ਯਾਦਵ ਦੀ ਨਿਯੁਕਤੀ ਨੂੰ ਲੈ ਕੇ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ (ਕੈਟ) ਵਿੱਚ ਪਟੀਸ਼ਨ 'ਤੇ ਸੁਣਵਾਈ ਹੋਈ, ਜਿਸ ਦੌਰਾਨ ਕੈਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਡੀਜੀਪੀ ਗੌਰਵ ਯਾਦਵ ਦੀ ਨਿਯੁਕਤੀ ਦੇ ਖਿਲਾਫ਼ ਪਟੀਸ਼ਨ ਸਾਬਕਾ ਡੀਜਪੀ ਵੀਰੇਸ਼ ਕੁਮਾਰ ਭਾਵਰਾ ਨੇ ਪਾਈ ਹੋਈ ਹੈ। ਇਸ ਪਟੀਸ਼ਨ 'ਤੇ ਕੈਟ ਨੇ ਕੇਂਦਰ ਸਰਕਾਰ ਦੇ ਨਾਲ-ਨਾਲ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ , ਪੰਜਾਬ ਸਰਕਾਰ ਅਤੇ ਡੀਜੀਪੀ ਯਾਦਵ ਨੂੰ ਜਵਾਬ ਦੇਣ ਲਈ ਨੋਟਿਸ ਜਾਰੀ ਕੀਤਾ ਹੈ। ਜਿਸ 'ਤੇ ਹੁਣ 15 ਦਸੰਬਰ ਨੂੰ ਸੁਣਵਾਈ ਹੋਵੇਗੀ। ਇਸ ਪਟੀਸ਼ਨ ਵਿੱਚ ਸਾਬਕਾ ਡੀਜੀਪੀ ਨੇ ਪੰਜਾਬ ਸਰਕਾਰ 'ਤੇ ਕਈ ਇਲਜ਼ਾਮ ਲਾਏ ਹਨ। ਸਾਬਕਾ ਡੀਜੀਪੀ ਨੇ ਦੋਸ਼ ਲਾਇਆ ਹੈ ਕਿ ਸਰਕਾਰ ਨੇ ਉਸ ਨੂੰ ਜ਼ਬਰਦਸਤੀ ਡੀਜੀਪੀ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਇਸ ਦੇ ਲਈ ਸਰਕਾਰ ਨੇ ਕਈ ਹੱਥਕੰਡੇ ਅਜ਼ਮਾਏ। ਪਹਿਲਾਂ ਉਨ੍ਹਾਂ ਨੂੰ ਇਹ ਲਿਖਣ ਲਈ ਕਿਹਾ ਗਿਆ ਕਿ ਉਹ ਇਸ ਅਹੁਦੇ 'ਤੇ ਬਣੇ ਰਹਿਣਾ ਨਹੀਂ ਚਾਹੁੰਦੇ ਹਨ।

ਫਿਰ ਉਨ੍ਹਾਂ ਨੂੰ ਇਸ ਅਹੁਦੇ ਤੋਂ ਅਸਤੀਫਾ ਦੇਣ ਲਈ ਕਿਹਾ ਗਿਆ। ਭਾਵਰਾ ਛੁੱਟੀ 'ਤੇ ਚਲੇ ਗਏ ਤਾਂ ਸਰਕਾਰ ਨੇ ਉਸ ਸਮੇਂ ਦੇ ਵਧੀਕ ਮੁੱਖ ਸਕੱਤਰ ਨੂੰ ਦਿੱਲੀ ਸਥਿਤ ਉਨ੍ਹਾਂ ਦੇ ਘਰ ਭੇਜਿਆ ਅਤੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਉਹ ਦੁਬਾਰਾ (ਬਾਕੀ ਸਫ਼ਾ 31 'ਤੇ)

# ਸਿੱਖਾਂ ਦੇ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਾ ਸਨਮਾਨ ਕਰਨ ਦੀ ਮੰਗ

## ਬ੍ਰਿਟਿਸ਼ ਸਿੱਖ ਸੰਸਦ ਮੈਂਬਰ ਨੇ ਨਿਆਂ ਸਕੱਤਰ ਨੂੰ ਲਿਖਿਆ ਪੱਤਰ




ਲੰਡਨ/ਏ.ਟੀ.ਨਿਊਜ਼ : ਬ੍ਰਿਟਿਸ਼ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਦੇਸ਼ ਦੇ ਜਸਟਿਸ ਸਕੱਤਰ ਨੂੰ ਪੱਤਰ ਲਿਖ ਕੇ ਸਿੱਖਾਂ ਦੇ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਾ ਸਨਮਾਨ ਕਰਨ ਦੀ ਮੰਗ ਕੀਤੀ ਹੈ, ਜਦੋਂ ਇੱਕ ਅੰਮ੍ਰਿਤਧਾਰੀ ਸਿੱਖ ਨੂੰ ਸ੍ਰੀ ਸਾਹਿਬ ਲਿਜਾਣ ਕਾਰਨ ਜਿਊਰੀ ਸੇਵਾ ਤੋਂ ਰੋਕਿਆ ਗਿਆ ਸੀ। ਪਿਛਲੇ ਮਹੀਨੇ ਬਰਮਿੰਘਮ ਕ੍ਰਾਊਨ ਕੋਰਟ ਵਿੱਚ ਜਿਊਰੀ ਸੇਵਾ ਵਿੱਚ ਸ਼ਾਮਲ ਹੋਣ ਤੋਂ ਰੋਕੇ ਜਾਣ ਤੋਂ ਬਾਅਦ ਜਤਿੰਦਰ ਸਿੰਘ ਨੇ ਇੱਕ ਅਪਰਾਧੀ ਵਰਗਾ ਮਹਿਸੂਸ ਕੀਤਾ।

ਗਿੱਲ ਨੇ ਬਰਮਿੰਘਮ ਲਾਈਵ ਵਿੱਚ ਪ੍ਰਕਾਸ਼ਿਤ ਆਪਣੇ ਪੱਤਰ ਵਿੱਚ ਕਿਹਾ, ਮੇਰਾ ਮੰਨਣਾ ਹੈ ਕਿ ਇਹ ਘਟਨਾ ਇੱਕ ਗੰਭੀਰ ਮੁੱਦੇ ਨੂੰ ਉਜਾਗਰ ਕਰਦੀ ਹੈ ਜਿਸਨੂੰ ਇਹ ਯਕੀਨੀ ਬਣਾਉਣ ਲਈ ਸੰਬੋਧਿਤ ਕਰਨ ਦੀ ਜ਼ਰੂਰਤ ਹੈ ਕਿ ਵਿਅਕਤੀ, ਉਸ ਦੇ ਧਾਰਮਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਭੇਦਭਾਵ ਦਾ ਸਾਹਮਣਾ ਕੀਤੇ ਬਿਨਾਂ ਨਾਗਰਿਕ ਫਰਜ਼ਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਅੰਮ੍ਰਿਤਧਾਰੀ ਸਿੱਖਾਂ ਨੂੰ ਆਪਣੇ ਵਿਸ਼ਵਾਸ ਦੇ ਪ੍ਰਤੀਕ ਵਜੋਂ ਹਰ ਸਮੇਂ ਪੰਜ 'ਕਕਾਰ' ਆਪਣੇ ਨਾਲ ਰੱਖਣ ਦੀ ਲੋੜ ਹੁੰਦੀ ਹੈ - ਜਿਸ ਵਿੱਚ ਕੇਸ਼, ਕੜਾ, ਕੰਘਾ, ਕੱਚਾ ਅਤੇ ਕਿਰਪਾਨ ਸ਼ਾਮਲ ਹਨ।

ਐਜਬੈਸਟਨ ਦੇ ਸੰਸਦ ਮੈਂਬਰ ਨੇ ਪਿਛਲੇ ਹਫ਼ਤੇ ਪੱਤਰ ਵਿੱਚ ਲਿਖਿਆ ਸੀ, 'ਸਿੰਘ, ਜਿਸ ਕੋਲ ਕ੍ਰਿਮੀਨਲ ਜਸਟਿਸ ਐਕਟ 1988 ਦੁਆਰਾ ਆਗਿਆ ਦਿੱਤੀ ਗਈ ਹੈ, ਨੇ ਪਾਇਆ ਕਿ ਉਨ੍ਹਾਂ ਨੂੰ ਆਪਣੀ ਜਿਊਰੀ ਸੇਵਾ ਦੌਰਾਨ ਅਦਾਲਤ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਹ ਘਟਨਾ ਬੇਹੱਦ ਚਿੰਤਾਜਨਕ ਹੈ ਕਿਉਂਕਿ ਇਹ ਨਾ ਸਿਰਫ਼ ਧਾਰਮਿਕ ਆਜ਼ਾਦੀ ਦੇ ਮੁੱਦਿਆਂ ਨੂੰ ਉਜਾਗਰ ਕਰਦਾ ਹੈ ਪਰ ਸਾਡੀ ਕਾਨੂੰਨੀ ਪ੍ਰਣਾਲੀ ਦੀ ਸ਼ਮੂਲੀਅਤ ਅਤੇ ਭਰੋਸੇਯੋਗਤਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਕਿਹਾ, 'ਇਹ ਜ਼ਰੂਰੀ ਹੈ ਕਿ ਅਸੀਂ ਯਕੀਨੀ ਕਰੀਏ ਕਿ ਸਿੰਘ ਵਰਗੇ ਵਿਅਕਤੀ, ਜਿਨ੍ਹਾਂ ਨੂੰ ਆਪਣੇ ਨਾਗਰਿਕ ਫਰਜ਼ ਨਿਭਾਉਣ ਲਈ ਬੁਲਾਇਆ ਜਾਂਦਾ ਹੈ, ਉਹ ਆਪਣੇ ਧਾਰਮਿਕ ਵਿਸ਼ਵਾਸਾਂ ਨਾਲ ਸਮਝੌਤਾ ਕੀਤੇ ਬਿਨਾਂ ਅਜਿਹਾ ਕਰਨ ਦੇ ਯੋਗ ਹੋਣ।'

ਜਤਿੰਦਰ ਨੇ ਕਿਹਾ ਕਿ ਉਹ ਅਦਾਲਤ ਦੀ ਇਮਾਰਤ ਵਿੱਚ ਦਾਖਲ ਹੋਣ ਦੇ ਚਾਹਵਾਨ ਸਿੱਖ ਭਾਈਚਾਰੇ ਦੇ ਮੈਂਬਰਾਂ ਲਈ ਨਿਆਂ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਾ ਹੈ ਅਤੇ ਪੰਜ ਇੰਚ ਦਾ ਸ੍ਰੀ ਸਾਹਿਬ ਧਾਰਨ ਕੀਤਾ ਸੀ। ਘਟਨਾ ਤੋਂ ਬਾਅਦ ਮੰਤਰਾਲੇ ਨੇ ਕਿਹਾ ਕਿ ਜਤਿੰਦਰ ਨੂੰ ਲੋੜੀਂਦੇ ਜੱਜਾਂ ਤੋਂ ਜ਼ਿਆਦਾ ਹੋਣ ਕਾਰਨ ਉਸ ਦੇ ਫਰਜ਼ਾਂ ਤੋਂ ਮੁਕਤ ਕਰ ਦਿੱਤਾ ਗਿਆ ਸੀ। ਮਹਾਰਾਣੀ ਦੀਆਂ ਅਦਾਲਤਾਂ ਅਤੇ ਟ੍ਰਿਬਿਊਨਲ ਸੇਵਾ ਨੇ 'ਕਿਸੇ ਵੀ ਪਰੇਸ਼ਾਨੀ ਲਈ' ਮੁਆਫ਼ੀ ਮੰਗੀ। ਇਸ ਵਿੱਚ ਅੱਗੇ ਕਿਹਾ ਗਿਆ ਕਿ ਉਨ੍ਹਾਂ ਨੇ ਆਪਣੇ ਠੇਕੇ ਵਾਲੇ ਸੁਰੱਖਿਆ ਅਧਿਕਾਰੀਆਂ ਨੂੰ ਅਜਿਹੀਆਂ ਘਟਨਾਵਾਂ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਚੁੱਕੇ ਜਾਣ ਵਾਲੇ ਢੁਕਵੇਂ ਕਦਮਾਂ ਬਾਰੇ ਯਾਦ ਦਿਵਾਇਆ ਹੈ।

# ਟਰੂਡੋ ਭਾਰਤ ’ਚ ਵਾਪਰੇ 1984 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਐਲਾਨੇ

## ਐਨ.ਡੀ.ਪੀ. ਦੇ ਮੁਖੀ ਜਗਮੀਤ ਸਿੰਘ ਨੇ ਆਵਾਜ਼ ਕੀਤੀ ਬੁਲੰਦ

### ਕਿਹਾ ਕਿ ’84 ਦੁਖਾਂਤ ਲਈ ਸੰਘ ਪਰਿਵਾਰ ਜ਼ਿੰਮੇਵਾਰ



ਕੈਨੇਡਾ ਦੀ ਗੱਠਜੋੜ ਸਰਕਾਰ ਦਾ ਹਿੱਸਾ ਐਨ.ਡੀ.ਪੀ. ਦੇ ਮੁਖੀ ਜਗਮੀਤ ਸਿੰਘ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ ਲੈ ਕੇ ਮੁੱਦਾ ਉਠਾਇਆ ਹੈ। ਜਗਮੀਤ ਸਿੰਘ ਨੇ ਇਸ ਨੂੰ ਸਿੱਖਾਂ ਦੀ ਨਸਲਕੁਸ਼ੀ ਕਰਾਰ ਦਿੱਤਾ ਅਤੇ ਇਸ ਲਈ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਨੂੰ ਜ਼ਿੰਮੇਵਾਰ ਠਹਿਰਾਇਆ ਹੈ।ਜਗਮੀਤ ਸਿੰਘ ਨੇ ਟਵਿੱਟਰ ’ਤੇ ਲਿਖਿਆ ਕਿ ਅੱਜ ਸਿੱਖ ਕਤਲੇਆਮ ਦੀ 39ਵੀਂ ਬਰਸੀ ਹੈ। ਸਟੇਟ-ਪ੍ਰਯੋਜਿਤ ਹਿੰਸਾ ਵਿੱਚ ਹਜ਼ਾਰਾਂ ਸਿੱਖ ਪਹਿਲਾਂ ਹੀ ਮਾਰੇ ਜਾ ਚੁੱਕੇ ਹਨ। ਇਸ ਸਾਲ ਸਾਨੂੰ ਪਤਾ ਲੱਗਾ ਹੈ ਕਿ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਸਨ। ਇਸ ਨੇ ਪੁਰਾਣੇ ਜ਼ਖ਼ਮ ਮੁੜ ਖੋਲ੍ਹ ਦਿੱਤੇ ਹਨ। ਜਗਮੀਤ ਸਿੰਘ ਨੇ ਅੱਗੇ ਲਿਖਿਆ ਕਿ ਹੁਣ ਸਿੱਖਾਂ ਦੇ ਜ਼ਖਮਾਂ ਨੂੰ ਭਰਨ ਦੇ ਯਤਨਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਐਨਡੀਪੀ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ ਨਸਲਕੁਸ਼ੀ ਮੰਨਦੀ ਹੈ ਅਤੇ ਕੈਨੇਡਾ ਵਿੱਚ ਆਰਐੱਸਐੱਸ ਅਤੇ ਇਸ ਨਾਲ ਸਬੰਧਤ ਸੰਗਠਨਾਂ ’ਤੇ ਪਾਬੰਦੀ ਲਗਾਉਣ ਦੀ ਮੰਗ ਕਰਦੀ ਹੈ, ਕਿਉਂ ਕਿ ਇਸ ਕਤਲੇਆਮ ਵਿੱਚ ਸੰਘ ਪਰਿਵਾਰ ਸ਼ਾਮਲ ਸੀ।

### ਸੰਘ ਪਰਿਵਾਰ ’ਤੇ ਦਿੱਲੀ ਕਤਲੇਆਮ ਦੇ ਕੇਸ ਹੋ ਚੁੱਕੇ ਨੇ ਦਰਜ਼

ਭਾਵੇਂ ਆਰ.ਐਸ.ਐਸ.-ਭਾਜਪਾ ਹਮੇਸ਼ਾ ਇਸ ਤੋਂ ਮੁੱਕਰਦੇ ਰਹੇ ਹਨ ਪਰ ਇਸ ਫਿਰਕੂ ਗੁੰਡਾ ਗਿਰੋਹ ਦੀ ਸਿੱਖ ਨਸਲਕੁਸ਼ੀ-84 ਵਿੱਚ ਭੂਮਿਕਾ ਜੱਗਜ਼ਾਹਰ ਹੈ। ਜਗਮੀਤ ਸਿੰਘ ਦਾ ਇਹ ਵਿਚਾਰ ਸੱਚ ਹੈ ਕਿ ਸੰਘ ਪਰਿਵਾਰ ਦੇ ਲੋਕ ਇਸ ਕਤਲੇਆਮ ਵਿੱਚ ਸ਼ਾਮਲ ਸਨ। ਹੁਣ ਭਾਜਪਾ-ਆਰ.ਐਸ.ਐਸ. ਵਾਲ਼ੇ ਸਿੱਖ ਨਸਲਕੁਸ਼ੀ ਦੇ ਮੁੱਦੇ ਉੱਤੇ ਸਿਆਸੀ ਗਿਣਤੀਆਂ ਮਿਣਤੀਆਂ ਤਹਿਤ ਕਾਂਗਰਸ ਖ਼ਿਲਾਫ਼ ਬੋਲਦੇ ਹਨ ਅਤੇ ਸਿੱਖਾਂ ਲਈ ਮਗਰਮੱਛੀ ਹੰਝੂ ਵਹਾਂਉਂਦੇ ਹਨ। ਪਰ ਇਹ ਸਿੱਖ ਨਸਲਕੁਸ਼ੀ-84 ਲਈ ਕਾਂਗਰਸ ਦੀ ਜੋਟੀਦਾਰ ਰਹੇ ਹਨ। ਸਿੱਖ ਨਸਲਕੁਸ਼ੀ ਦੌਰਾਨ ਦੰਗਾ, ਕਤਲ, ਲੁੱਟ-ਮਾਰ, ਸਾੜਫੂਕ ਆਦਿ ਮਾਮਲਿਆਂ ਵਿੱਚ ਆਰ.ਐਸ.ਐਸ.-ਭਾਜਪਾ ਦੇ 49 ਵਿਅਕਤੀਆਂ ਉੱਪਰ 14 ਐਫ.ਆਈ.ਆਰ. ਦਰਜ਼ ਹੋਈਆਂ ਸਨ। ਇਹਨਾਂ ਵਿੱਚ ਦਿੱਲੀ ਆਰ.ਐਸ.ਐਸ.-ਭਾਜਪਾ ਦੇ ਜਿਹਨਾਂ ਲੋਕਾਂ ਉੱਪਰ ਐਫ.ਆਈ.ਆਰ. ਦਰਜ਼ ਹੋਈ ਉਹਨਾਂ ਵਿੱਚ ਪ੍ਰੀਤਮ ਸਿੰਘ, ਰਾਮ ਕੁਮਾਰ ਜੈਨ, ਰਾਮ ਚੰਦਰ ਗੁਪਤਾ, ਰਤਨ ਲਾਲ, ਗਿਆਨ ਲਾਲ ਜੈਨ, ਚੰਦਰ ਸੇਨ, ਪਰਦੀਪ ਕੁਮਾਰ ਜੈਨ, ਹੰਸ ਰਾਜ ਗੁਪਤਾ, ਬਾਬੂ ਲਾਲ, ਵੇਦ ਮਹੀਪਾਲ ਸ਼ਰਮਾ, ਪਦਮ ਕੁਮਾਰ ਜੈਨ, ਸੁਰੇਸ਼ ਚੰਦਰ ਜੈਨ ਆਦਿ ਸ਼ਾਮਲ ਹਨ। ਇਹਨਾਂ ਨਾਵਾਂ ਵਿੱਚ ਸ਼ਾਮਲ ਰਾਮ ਕੁਮਾਰ ਜੈਨ ਅਟਲ ਬਿਹਾਰੀ ਵਾਜਪਾਈ ਦਾ ਸੰਨ 80 ਵਿੱਚ ਚੋਣ ਏਜੰਟ ਸੀ। ਇਹਨਾਂ ਵਿੱਚੋਂ ਜ਼ਿਆਦਾਤਰ ਐਫ.ਆਈ.ਆਰ. ਦਿੱਲੀ ਦੇ ਸ਼੍ਰੀਨਿਵਾਸਪੁਰੀ ਪੁਲਿਸ ਸਟੇਸ਼ਨ ਵਿੱਚ ਦਰਜ਼ ਹੋਈਆਂ ਸਨ। ਆਰ.ਐਸ.ਐਸ.-ਭਾਜਪਾ ਦੇ ਇਹਨਾਂ 49 ਵਿਅਕਤੀਆਂ ਵਿੱਚੋਂ ਕਰੀਬ ਅੱਧਿਆਂ ਦੀ ਗ੍ਰਿਫਤਾਰੀ ਵੀ ਹੋਈ ਪਰ ਬਾਅਦ ਵਿੱਚ ਜਮਾਨਤ ’ਤੇ ਛੱਡ ਦਿੱਤੇ ਗਏ। ਸਜ਼ਾਵਾਂ ਦਾ ਮਾਮਲਾ ਲਟਕਾਇਆ ਗਿਆ ਹੈ। ਜਿੰਨੇ ਯੋਜਨਾਬੱਧ, ਫੁਰਤੀ ਨਾਲ਼ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਇਹ ਇਕੱਲੇ ਕਾਂਗਰਸ ਦੇ ਵੱਸ ਦੀ ਗੱਲ ਨਹੀਂ ਸੀ। ਆਰ.ਐਸ.ਐਸ. ਵੱਲੋਂ ਆਪਣੇ (**ਬਾਕੀ ਸਫ਼ਾ 30 ’ਤੇ**)

### ਅਮਰੀਕਾ ’ਚ 97 ਹਜ਼ਾਰ ਭਾਰਤੀ ਗ਼ੈਰ-ਕਾਨੂੰਨੀ ਤੌਰ ’ਤੇ ਦਾਖ਼ਲ ਹੋਣ ਦੀ ਕੋਸ਼ਿਸ਼ ਵਿੱਚ ਕਾਬੂ

ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਅਨੁਸਾਰ ਅਕਤੂਬਰ 2022 ਤੋਂ ਸਤੰਬਰ 2023 ਵਿਚਕਾਰ ਅਮਰੀਕਾ-ਮੈਕਸਿਕੋ ਅਤੇ ਅਮਰੀਕਾ-ਕੈਨੇਡਾ ਸਰਹੱਦਾਂ ’ਤੇ 96,917 ਭਾਰਤੀ ਗ਼ੈਰ-ਕਾਨੂੰਨੀ ਤੌਰ ’ਤੇ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ; ਇਨ੍ਹਾਂ ਵਿਚੋਂ 30,010 ਕੈਨੇਡਾ ਵਾਲੇ ਪਾਸਿਓਂ ਫੜੇ ਗਏ, 41,770 ਮੈਕਸਿਕੋ ਵਾਲੇ ਪਾਸੇ ਤੋਂ ਅਤੇ ਬਾਕੀ ਦੇ ਅਮਰੀਕਾ ਵਿਚ ਦਾਖ਼ਲ ਹੋਣ ਤੋਂ ਬਾਅਦ ਫੜੇ ਗਏ। 2019-20 ਵਿੱਚ 19,833 ਭਾਰਤੀ ਅਜਿਹੇ ਯਤਨ ਕਰਦੇ ਫੜੇ ਗਏ ਸਨ। ਇਸ ਤਰ੍ਹਾਂ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ ਵਿੱਚ ਪੰਜ ਗੁਣਾ ਵਾਧਾ ਹੋਇਆ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਗਿਣਤੀ ਤੋਂ ਕਈ ਗੁਣਾ ਲੋਕ ਗ਼ੈਰ-ਕਾਨੂੰਨੀ ਤੌਰ ’ਤੇ ਦਾਖ਼ਲ ਹੋਏ ਹੋਣਗੇ। ਅੰਕੜੇ ਇਹ ਵੀ ਦੱਸਦੇ ਹਨ ਕਿ ਹਰ ਸਾਲ ਹਜ਼ਾਰਾਂ ਪਰਵਾਸੀ ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਫੜੇ ਜਾਂਦੇ ਹਨ ਪਰ ਵਾਪਸ ਬਹੁਤ ਘੱਟ ਲੋਕਾਂ ਨੂੰ ਭੇਜਿਆ ਜਾਂਦਾ ਹੈ। ਉਨ੍ਹਾਂ ਵਿਚੋਂ ਬਹੁਤੇ ਮਨੁੱਖੀ ਆਧਾਰ ’ਤੇ ਅਮਰੀਕਾ ਵਿਚ ਟਿਕੇ ਰਹਿਣ ਲਈ ਕੇਸ ਕਰਦੇ ਹਨ ਤੇ ਉੱਥੇ ਵੱਸ ਜਾਣ ਵਿਚ ਸਫ਼ਲ ਹੁੰਦੇ ਹਨ।ਫੜੇ ਜਾਣ ਵਾਲੇ ਭਾਰਤੀਆਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਤੇ ਗੁਜਰਾਤੀ ਹਨ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿਚੋਂ 730 ਬੱਚੇ ਸਨ ਅਤੇ 84,000 ਇਕੱਲੇ ਅਮਰੀਕਾ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਹਿਰਾਸਤ ਵਿੱਚ ਲਏ ਗਏ ਸਾਰੇ ਲੋਕਾਂ ਨੂੰ ਚਾਰ ਸ਼੍ਰੇਣੀਆਂ, ਸਿੰਗਲਜ਼, ਅਣਪਛਾਤੇ ਬੱਚੇ, ਪਰਿਵਾਰ ਵਾਲੇ ਬੱਚੇ ਅਤੇ ਪੂਰਾ ਪਰਿਵਾਰ ਵਿੱਚ ਰੱਖਿਆ ਗਿਆ ਹੈ।

# ਵਿਦੇਸ਼ਾਂ ਵਿੱਚ ਲਾਪਤਾ ਹੋਏ ਪੰਜਾਬ ਅਤੇ ਹਰਿਆਣਾ ਦੇ ਨੌਜਵਾਨਾਂ ਦੇ ਮਾਮਲਿਆਂ ਦੀ ਜਾਂਚ ਹੁਣ ਸੀ.ਬੀ.ਆਈ. ਕਰੇਗੀ




ਵਿਦੇਸ਼ਾਂ ਵਿੱਚ ਲਾਪਤਾ ਹੋਏ ਪੰਜਾਬ ਅਤੇ ਹਰਿਆਣਾ ਦੇ ਨੌਜਵਾਨਾਂ ਦੇ ਮਾਮਲਿਆਂ ਦੀ ਜਾਂਚ ਹੁਣ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਕਰੇਗੀ। ਸੀਬੀਆਈ ਨੇ ਚਾਰ ਵੱਖ-ਵੱਖ ਮਾਮਲੇ ਵੀ ਦਰਜ ਕੀਤੇ ਹਨ। ਦਰਅਸਲ ਪੰਜਾਬ ਅਤੇ ਹਰਿਆਣਾ ਦੇ ਇਹ ਨੌਜਵਾਨ ਕੰਮ ਦੀ ਭਾਲ ਵਿੱਚ ਵਿਦੇਸ਼ ਗਏ ਸਨ ਪਰ ਉਥੋਂ ਲਾਪਤਾ ਹੋ ਗਏ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ’ਤੇ ਸੀਬੀਆਈ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਈ ਕੋਰਟ ਨੇ ਕੇਂਦਰੀ ਏਜੰਸੀ ਨੂੰ ਪੰਜ ਪਟੀਸ਼ਨਰਾਂ ਦੇ ਮਾਮਲਿਆਂ ਦੀ ਜਾਂਚ ਆਪਣੇ ਹੱਥ ਵਿੱਚ ਲੈਣ ਦੇ ਹੁਕਮ ਦਿੱਤੇ ਸਨ।

ਪਟੀਸ਼ਨਰਾਂ ਨੇ ਦੋਸ਼ ਲਾਇਆ ਕਿ ਟਰੈਵਲ ਏਜੰਟਾਂ ਵੱਲੋਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਜਾਅਲੀ ਦਸਤਾਵੇਜ਼ਾਂ ਜਾਂ ਤਸਕਰੀ ਦੇ ਰੂਟਾਂ ਰਾਹੀਂ ਵਿਦੇਸ਼ ਭੇਜਣ ਦਾ ਲਾਲਚ ਦਿੱਤਾ ਗਿਆ। ਇਸ ਤੋਂ ਬਾਅਦ ਉਹ ਉਥੋਂ ਗਾਇਬ ਹੋ ਗਿਆ। ਸੀਬੀਆਈ ਨੇ ਦਲਜੀਤ ਸਿੰਘ, ਅਕਤੂਬਰ ਸਿੰਘ, ਜਸਵੰਤ ਸਿੰਘ ਅਤੇ ਮਹਾ ਸਿੰਘ ਦੀਆਂ ਵੱਖ-ਵੱਖ ਸ਼ਿਕਾਇਤਾਂ ਵਿੱਚ ਹਰਿਆਣਾ ਦੇ ਨੀਟਾ, ਬੰਟੀ, ਯੁੱਧਵੀਰ ਭਾਟੀ ਅਤੇ ਪੰਜਾਬ ਦੇ ਅਵਤਾਰ ਸਿੰਘ ਅਤੇ ਪ੍ਰਦੀਪ ਕੁਮਾਰ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

ਮਹਾ ਸਿੰਘ ਨੇ ਦੋਸ਼ ਲਾਇਆ ਕਿ ਉਸ ਦਾ ਪੁੱਤਰ ਸੋਮਬੀਰ ਦੋ ਹੋਰ ਵਿਅਕਤੀਆਂ ਨਾਲ ਯਮਨ ਗਿਆ ਸੀ ਕਿ ਉਹ ਯੁੱਧਵੀਰ ਰਾਠੀ ਡਿਫੈਂਸ ਅਕੈਡਮੀ (ਰੋਹਤਕ) ਰਾਹੀਂ ਓਵਰਸੀਜ਼ ਸ਼ਿਪਿੰਗ ਕੰਪਨੀ ਵਿੱਚ ਕੰਮ ਕਰਨ ਲਈ ਗਿਆ ਸੀ। ਇੱਕ ਸਾਲ ਬਾਅਦ, ਉਸਦੇ ਨਾਲ ਗਏ ਦੋ ਆਦਮੀ ਹੀ ਵਾਪਸ ਆਏ ਪਰ ਉਸਦੇ ਪੁੱਤਰ ਦਾ ਕੋਈ ਸੁਰਾਗ ਨਹੀਂ ਮਿਲਿਆ।

ਜਸਵੰਤ ਸਿੰਘ ਨੇ ਦੋਸ਼ ਲਾਇਆ ਕਿ ਉਸ ਦਾ ਲੜਕਾ 2010 ਤੋਂ ਲਾਪਤਾ ਹੈ। ਪਟੀਸ਼ਨਰਾਂ ਦੇ ਵਕੀਲ ਨੇ ਦਾਅਵਾ ਕੀਤਾ ਕਿ ਪੰਜਾਬ ਦੇ 105 ਲੋਕ ਲਾਪਤਾ ਹਨ ਅਤੇ ਉਨ੍ਹਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਕਿਹਾ ਕਿ ਪਟੀਸ਼ਨਕਰਤਾਵਾਂ ਨੇ ਆਪਣੇ ਲਾਪਤਾ ਬੱਚਿਆਂ ਨੂੰ ਲੱਭਣ ਲਈ ਕੇਸ ਦਰਜ ਕਰਨ ਅਤੇ ਪੁਲਿਸ ਕੋਲ ਪਹੁੰਚ ਕਰਨ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕੀਤੀਆਂ ਹਨ ਪਰ ਰਾਜ ਦੇ ਤੰਤਰ ਨੇ ਉਨ੍ਹਾਂ ਨੂੰ ਲੱਭਣ ਲਈ ਕੋਈ ਪ੍ਰਭਾਵੀ ਕਦਮ ਨਹੀਂ ਚੁੱਕੇ ਹਨ।

ਜਸਟਿਸ ਵਿਨੋਦ ਭਾਰਦਵਾਜ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਗੰਭੀਰਤਾ ਇਸ ਗੱਲ ਤੋਂ ਪੈਦਾ ਹੁੰਦੀ ਹੈ ਕਿ ਵੱਡੀ ਗਿਣਤੀ ਵਿੱਚ ਨੌਜਵਾਨ ਲਾਪਤਾ ਹਨ ਅਤੇ ਉਨ੍ਹਾਂ ਦਾ ਕੋਈ ਸੁਰਾਗ ਨਹੀਂ ਹੈ। ਇਸ ਤੋਂ ਬਾਅਦ ਹਾਈ ਕੋਰਟ ਨੇ ਜਾਂਚ ਦੀ ਜ਼ਿੰਮੇਵਾਰੀ ਸੀਬੀਆਈ ਨੂੰ ਸੌਂਪ ਦਿੱਤੀ।

# ਗੁਰਦੁਆਰਿਆਂ ਨੂੰ ਨਾਸੂਰ ਦੱਸਣ ਵਾਲਾ ਭਾਜਪਾ ਨੇਤਾ ਸੰਦੀਪ ਦਿਆਮਾ ਪਾਰਟੀ ’ਚੋਂ ਕੱਢਿਆ



ਰਾਜਸਥਾਨ ਵਿੱਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਬੀਤੇ ਦਿਨੀਂ ਭਾਜਪਾ ਦੀ ਰੈਲੀ ਦੌਰਾਨ ਸਟੇਜ ਤੋਂ ਗੁਰਦੁਆਰਿਆਂ ਨੂੰ ਨਾਸੂਰ ਕਹਿਣ ਵਾਲੇ ਤੇ ਗੁਰਦੁਆਰਿਆਂ ਨੂੰ ਢਾਹ ਦੇਣ ਦੀ ਗੱਲ ਕਰਨ ਵਾਲੇ ਸੰਦੀਪ ਦਿਆਮਾ ਨੂੰ ਭਾਜਪਾ ਨੇ ਸਿੱਖ ਪੰਥ ਵੱਲੋਂ ਤਿੱਖਾ ਵਿਰੋਧ ਦੇਖਦਿਆਂ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦਿਤਾ। ਇਸ ਮੈਗਾ ਰੈਲੀ ਵਿੱਚ ਇਸ ਭਾਸ਼ਣ ਤੋਂ ਬਾਅਦ ਤਾੜੀਆਂ ਮਾਰਨ ਵਾਲੇ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਤਿੱਖੀ ਆਲੋਚਨਾ ਹੋ ਰਹੀ ਹੈ। ਇਸ ਬਾਰੇ ਰਾਜਿਸਥਾਨ ਦੇ ਸਿੱਖ ਆਗੂ ਤੇਜਿੰਦਰ ਸਿੰਘ ਟਿੰਮਾ ਦੀ ਅਗਵਾਈ ਵਿੱਚ ਸੰਗਤਾਂ ਨੇ ਚੋਣ ਕਮਿਸ਼ਨ ਨੂੰ ਸੰਦੀਪ ਦਿਆਮਾ ਬਾਰੇ ਲਿਖਤੀ ਸ਼ਿਕਾਇਤ ਕੀਤੀ ਸੀ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਤੇ ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਇਮਾ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਰਾਜਸਥਾਨ ਵਿੱਚ ਭਾਜਪਾ ਦੀ ਰੈਲੀ ਦੌਰਾਨ ਗੁਰਧਾਮਾਂ ਦੀ ਬੇਅਦਬੀ ਕਰਨ ਦਾ ਬਿਆਨ ਨਿੰਦਣਯੋਗ ਹੈ, ਇਤਿਹਾਸ ਗਵਾਹ ਹੈ ਕਿ ਕਾਂਗਰਸ ਨੇ ਵੀ ਇਸੇ ਸੋਚ ਨਾਲ ਸਿੱਖ ਧਾਰਮਿਕ ਅਸਥਾਨਾਂ ’ਤੇ ਹਮਲੇ ਕੀਤੇ ਸਨ ਅਤੇ ਅੱਜ ਭਾਜਪਾ ਵੀ ਕਾਂਗਰਸ ਦੇ ਰਾਹ ’ਤੇ ਚੱਲਦੀ ਨਜ਼ਰ ਆ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਗੁਰਦੁਆਰੇ ਨਾ ਹੁੰਦੇ ਤਾਂ ਪੂਰਾ ਉੱਤਰ ਭਾਰਤ ਮੁਸਲਮਾਨਾਂ ਦਾ ਹੁੰਦਾ। ਉਨ੍ਹਾਂ ਸਿੱਖਾਂ ਨੂੰ ਮਜਬੂਤ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਕਦੇ ਵੀ ਇਹ ਮੰਗ ਕੇ ਇਨਸਾਫ਼ ਨਹੀਂ ਮਿਲਿਆ।

ਸ੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਦੇ ਸਕੱਤਰ ਗੁਰਚਰਨ ਸਿੰਘ ਗਰੇਵਾਲ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੀ ਇਸ ਬਿਆਨ ਦਾ ਵਿਰੋਧ ਕੀਤਾ ਸੀ।

ਇਥੇ ਜ਼ਿਕਰਯੋਗ ਹੈ ਕਿ ਦਾਇਮਾ ਵੱਲੋਂ ਸ੍ਰੋਮਣੀ ਕਮੇਟੀ ਨੂੰ ਭੇਜੀ ਮਾਫ਼ੀਨਾਮੇ ਦੀ ਵੀਡੀਓ ਵਿੱਚ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਗੁਰਦੁਆਰਿਆਂ ਪ੍ਰਤੀ ਇਹ ਸ਼ਬਦ ਉਨ੍ਹਾਂ ਦੇ ਮੂੰਹੋਂ ਕਿਵੇਂ ਨਿਕਲੇ। ਉਹ ਮਸਜਿਦਾਂ ਅਤੇ ਮਦਰਸਿਆਂ ਦੀ ਗੱਲ ਕਰ ਰਿਹਾ ਸੀ। ਉਹ ਇਸ ਲਈ ਮੁਆਫ਼ੀ ਮੰਗਦਾ ਹੈ। ਸਨਾਤਨ ਧਰਮ ਲਈ ਹਮੇਸ਼ਾ ਕੁਰਬਾਨੀਆਂ ਕਰਨ ਵਾਲੇ ਸਿੱਖ ਉਨ੍ਹਾਂ ਬਾਰੇ ਅਜਿਹਾ ਸੋਚ ਵੀ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਉਹ ਇਸ ਗ਼ਲਤੀ ਲਈ ਗੁਰਦੁਆਰੇ ਜਾ ਕੇ ਪਸ਼ਚਾਤਾਪ ਕਰਨਗੇ। ਇਸ ਲਈ ਉਹ ਸਮੁੱਚੀ ਸਿੱਖ ਕੌਮ ਤੋਂ ਮੁਆਫ਼ੀ ਮੰਗਦਾ ਹੈ। ਇਹ ਗੱਲ ਸੱਚ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਤਾਨਾਸ਼ਾਹ ਅਤੇ ਹਿੰਸਕ ਨੇਤਾ ਭਾਰੀ ਜਨਤਕ ਸਮਰਥਨ ਨਾਲ ਸੱਤਾ ਵਿੱਚ ਆ ਰਹੇ ਹਨ ਅਤੇ ਲੰਬੇ ਸਮੇਂ ਤੱਕ ਰਾਜ ਕਰ ਰਹੇ ਹਨ। ਜਨਤਾ ਸਿਆਸੀ ਅਤੇ ਸਮਾਜਿਕ ਹਿੰਸਾ ਨੂੰ ਜਾਇਜ਼ ਠਹਿਰਾਉਂਦੀ ਹੈ ਅਤੇ ਇਸ ਦੀ ਸ਼ਲਾਘਾ ਕਰਦੀ ਹੈ। ਇਸ ਤੋਂ ਪ੍ਰਭਾਵਿਤ ਹੋ ਕੇ ਨੇਤਾਵਾਂ ਦਾ ਆਚਰਣ ਤੇ ਭਾਸ਼ਾ ਵੀ ਹਿੰਸਕ ਹੋ ਗਈ ਹੈ-ਇਹ ਸਾਰੀ ਦੁਨੀਆ ਵਿਚ ਹੋ ਰਿਹਾ ਹੈ। ਭਾਰਤ ਵਿੱਚ ਵੀ ਅਜਿਹਾ ਵਾਪਰ ਰਿਹਾ ਹੈ। ਦਾਇਮਾ ਦੀ ਸਿੱਖਾਂ ਬਾਰੇ ਫਿਰਕੂ ਤੇ ਦੰਗਈ ਭਾਸ਼ਾ ਇਸ ਗੱਲ ਦਾ ਸਬੂਤ ਹੈ। ਅਨੇਕਾਂ ਭਾਜਪਾ ਨੇਤਾ ਘੱਟਗਿਣਤੀਆਂ ਵਿਰੁਧ ਨਫਰਤੀ ਬਿਆਨ ਜਾਰੀ ਕਰ ਚੁਕੇ ਹਨ। ਸਮਾਜ ਵਿੱਚ ਵੱਧ ਰਹੀ ਹਿੰਸਾ ਦਾ ਸਭ ਤੋਂ ਵੱਡਾ ਕਾਰਨ ਸਮਾਜ ਨੂੰ ਵੰਡਣ ਦੀਆਂ ਲਗਾਤਾਰ ਸਿਆਸੀ ਸਾਜ਼ਿਸ਼ਾਂ ਹਨ। ਭਾਰਤ ਵਿੱਚ ਰਾਜਨੀਤਕ ਸ਼ਕਤੀਆਂ ਧਰਮ, ਸੰਪਰਦਾ, (**ਬਾਕੀ ਸਫ਼ਾ 30 ’ਤੇ**)



# ਖ਼ੁਦਕੁਸ਼ੀ ਕਿਉਂ ਕਰਦੇ ਹਨ ਵਿਦਿਆਰਥੀ ?



* ਕੀ ਕਹਿੰਦੇ ਨੇ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੇ ਡਰਾਉਣੇ ਅੰਕੜੇ
* ਦੁਨੀਆਂ 'ਚ ਹਰ ਸਾਲ 8 ਲੱਖ ਵਿਅਕਤੀ ਕਰਦੇ ਹਨ ਖ਼ੁਦਕੁਸ਼ੀ
* ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਕੋਈ ਵੀ ਨੌਜਵਾਨ ਖ਼ੁਦਕੁਸ਼ੀ ਦਾ ਖਿਆਲ ਨਾ ਕਰੇ

ਦੁਨੀਆਂ ਭਰ 'ਚ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ ਪਰ ਭਾਰਤ 'ਚ ਖ਼ੁਦਕੁਸ਼ੀਆਂ ਦੀ ਗਿਣਤੀ ਕਾਫ਼ੀ ਚਿੰਤਾਜਨਕ ਹੈ। ਲੋਕਾਂ ਵਿੱਚ ਡਿਪਰੈਸ਼ਨ ਲਗਾਤਾਰ ਵਧਦਾ ਜਾ ਰਿਹਾ ਹੈ, ਜਿਸ ਕਾਰਨ ਕੁਝ ਲੋਕ ਖ਼ੁਦਕੁਸ਼ੀ ਵਰਗਾ ਦਿਲ ਦਹਿਲਾਉਣ ਵਾਲਾ ਕਦਮ ਚੁੱਕ ਲੈਂਦੇ ਹਨ। ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਖ਼ੁਦਕੁਸ਼ੀਆਂ ਦਾ ਵੱਧ ਰਿਹਾ ਰੁਝਾਨ ਗੰਭੀਰ ਚਿੰਤਾ ਦਾ ਕਾਰਨ ਬਣਦਾ ਜਾ ਰਿਹਾ ਹੈ।

ਜੇਕਰ ਅਸੀਂ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 2020 'ਚ ਦੇਸ਼ ਭਰ 'ਚ ਕੁੱਲ 12,526 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ, 2021 'ਚ ਇਹ ਅੰਕੜਾ ਵੱਧ ਕੇ 13,089 ਹੋ ਗਿਆ। ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਵਿੱਚ 56.54 ਫੀਸਦੀ ਲੜਕੇ ਅਤੇ 43.49 ਫੀਸਦੀ ਲੜਕੀਆਂ ਸਨ। ਅਠਾਰਾਂ ਸਾਲ ਤੋਂ ਘੱਟ ਉਮਰ ਦੇ 10,732 ਕਿਸ਼ੋਰਾਂ ਵਿੱਚੋਂ 864 ਦੀ ਪ੍ਰੀਖਿਆ ਵਿੱਚ ਫੇਲ੍ਹ ਹੋਣ ਕਾਰਨ ਮੌਤ ਹੋ ਗਈ।

2021 ਦੇ ਅੰਕੜੇ ਸਮਾਜ ਨੂੰ ਹਿਲਾ ਦੇਣ ਲਈ ਕਾਫੀ ਹਨ। ਇਸ ਤਰ੍ਹਾਂ ਖ਼ੁਦਕੁਸ਼ੀਆਂ ਦੀ ਇਹ ਸਮੱਸਿਆ ਹੁਣ ਸਿਰਫ਼ ਵਿਦਿਆਰਥੀਆਂ ਤੱਕ ਹੀ ਸੀਮਤ ਨਹੀਂ ਰਹਿ ਗਈ ਹੈ, ਸਗੋਂ ਜਿਸ ਤਰ੍ਹਾਂ ਦੇਸ਼ ਵਿੱਚ ਸਾਲ-ਦਰ-ਸਾਲ ਖ਼ੁਦਕੁਸ਼ੀਆਂ ਦੇ ਮਾਮਲੇ ਵਧ ਰਹੇ ਹਨ, ਉਹ ਸਮੁੱਚੇ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ।

ਦੇਸ਼ ਦਾ ਵੱਡਾ ਕੋਚਿੰਗ ਸੈਂਟਰ ਬਣ ਚੁੱਕੇ ਰਾਜਸਥਾਨ ਦੇ ਕੋਟਾ 'ਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਨੂੰ ਲੈ ਕੇ ਜ਼ਿਆਦਾ ਮਾਨਸਿਕ ਦਬਾਅ ਕਾਰਨ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀ ਕਰਨ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂਰਹਿੰਦੀਆਂ ਹਨ। ਹੁਣ, ਭਾਰਤ ਦੇ ਸਰਵੋਤਮ ਇੰਜਨੀਅਰਿੰਗ ਸੰਸਥਾਵਾਂ ਜਿਵੇਂ ਕਿ ਆਈਆਈਟੀ ਅਤੇ ਕੁਝ ਹੋਰ ਵੱਕਾਰੀ ਉੱਚ ਵਿਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੇ ਖ਼ੁਦਕੁਸ਼ੀ ਦੇ ਮਾਮਲਿਆਂ ਨੇ ਸਮਾਜ ਨੂੰ ਝੰਜੋੜਨਾ ਸ਼ੁਰੂ ਕਰ ਦਿੱਤਾ ਹੈ।

ਕੋਟਾ ਵਿੱਚ 8 ਤੋਂ 25 ਮਈ ਦਰਮਿਆਨ ਚਾਰ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀ ਕਰਨ ਦੀ ਖ਼ਬਰ ਹੈ। ਹਾਲ ਹੀ ਵਿੱਚ, ਸੀਬੀਐਸਈ 12ਵੀਂ ਜਮਾਤ ਦੇ ਇਮਤਿਹਾਨ ਦੇ ਨਤੀਜੇ ਦੇ ਐਲਾਨ ਤੋਂ ਬਾਅਦ, ਇਕੱਲੇ ਦਿੱਲੀ ਵਿੱਚ ਤਿੰਨ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦੀ ਖਬਰ ਹੈਰਾਨ ਕਰਨ ਵਾਲੀ ਸੀ। ਇਹ ਤਿੰਨ ਅਜਿਹੇ ਮਾਮਲੇ ਹਨ ਜੋ ਦੇਸ਼ ਦੀ ਰਾਜਧਾਨੀ ਤੋਂ ਮੀਡੀਆ ਦੀਆਂ ਸੁਰਖੀਆਂ ਵਿੱਚ ਆਏ ਸਨ। ਪਰ ਅਜਿਹੇ ਕਈ ਮਾਮਲੇ ਦੇਸ਼ ਦੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਵਾਪਰਦੇ ਰਹਿੰਦੇ ਹਨ, ਪਰ ਮੀਡੀਆ ਵਿੱਚ ਸੁਰਖੀਆਂ ਨਾ ਬਣਨ ਕਰਕੇ ਉਹ ਲੋਕਾਂ ਦੇ ਧਿਆਨ ਵਿੱਚ ਨਹੀਂ ਆਉਂਦੇ।ਸਥਿਤੀ ਚਿੰਤਾਜਨਕ ਹੁੰਦੀ ਜਾ ਰਹੀ ਹੈ ਕਿ ਕਈ ਵਾਰ ਪ੍ਰੀਖਿਆਵਾਂ ਦੌਰਾਨ ਪ੍ਰਸ਼ਨ ਪੱਤਰਾਂ ਨੂੰ ਸਹੀ ਢੰਗ ਨਾਲ ਹੱਲ ਨਾ ਕਰਨ ਅਤੇ ਕਈ ਵਾਰ ਪ੍ਰੀਖਿਆ ਦੀ ਸਹੀ ਤਿਆਰੀ ਨਾ ਹੋਣ ਕਾਰਨ ਹੁਣ ਕੁਝ ਵਿਦਿਆਰਥੀ ਨਿਰਾਸ਼ ਹੋ ਕੇ ਖ਼ੁਦਕੁਸ਼ੀਆਂ ਕਰਨ ਲੱਗ ਪਏ ਹਨ। 10ਵੀਂ ਜਾਂ 12ਵੀਂ ਜਮਾਤ ਦੇ ਨਤੀਜੇ ਹੋਣ ਜਾਂ ਮੈਡੀਕਲ ਤੇ ਇੰਜਨੀਅਰਿੰਗ ਦੀਆਂ ਪ੍ਰਵੇਸ਼ ਪ੍ਰੀਖਿਆਵਾਂ, ਅਜਿਹੇ ਇਮਤਿਹਾਨਾਂ ਵਿੱਚ ਸਫ਼ਲ ਨਾ ਹੋਣ ਕਾਰਨ ਹੁਣ ਕੁਝ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਵਰਗਾ ਦਿਲ ਦਹਿਲਾਉਣ ਵਾਲਾ ਕਦਮ ਚੁੱਕਣਾ ਸ਼ੁਰੂ ਕਰ ਦਿੱਤਾ ਹੈ।

ਨੌਜਵਾਨਾਂ ਵਿੱਚ ਖ਼ੁਦਕੁਸ਼ੀ ਦਾ ਇਹ ਵਧਦਾ ਰੁਝਾਨ ਹੁਣ ਹਰ ਕਿਸੇ ਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਨ ਲਈ ਕਾਫੀ ਹੈ। ਵਿਦਿਆਰਥੀ ਖ਼ੁਦਕੁਸ਼ੀਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਬਹੁਤ ਹੀ ਚਿੰਤਾਜਨਕ ਤਸਵੀਰ ਸਾਹਮਣੇ ਆਉਂਦੀਹੈ। ਰਾਜ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ 2018 ਤੋਂ 2023 ਤੱਕ ਦੇ ਪੰਜ ਸਾਲਾਂ ਦੇ ਅਰਸੇ ਵਿੱਚ ਦੇਸ਼ ਦੀਆਂ ਉੱਚ ਵਿਦਿਅਕ ਸੰਸਥਾਵਾਂ ਜਿਵੇਂ ਕਿ ਆਈਆਈਟੀ, ਐਨਆਈਟੀ, ਆਈਆਈਐਮ ਵਿੱਚ 61 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ।



ਦੇਸ਼ ਦੇ ਨੌਜਵਾਨਾਂ ਅਤੇ ਖਾਸ ਕਰਕੇ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਖ਼ੁਦਕੁਸ਼ੀ ਦਾ ਇਹ ਵਧਦਾ ਰੁਝਾਨ ਬਹੁਤ ਚਿੰਤਾਜਨਕ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਸਿੱਖਿਆ ਅਤੇ ਕੈਰੀਅਰ ਦੇ ਮੁਕਾਬਲੇ ਅਤੇ ਮਾਪਿਆਂ ਅਤੇ ਅਧਿਆਪਕਾਂ ਦੀਆਂ ਵਧਦੀਆਂ ਉਮੀਦਾਂ ਕਾਰਨ ਵਿਦਿਆਰਥੀਆਂ 'ਤੇ ਪੜ੍ਹਾਈ ਦਾ ਵੱਧ ਰਿਹਾ ਬੇਲੋੜਾ ਦਬਾਅ ਹੈ, ਜਿਸ ਕਾਰਨ ਉਨ੍ਹਾਂ ਲਈ ਮੁਸ਼ਕਲ ਸਥਿਤੀ ਪੈਦਾ ਹੋ ਗਈ ਹੈ। ਬਹੁਤ ਸਾਰੇ ਬੱਚੇ ਇਸ ਦਬਾਅ ਨੂੰ ਝੱਲ ਨਹੀਂ ਪਾਉਂਦੇ,ਜਿਸ ਕਾਰਨ ਉਨ੍ਹਾਂ ਵਿੱਚ ਉਦਾਸੀ ਪੈਦਾ ਹੋ ਜਾਂਦੀ ਹੈ।

ਬਹੁਤ ਸਾਰੇ ਅਧਿਐਨਾਂ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਜਿਵੇਂ-ਜਿਵੇਂ ਪ੍ਰੀਖਿਆਵਾਂ ਨੇੜੇ ਆਉਂਦੀਆਂਹਨ, ਵਿਦਿਆਰਥੀਆਂ ਵਿੱਚ ਚਿੰਤਾ ਅਤੇ ਉਦਾਸੀਨਤਾ ਵਧਣ ਲੱਗਦੀ ਹੈ ਅਤੇ ਕੁਝ ਮਾਮਲਿਆਂ ਵਿੱਚ ਇਹ ਵਧਦਾ ਡਿਪਰੈਸ਼ਨ ਉਨ੍ਹਾਂ ਦੀ ਖ਼ੁਦਕੁਸ਼ੀ ਦਾ ਕਾਰਨ ਵੀ ਬਣ ਜਾਂਦਾ ਹੈ। ਇੰਜਨੀਅਰਿੰਗ ਅਤੇ ਮੈਡੀਕਲ ਕਾਲਜਾਂ ਵਿੱਚ ਸੀਟਾਂ ਦੀ ਬਹੁਤਾਤ ਹੋਣ ਕਾਰਨ ਜਿੱਥੇ ਹੁਣ ਦਿੱਲੀ ਯੂਨੀਵਰਸਿਟੀ ਵਰਗੇ ਵਿਦਿਅਕ ਅਦਾਰਿਆਂ ਵਿੱਚ ਜਨਰਲ ਅੰਡਰ ਗਰੈਜੂਏਟ ਕੋਰਸਾਂ ਵਿੱਚ ਦਾਖ਼ਲੇ ਲਈ ਸਖ਼ਤ ਮੁਕਾਬਲਾ ਹੈ।

ਅਜਿਹੀ ਸਥਿਤੀ ਵਿੱਚ ਵਿਦਿਆਰਥੀ ਆਪਣੀ ਪੜ੍ਹਾਈ ਅਤੇ ਭਵਿੱਖ ਨੂੰ ਲੈ ਕੇ ਡੂੰਘੇ ਉਲਝਣ ਵਿੱਚ ਰਹਿੰਦੇ ਹਨ। ਕੁਝ ਕੈਰੀਅਰ ਜਾਂ ਨੌਕਰੀ ਬਾਰੇ ਚਿੰਤਤ ਹਨ ਜਦੋਂ ਕਿ ਕੁਝ ਪਰਿਵਾਰਕ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਕੁਝ ਬੱਚੇ ਪ੍ਰੀਖਿਆ 'ਚ ਉਮੀਦ ਤੋਂ ਘੱਟ ਰੈਂਕ ਆਉਣ 'ਤੇ ਖ਼ੁਦਕੁਸ਼ੀ ਦਾ ਰਾਹ ਚੁਣਦੇ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅੰਕਾਂ ਦੀ ਦੌੜ 'ਚ ਪੱਛੜ ਜਾਣ ਕਾਰਨ ਉਨ੍ਹਾਂ ਦਾ ਭਵਿੱਖ ਧੁੰਦਲਾ ਹੋ ਗਿਆ ਹੈ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਦੁਨੀਆ ਵਿੱਚ ਹਰ ਚਾਲੀ ਸਕਿੰਟ ਵਿੱਚ ਇੱਕ ਵਿਅਕਤੀ ਖ਼ੁਦਕੁਸ਼ੀ ਕਰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਹਰ ਸਾਲ ਦੁਨੀਆਂ ਭਰ 'ਚ ਅੱਠ ਲੱਖ ਲੋਕ ਖ਼ੁਦਕੁਸ਼ੀ ਕਰਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦੇ ਹਨ, ਜਿਨ੍ਹਾਂ 'ਚੋਂ ਵੱਡੀ ਗਿਣਤੀ 'ਚ ਖ਼ੁਦਕੁਸ਼ੀ ਦੇ ਮਾਮਲੇ 15 ਤੋਂ 29 ਸਾਲ ਦੀ ਉਮਰ ਦੇ ਵਿਚਕਾਰ ਹੁੰਦੇ ਹਨ, ਜਦਕਿ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਦੀ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੈ।

ਡਬਲਯੂ.ਐਚ.ਓ. ਦੇ ਅੰਕੜਿਆਂ ਅਨੁਸਾਰ, ਦੁਨੀਆਂ ਭਰ ਵਿੱਚ 79 ਪ੍ਰਤੀਸ਼ਤ ਖ਼ੁਦਕੁਸ਼ੀਆਂ ਹੇਠਲੇ ਅਤੇ ਮੱਧ ਵਰਗ ਦੇ ਦੇਸ਼ਾਂ ਦੇ ਲੋਕਾਂ ਦੁਆਰਾ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਦੀ ਹੈ, ਜਿਨ੍ਹਾਂ ਦੇ ਮੋਢਿਆਂ 'ਤੇ ਕਿਸੇ ਵੀ ਦੇਸ਼ ਦਾ ਭਵਿੱਖ ਟਿਕਿਆ ਹੋਇਆ ਹੈ। ਪਿਛਲੇ ਕੁਝ ਸਾਲਾਂ 'ਚ ਦੁਨੀਆਂ ਭਰ 'ਚ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਤੇਜ਼ੀ ਨਾਲ ਵਧੀਆਂ ਹਨ ਪਰ ਭਾਰਤ 'ਚ ਖ਼ੁਦਕੁਸ਼ੀਆਂ ਦੀ ਗਿਣਤੀ ਕਾਫੀ ਚਿੰਤਾਜਨਕ ਹੈ।

ਲੋਕਾਂ ਵਿੱਚ ਡਿਪਰੈਸ਼ਨ ਲਗਾਤਾਰ ਵਧਦਾ ਜਾ ਰਿਹਾ ਹੈ, ਜਿਸ ਕਾਰਨ ਕੁਝ ਲੋਕ ਖ਼ੁਦਕੁਸ਼ੀ ਵਰਗਾ ਦਿਲ ਦਹਿਲਾਉਣ ਵਾਲਾ ਕਦਮ ਚੁੱਕਦੇ ਹਨ। ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਖ਼ੁਦਕੁਸ਼ੀਆਂ ਦਾ ਵੱਧ ਰਿਹਾ ਰੁਝਾਨ ਗੰਭੀਰ ਚਿੰਤਾ ਦਾ ਕਾਰਨ ਬਣਦਾ ਜਾ ਰਿਹਾ ਹੈ। ਮਨੋਵਿਗਿਆਨੀ ਮਾਹਿਰਾਂ ਅਨੁਸਾਰ ਜਦੋਂ ਵੀ ਕੋਈ ਵਿਅਕਤੀ ਜਾਂ ਨੌਜਵਾਨ ਡੂੰਘੇ ਮਾਨਸਿਕ ਤਣਾਅ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਦੇ ਵਿਹਾਰ ਵਿੱਚ ਪਹਿਲਾਂ ਦੇ ਮੁਕਾਬਲੇ ਕੁਝ ਬਦਲਾਅ ਦੇਖਣ ਨੂੰ ਮਿਲਦੇ ਹਨ। ਅਜਿਹੀ ਸਥਿਤੀ ਵਿੱਚ ਆਪਣੇ ਆਲੇ-ਦੁਆਲੇ ਮੌਜੂਦ (ਬਾਕੀ ਸਫ਼ਾ 30 'ਤੇ)

# ਹਿੰਸਾ ਦਾ ਸ਼ਿਕਾਰ ਹੋਇਆ ਬਚਪਨ

## ਮਨੀਪੁਰ ਦੇ ਕੈਂਪਾਂ 'ਚ ਮੌਜੂਦ ਹਨ 12 ਹਜ਼ਾਰ ਬੱਚੇ



ਮਨੀਪੁਰ ਵਿੱਚ ਭਾਵੇਂ ਹਿੰਸਾ 'ਚ ਕੁਝ ਕਮੀ ਆਈ ਹੈ, ਪਰ ਜਨਜੀਵਨ ਪਟੜੀ 'ਤੇ ਨਹੀਂ ਮੁੜਿਆ ਹੈ। ਚਾਹੇ ਇਹ ਮੇਤੇਈ ਦਾ ਦਬਦਬਾ ਇੰਫਾਲ ਘਾਟੀ ਅਤੇ ਇਸ ਨਾਲ ਜੁੜੇ 5 ਹੋਰ ਜ਼ਿਲ੍ਹੇ ਹੋਣ ਜਾਂ ਕੁਕੀ ਦਾ ਦਬਦਬਾ ਚੁਰਾਚੰਦਪੁਰ, ਟੇਂਗਨੋਪੋਲ, ਕਾਂਗਪੋਕਪੀ, ਥਾਈਸੋਲ ਹੋਵੇ। ਸਕੂਲ, ਬਾਜ਼ਾਰ, ਦਫ਼ਤਰ ਹਰ ਪਾਸੇ ਖੁੱਲ੍ਹ ਗਏ ਹਨ।

ਇੰਫਾਲ ਘਾਟੀ 'ਚ ਏਸ਼ੀਆ ਦਾ ਸਭ ਤੋਂ ਵੱਡਾ ਮਹਿਲਾ ਬਾਜ਼ਾਰ ਇਮਾ ਕੈਥਲ ਵੀ ਖੁੱਲ੍ਹਿਆ ਹੈ। ਕੂਕੀ ਜ਼ਿਲ੍ਹਿਆਂ ਦੇ ਬਜ਼ਾਰਾਂ, ਸਕੂਲਾਂ ਅਤੇ ਦਫ਼ਤਰਾਂ ਵਿੱਚ ਕੋਈ ਮੀਤੀ ਨਜ਼ਰ ਨਹੀਂ ਆਵੇਗਾ। ਇਹੀ ਹਾਲਤ ਮੀਤੀ ਖੇਤਰਾਂ ਦੀ ਹੈ। ਸਕੂਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ ਕਿਉਂਕਿ 12 ਹਜ਼ਾਰ 104 ਸਕੂਲੀ ਬੱਚਿਆਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ। ਇਹ ਬੱਚੇ ਸੂਬੇ ਦੇ 349 ਰਾਹਤ ਕੈਂਪਾਂ ਵਿੱਚ ਰਹਿ ਰਹੇ ਹਨ।

3 ਮਈ ਨੂੰ ਜਦੋਂ ਹਿੰਸਾ ਭੜਕੀ ਤਾਂ ਸਕੂਲ ਸਾੜ ਦਿੱਤੇ ਗਏ। ਕਿਸੇ ਤਰ੍ਹਾਂ 10 ਅਗਸਤ ਤੋਂ ਸਕੂਲ ਖੁੱਲ੍ਹ ਗਏ ਪਰ ਮਾਪਿਆਂ ਨੇ ਆਪਣੇ ਬੱਚੇ ਨਹੀਂ ਭੇਜੇ। ਆਖਿਰ ਸੁਰੱਖਿਆ ਬਲਾਂ ਦੇ ਮਨਾਉਣ ਤੋਂ ਬਾਅਦ ਬੱਚਿਆਂ ਨੇ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਹੈ, ਪਰ ਪੜ੍ਹਾਈ ਪੂਰੀ ਨਹੀਂ ਹੋ ਰਹੀ ਹੈ। ਸਕੂਲ ਸਿਰਫ਼ 3 ਤੋਂ 5 ਘੰਟੇ ਲੈ ਰਿਹਾ ਹੈ, 8 ਘੰਟੇ ਨਹੀਂ। ਉਹ ਵੀ ਸੁਰੱਖਿਆ ਬਲਾਂ ਦੇ ਸਾਏ ਹੇਠ।

ਜਦੋਂ ਪੱਤਰਕਾਰਾਂ ਨੇ ਮਸੀਹ ਜੋਤੀ ਸਕੂਲ ਦੇ ਅਧਿਆਪਕ ਹੈਕਰੁਜਮ ਚਾਰੂਵਾਲਾ ਨੂੰ ਸਕੂਲਾਂ ਵਿੱਚ ਡਰ ਬਾਰੇ ਪੁੱਛਿਆ ਤਾਂ ਉਸਨੇ ਕਿਹਾ - ਅਸੀਂ ਬੁਰੀ ਤਰ੍ਹਾਂ ਡਰੇ ਹੋਏ ਹਾਂ। ਪਤਾ ਨਹੀਂ ਕਦੋਂ ਹਾਲਾਤ ਵਿਗੜ ਜਾਣਗੇ। ਦੱਸ ਦੇਈਏ ਕਿ ਸੂਬੇ ਵਿੱਚ 40 ਹਜ਼ਾਰ ਤੋਂ ਵੱਧ ਜਵਾਨ ਤਾਇਨਾਤ ਹਨ।

ਮਨੀਪੁਰ ਦੇ ਸਕੂਲ ਸਿੱਖਿਆ ਦੇ ਡਾਇਰੈਕਟਰ ਐਲ. ਨੰਦਕੁਮਾਰ ਦਾ ਕਹਿਣਾ ਹੈ ਕਿ ਪਹਿਲਾਂ ਸਕੂਲ ਕੈਂਪਸ ਵਿੱਚ ਹੀ ਰਾਹਤ ਕੈਂਪ ਲਗਾਉਣ ਦੀ ਯੋਜਨਾ ਸੀ, ਤਾਂ ਜੋ ਪੜ੍ਹਾਈ ਨਾ ਰੁਕੇ, ਪਰ ਇਹ ਯੋਜਨਾ ਅੱਗੇ ਨਹੀਂ ਵਧੀ। ਹੁਣ 8,722 ਸ਼ਰਨਾਰਥੀ ਬੱਚਿਆਂ ਨੂੰ ਰਾਹਤ ਕੈਂਪ ਨੇੜੇ ਸਕੂਲਾਂ ਵਿੱਚ ਦਾਖ਼ਲਾ ਦਿੱਤਾ ਗਿਆ ਹੈ। ਉਨ੍ਹਾਂ ਦੀ ਸਿੱਖਿਆ ਮੁਫ਼ਤ ਹੈ। 3382 ਬੱਚੇ ਅਜੇ ਵੀ ਪੜ੍ਹਾਈ ਤੋਂ ਦੂਰ ਹਨ। ਸੈਨਾਪਤੀ, ਟੇਮੇਂਗਲੋਂਗ, ਉਰਖੁਲ, ਕੇਮਜੋਂਗ ਦੇ ਸਕੂਲ ਪਿਛਲੇ 6 ਮਹੀਨਿਆਂ ਵਿੱਚ ਇੱਕ ਵਾਰ ਵੀ ਬੰਦ ਨਹੀਂ ਕੀਤੇ ਗਏ, ਕਿਉਂਕਿ ਇੱਥੇ ਕੋਈ ਹਿੰਸਾ ਨਹੀਂ ਹੋਈ ਸੀ। ਅੱਜ ਲਗਭਗ ਸਾਰੇ ਸਕੂਲਾਂ ਵਿੱਚ 90% ਹਾਜ਼ਰੀ ਹੈ।

ਕੁੱਕੀ ਖੇਤਰਾਂ ਦੇ ਹਸਪਤਾਲਾਂ ਵਿੱਚ ਮੈਤਈ ਡਾਕਟਰ ਸਨ, ਜੋ ਚਲੇ ਗਏ ਹਨ।

ਮਈ ਵਿੱਚ ਹਿੰਸਾ ਭੜਕਣ ਤੋਂ ਬਾਅਦ, ਕੁਕੀ ਦੇ ਪ੍ਰਭਾਵ ਵਾਲੇ ਜ਼ਿਲ੍ਹਿਆਂ ਜਿਵੇਂ ਕਿ ਚੂਰਾਚੰਦਪੁਰ ਅਤੇ ਟੇਂਗਨੋਪੋਲ ਵਿੱਚ ਮੈਤਈ ਡਾਕਟਰਾਂ ਨੇ ਹਸਪਤਾਲ ਛੱਡ ਦਿੱਤੇ ਸਨ। ਇਸ ਕਾਰਨ ਇੱਥੇ ਇਲਾਜ ਬੰਦ ਕਰ ਦਿੱਤਾ ਗਿਆ। ਹੁਣ ਕੁਕੀ ਡਾਕਟਰ ਚਾਰਜ ਲੈ ਰਿਹਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਆਯੂਸ਼ ਡਾਕਟਰ ਹਨ, ਪਰ ਸਪਲਾਈ ਨਾ ਹੋਣ ਕਾਰਨ ਮਲਮਾਂ, ਪੱਟੀਆਂ ਅਤੇ ਦਵਾਈਆਂ ਦੀ ਭਾਰੀ ਘਾਟ ਹੈ। ਰੀਜਨਲ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਰਿਮਸ) ਦੇ ਡਾ: ਵੀਰ ਸ਼ਰਮਾ ਅਨੁਸਾਰ ਇਹ ਯਕੀਨੀ ਬਣਾਉਣ ਲਈ ਕਿ ਮੀਤੀ ਅਤੇ ਕੁਕੀ ਮੈਡੀਕਲ ਵਿਦਿਆਰਥੀਆਂ ਦੀ ਪੜ੍ਹਾਈ ਬਰਬਾਦ ਨਾ ਹੋਵੇ, ਉਨ੍ਹਾਂ ਨੂੰ ਉਕਤ ਖੇਤਰਾਂ ਦੇ ਹਸਪਤਾਲਾਂ ਨਾਲ ਜੋੜਿਆ ਗਿਆ ਹੈ।

ਸਰਕਾਰ ਦੇ ਹੁਕਮਾਂ 'ਤੇ ਜੂਨ ਮਹੀਨੇ ਤੋਂ ਦਫ਼ਤਰ ਖੋਲ੍ਹ ਦਿੱਤੇ ਗਏ ਸਨ ਪਰ ਕੁੱਕੀ ਇਲਾਕਿਆਂ 'ਚ ਸਰਕਾਰੀ ਮੁਲਾਜ਼ਮ ਅਜੇ ਵੀ ਗਾਇਬ ਹਨ। ਚੂਰਾਚੰਦਪੁਰ ਵਿੱਚ ਸਿਰਫ਼ 327 ਮੁਲਾਜ਼ਮ ਹੀ ਕੰਮ 'ਤੇ ਪਰਤੇ ਹਨ। ਟੇਂਗਨੋਪੋਲ, ਮੋਰੇਹ, ਕਾਂਗਪੋਕਪੀ, ਥੌਬੋਲ ਵਿੱਚ ਵੀ ਇਹੀ ਸਥਿਤੀ ਹੈ। ਹਾਲਾਂਕਿ, ਸਾਰੇ ਸਰਕਾਰੀ ਕਰਮਚਾਰੀ ਮੀਤੀ ਦੇ ਦਬਦਬੇ ਵਾਲੇ ਜ਼ਿਲ੍ਹਿਆਂ ਵਿੱਚ ਆ ਰਹੇ ਹਨ।

ਮਨੀਪੁਰ ਦੇ ਸਰਹੱਦੀ ਇਲਾਕਿਆਂ ਵਿੱਚ ਪੁਲਿਸ ਕਮਾਂਡੋ ਦੀ ਗਿਣਤੀ ਵਧਾ ਦਿੱਤੀ ਗਈ ਹੈ। ਉਧਰ, ਕਬਾਇਲੀ ਔਰਤਾਂ ਦੇ ਇੱਕ ਵਰਗ ਨੇ ਮਿਆਂਮਾਰ ਦੀ ਸਰਹੱਦ ਨਾਲ ਲੱਗਦੇ ਮੋਰੇਹ ਸ਼ਹਿਰ ਵਿੱਚ ਵੀ ਇਸ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਕਬਾਇਲੀ ਸੰਗਠਨ ਕੁਕੀ ਇੰਪੀ ਅਤੇ ਕਬਾਇਲੀ ਏਕਤਾ ਦੀ ਕਮੇਟੀ (ਸੀਓਟੀਯੂ) ਨੇ 22 ਅਕਤੂਬਰ ਨੂੰ ਦਾਅਵਾ ਕੀਤਾ ਸੀ ਕਿ ਇੰਫਾਲ ਘਾਟੀ ਦੇ ਮੁਕਾਬਲੇ ਸ਼ਹਿਰ ਵਿੱਚ ਜ਼ਿਆਦਾ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ।

# ਅਮਰੀਕਾ ’ਚ ਵੱਡੀ ਸਮੱਸਿਆ ਬਣਿਆ ‘ਗੰਨ ਕਲਚਰ’



## ਨਫ਼ਰਤ, ਅਪਰਾਧ, ਹਿੰਸਾ ਅਤੇ ਬੰਦੂਕ ਸੱਭਿਆਚਾਰ ਦਾ ਗੜ੍ਹ ਬਣਿਆ ਅਮਰੀਕਾ

**ਹਿੰਸਾ ਦੀ ਭਾਸ਼ਾ ਬੋਲਣ ਵਾਲਾ, ਹਿੰਸਾ ਦੀ ਧਰਤੀ ਨੂੰ ਖਾਦ ਅਤੇ ਪਾਣੀ ਮੁਹੱਈਆ ਕਰਵਾਉਣ ਵਾਲਾ ਅਤੇ ਦੁਨੀਆਂ ਵਿੱਚ ਹਥਿਆਰਾਂ ਦਾ ਤੂਫ਼ਾਨ ਲਿਆਉਣ ਵਾਲਾ ਅਮਰੀਕਾ ਹੁਣ ਖ਼ੁਦ ਹਿੰਸਾ ਦਾ ਸ਼ਿਕਾਰ ਹੋ ਰਿਹਾ ਹੈ।**



ਦੁਨੀਆਂ ਵਿੱਚ ਆਪਣੇ ਆਪ ਨੂੰ ਸਭਿਅਕ ਅਤੇ ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ ਮੰਨਣ ਵਾਲੇ ਅਮਰੀਕਾ ਦੇ ਲੋਕਾਂ ਵਿੱਚ ਵਧ ਰਹੇ ‘ਗੰਨ ਕਲਚਰ’ ਦੇ ਨਾਲ-ਨਾਲ ਵਧਦੀ ਅਸਹਿਣਸ਼ੀਲਤਾ, ਹਿੰਸਕ ਮਾਨਸਿਕਤਾ ਅਤੇ ਹਥਿਆਰਾਂ ਦੀ ਆਸਾਨ ਉਪਲਬਧਤਾ ਦੇ ਮਾੜੇ ਪ੍ਰਭਾਵ ਲਗਾਤਾਰ ਵਾਪਰ ਰਹੀਆਂ ਦੁਖਦਾਈ ਘਟਨਾਵਾਂ ਦੇ ਰੂਪ ਵਿੱਚ ਸਾਹਮਣੇ ਆ ਰਹੇ ਹਨ, ਇਹ ਚਿੰਤਾਜਨਕ ਹੈ। ਅਮਰੀਕਾ ਦੀ ਆਧੁਨਿਕ ਸੱਭਿਅਤਾ ਦੀ ਸਭ ਤੋਂ ਵੱਡੀ ਸਮੱਸਿਆ ਇਹ ਰਹੀ ਹੈ ਕਿ ਇੱਥੇ ਹਿੰਸਾ ਇੰਨੀ ਕੁਦਰਤੀ ਹੋ ਗਈ ਹੈ ਕਿ ਹਰ ਚੀਜ਼ ਦਾ ਜਵਾਬ ਹਿੰਸਾ ਦੀ ਭਾਸ਼ਾ ਵਿੱਚ ਹੀ ਦਿੱਤਾ ਜਾਣ ਲੱਗਾ ਹੈ। ਉੱਥੇ ਹਿੰਸਾ ਦਾ ਮਾਹੌਲ ਏਨਾ ਜ਼ੋਰਦਾਰ ਹੋ ਗਿਆ ਹੈ ਕਿ ਉੱਥੇ ਦੇ ਬੰਦੂਕ ਕਲਚਰ ਕਾਰਨ ਉੱਥੇ ਦੇ ਲੋਕ ਆਪਣੇ ਹੀ ਘਰਾਂ ਵਿੱਚ ਬਹੁਤ ਅਸੁਰੱਖਿਅਤ ਹੋ ਗਏ ਹਨ।

ਅਮਰੀਕਾ ਨੂੰ ਆਪਣੇ ਵਿਗੜ ਰਹੇ ਅਕਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਇੱਕ ਬੁਰਾ ਦਾਗ ਹੈ ਜੋ ਉਸਦੇ ਅੰਤਰਰਾਸ਼ਟਰੀ ਅਕਸ ਨੂੰ ਠੇਸ ਪਹੁੰਚਾ ਰਿਹਾ ਹੈ।ਦੁਨੀਆਂ ਵਿੱਚ ਬੰਦੂਕ ਕਲਚਰ ਨੂੰ ਵਧਾਵਾ ਦੇਣ ਵਾਲੇ ਅਮਰੀਕਾ ਲਈ ਇਹ ਹੁਣ ਆਪਣੇ ਆਪ ਵਿੱਚ ਵੱਡੀ ਸਮੱਸਿਆ ਬਣ ਗਿਆ ਹੈ। ਅਮਰੀਕਾ ਨਫ਼ਰਤ, ਅਪਰਾਧ, ਹਿੰਸਾ ਅਤੇ ਬੰਦੂਕ ਸੱਭਿਆਚਾਰ ਦੇ ਗੜ੍ਹ ਵਜੋਂ ਜਾਣਿਆ ਜਾਂਦਾ ਹੈ। ਸਿੱਖ ਜਾਂ ਮੁਸਲਿਮ ਬੱਚੇ ਦਾ ਕਤਲ ਹੋਵੇ ਜਾਂ ਕਿਸੇ ਕਾਲੇ ਵਿਅਕਤੀ ’ਤੇ ਬੇਰਹਿਮੀ ਦਾ ਮਾਮਲਾ ਹੋਵੇ, ਅਮਰੀਕਾ ਵਿਚ ਸਥਿਤੀ ਦਿਨੋ-ਦਿਨ ਨਿੰਦਣਯੋਗ, ਡਰਾਉਣੀ ਅਤੇ ਅਸੰਤੁਲਿਤ ਹੁੰਦੀ ਜਾ ਰਹੀ ਹੈ। ਕੋਈ ਵੀ ਸਾਧਾਰਨ ਦਿੱਖ ਵਾਲਾ ਆਦਮੀ ਹਥਿਆਰ ਲੈ ਕੇ ਆਉਂਦਾ ਹੈ ਅਤੇ ਕਈ ਲੋਕਾਂ ਨੂੰ ਮਾਰ ਦਿੰਦਾ ਹੈ। ਅਮਰੀਕਾ ਵਿੱਚ ਹਰ ਰੋਜ਼ ਖ਼ਬਰਾਂ ਆਉਂਦੀਆਂ ਹਨ ਕਿ ਕੋਈ ਨਾ ਕੋਈ ਪਾਗਲ ਆਪਣੀ ਬੰਦੂਕ ਨਾਲ ਕਿਤੇ ਸਕੂਲ ਜਾਂ ਕਦੇ ਬਾਜ਼ਾਰ ਵਿੱਚ ਅੰਨ੍ਹੇਵਾਹ ਗੋਲੀਆਂ ਚਲਾਉਣ ਲੱਗ ਪੈਂਦਾ ਹੈ ਅਤੇ ਲੋਕਾਂ ਨੂੰ ਬੇਵਜ੍ਹਾ ਮਾਰ ਦਿੱਤਾ ਜਾਂਦਾ ਹੈ। ਹੁਣ ਤਾਂ ਅਮਰੀਕੀ ਬੱਚਿਆਂ ਦੇ ਹੱਥਾਂ ਵਿੱਚ ਬੰਦੂਕਾਂ ਵੀ ਹਨ। ਇਸ ਦੇ ਪਿੱਛੇ ਇੱਕ ਵੱਡਾ ਕਾਰਨ ਆਮ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਬੰਦੂਕਾਂ ਦੀ ਆਸਾਨੀ ਨਾਲ ਉਪਲਬਧਤਾ ਹੈ ਅਤੇ ਇਨ੍ਹਾਂ ਬੰਦੂਕਾਂ ਦੀ ਵਰਤੋਂ ਮਾਮੂਲੀ ਅਤੇ ਪਾਗਲਪਣ ਦੇ ਮਾਮਲਿਆਂ ਵਿੱਚ ਅੰਨ੍ਹੇਵਾਹ ਗੋਲੀਬਾਰੀ ਲਈ ਕੀਤੀ ਜਾਂਦੀ ਹੈ, ਜੋ ਕਿ ਡੂੰਘੀ ਚਿੰਤਾ ਦਾ ਕਾਰਨ ਬਣ ਗਈ ਹੈ।ਆਮ ਲੋਕਾਂ ਦੇ ਜੀਵਨ ਵਿੱਚ ਹਰ ਵੇਲੇ ਕਿਸੇ ਨਾ ਕਿਸੇ ਪਾਗਲ ਵਿਅਕਤੀ ਦੇ ਮਨਸੂਬਿਆਂ ਕਾਰਨ ਕਿਸੇ ਨਾ ਕਿਸੇ ਵੱਡੀ ਤਬਾਹੀ ਦਾ ਡਰ ਬਣਿਆ ਰਹਿੰਦਾ ਹੈ। ਉਥੋਂ ਦੇ ਵਿਸ਼ਵਾਸ ਅਤੇ ਵਫ਼ਾਦਾਰੀ ਇਸ ਕਦਰ ਜਖਮੀ ਹੋ ਚੁੱਕੀ ਹੈ ਕਿ ਮਨੁੱਖਾਂ ਵਿੱਚ ਵਿਸ਼ਵਾਸ ਵਰਗੀ ਕੋਈ ਸੁਰੱਖਿਆ ਢਾਲ ਨਹੀਂ ਰਹੀ। ਸਾਫ ਸੁਥਰੇ ਚਿਹਰਿਆਂ ਦੇ ਅੰਦਰ ਕਿਹੜੇ ਭੈੜੇ ਅਤੇ ਪਾਗਲ ਮਨ ਛੁਪੇ ਹੋਏ ਹਨ, ਇਹ ਕਹਿਣਾ ਮੁਸ਼ਕਿਲ ਹੈ।ਅਮਰੀਕਾ ਦੀ ਹਥਿਆਰਾਂ ਦੀ ਦੌੜ ਅਤੇ ਟੈਕਨਾਲੋਜੀ ਦੀ ਦੌੜ ਸਮੁੱਚੀ ਮਨੁੱਖ ਜਾਤੀ ਨੂੰ ਅਜਿਹੇ ਖੂੰਜੇ ਵੱਲ ਧੱਕ ਰਹੀ ਹੈ ਜਿੱਥੋਂ ਮੁੜਨਾ ਮੁਸ਼ਕਿਲ ਹੋ ਗਿਆ ਹੈ। ਹੁਣ ਦੁਨੀਆ ਦੇ ਨਾਲ-ਨਾਲ ਅਮਰੀਕਾ ਵੀ ਇਨ੍ਹਾਂ ਹਥਿਆਰਾਂ ਅਤੇ ਹਿੰਸਕ ਮਾਨਸਿਕਤਾ ਦਾ ਸ਼ਿਕਾਰ ਹੈ। ਅਸਲ ਵਿੱਚ ਅਮਰੀਕਾ ਨਫ਼ਰਤ, ਮਾਨਸਿਕ ਅਸੰਤੁਲਨ, ਵਿਦਰੋਹ ਅਤੇ ਅਸੰਤੋਸ਼ ਨੂੰ ਰੋਕਣ ਦੀ ਆਪਣੀ ਮੁਹਿੰਮ ਵਿੱਚ ਨਾਕਾਮ ਹੋ ਰਿਹਾ ਹੈ। ਐਫ.ਬੀ.ਆਈ. ਦੀ ਸਾਲਾਨਾ ਅਪਰਾਧ ਰਿਪੋਰਟ ਇਹ ਉਜਾਗਰ ਕਰਦੀ ਹੈ ਕਿ ਬੰਦੂਕ ਸੱਭਿਆਚਾਰ ਅਤੇ ਇਸ ਨਾਲ ਜੁੜੀ ਹਿੰਸਾ ਵਿਆਪਕ ਹੋ ਗਈ ਹੈ। ਪਿਛਲੇ ਸਾਲ ਅਮਰੀਕਾ ਵਿੱਚ ਕਰੀਬ ਪੰਜ ਲੱਖ ਹਿੰਸਕ ਅਪਰਾਧਾਂ ਵਿੱਚ ਬੰਦੂਕਾਂ ਦੀ ਵਰਤੋਂ ਕੀਤੀ ਗਈ ਸੀ। ਗਨ ਕਲਚਰ 2020 ਵਿੱਚ ਅਮਰੀਕੀ ਬੱਚਿਆਂ ਦੀ ਮੌਤ ਦਾ ਮੁੱਖ ਕਾਰਨ ਬਣਿਆ ਅਤੇ 2022 ਵਿੱਚ ਸਥਿਤੀ ਹੋਰ ਵੀ ਬਦਤਰ ਹੋ ਗਈ। ਜਾਨ ਗੁਆਉਣ ਵਾਲੇ ਬੱਚਿਆਂ ਦੀ ਗਿਣਤੀ 12 ਫੀਸਦੀ ਵਧੀ ਹੈ। ਅਜਿਹੇ ਹਾਲਾਤ ਵਿੱਚ ਅਮਰੀਕਾ ਦੁਨੀਆਂ ਲਈ ਰੋਲ ਮਾਡਲ ਕਿਵੇਂ ਬਣ ਸਕਦਾ ਹੈ ? ਜਿੱਥੇ ਦੁਨੀਆ ਅਮਰੀਕੀ ਸੱਭਿਆਚਾਰ ਦੀ ਪਾਲਣਾ ਕਰਦੀ ਹੈ, ਉੱਥੇ ਅਮਰੀਕਾ ਕਈ ਦੇਸ਼ਾਂ ਦੀਆਂ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀਆਂ ਰਿਪੋਰਟਾਂ ਜਾਰੀ ਕਰਦਾ ਹੈ। ਜੇਕਰ ਅਮਰੀਕਾ ਆਪਣੀ ਕਹਿਣੀ ਅਤੇ ਕਰਨੀ ਵਿਚਲਾ ਫਰਕ ਖਤਮ ਕਰਨ ਵੱਲ ਵਧਦਾ ਹੈ ਤਾਂ ਦੁਨੀਆ ਨੂੰ ਇਸ ਦੇ ਨਾਲ-ਨਾਲ ਹੋਰ ਫਾਇਦਾ ਹੋਵੇਗਾ।

ਸਿਆਸੀ ਆਬਜ਼ਰਵਰਾਂ ਅਨੁਸਾਰ ਅਮਰੀਕਾ ਵਿੱਚ ‘ਬੰਦੂਕ ਕਲਚਰ’ ਨੂੰ ਵਧਾਉਣ ਵਿੱਚ ਨਾਂਹ-ਪੱਖੀ ਰਾਜਨੀਤੀ ਵੱਡੀ ਭੂਮਿਕਾ ਨਿਭਾਉਂਦੀ ਹੈ। ਆਮ ਲੋਕ ਹਥਿਆਰਾਂ ’ਤੇ ਰੋਕ ਲਗਾਉਣ ਦੇ ਹੱਕ ’ਚ ਹਨ, ਪਰ ਆਪਣੇ ਸਵਾਰਥੀ ਹਿੱਤਾਂ ਕਾਰਨ ਅਮਰੀਕਾ ’ਚ ਹਥਿਆਰਾਂ ਦੀ ਤਾਕਤਵਰ ਲਾਬੀ ਅਤੇ ਸਿਆਸਤ ਨਾਲ ਜੁੜੇ ਲੋਕ ਇਸ ’ਤੇ ਰੋਕ ਨਹੀਂ ਲੱਗਣ ਦਿੰਦੇ। ਜਦੋਂ ਵੀ ਬੰਦੂਕ ਕਲਚਰ ਨੂੰ ਕੰਟਰੋਲ ਕਰਨ ਦਾ ਮੁੱਦਾ ਉਠਦਾ ਹੈ ਤਾਂ ਹਥਿਆਰ ਚੁੱਕਣ ਦੇ ਸੰਵਿਧਾਨਕ ਅਧਿਕਾਰ ਦੀ ਕੱਟੜ ਸਮਰਥਕ ਮੰਨੀ ਜਾਂਦੀ ‘ਰਿਪਬਲਿਕਨ ਪਾਰਟੀ’ ਦੇ ਆਗੂ ਅਤੇ ਉਨ੍ਹਾਂ ਦੇ ਸਮਰਥਕ ਇਸ ਦਾ ਵਿਰੋਧ ਕਰਦੇ ਹਨ, ਜਿਸ ਦੇ ਸਾਹਮਣੇ ਡੈਮੋਕ੍ਰੇਟਿਕ ਪਾਰਟੀ ਬੇਵੱਸ ਹੋ ਜਾਂਦੀ ਹੈ। ਪਿਛਲੇ ਸਾਲ ਜੂਨ ’ਚ ਵੱਡੀ ਗਿਣਤੀ ’ਚ ਲੋਕ ਸੜਕਾਂ ’ਤੇ ਉਤਰ ਆਏ ਸਨ ਅਤੇ ਬੰਦੂਕਾਂ ਦੀ ਖਰੀਦ-ਵੇਚ ਨਾਲ ਜੁੜੇ ਕਾਨੂੰਨ ’ਚ ਬਦਲਾਅ ਦੀ ਮੰਗ ਕੀਤੀ ਸੀ। ਲੋੜ ਇਸ ਗੱਲ ਦੀ ਹੈ ਕਿ ਇਸ ਸਮੱਸਿਆ ਤੋਂ ਪੀੜਤ ਲੋਕਾਂ ਨੂੰ ਰਾਹਤ ਦੇਣ ਦੇ ਨਾਲ-ਨਾਲ ਬੰਦੂਕਾਂ ਦੇ ਖਰੀਦਦਾਰਾਂ ਤੋਂ ਲੈ ਕੇ ਉਨ੍ਹਾਂ ਦੇ ਨਿਰਮਾਤਾਵਾਂ ਅਤੇ ਵੇਚਣ ਵਾਲਿਆਂ ਤੱਕ ਸਾਰਿਆਂ ਨੂੰ ਵੀ ਸਖ਼ਤ ਕਾਨੂੰਨਾਂ ਦੇ ਦਾਇਰੇ ਵਿੱਚ ਲਿਆਂਦਾ ਜਾਵੇ। ਵਿਡੰਬਨਾ ਇਹ ਹੈ ਕਿ ਅਮਰੀਕਾ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਅਤੇ ਸੁਰੱਖਿਅਤ ਦੇਸ਼ ਹੈ ਪਰ ਇਸਦੇ ਨਾਗਰਿਕ ਸਭ ਤੋਂ ਵੱਧ ਅਸੁਰੱਖਿਅਤ ਅਤੇ ਡਰੇ ਹੋਏ ਨਾਗਰਿਕ ਹਨ। ਦੁਨੀਆਂ ਦੇ ਕਿਸੇ ਵੀ ਦੇਸ਼ ਨਾਲੋਂ ਅੱਜ ਉੱਥੋਂ ਦੀਆਂ ਜੇਲ੍ਹਾਂ ਵਿੱਚ ਜ਼ਿਆਦਾ ਕੈਦੀ ਹਨ। ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ ਜਿੱਥੇ ਕਿਸੇ ਪਾਗਲ ਵਿਅਕਤੀ ਨੇ ਕਿਸੇ ਰੈਸਟੋਰੈਂਟ, ਹੋਟਲ ਜਾਂ ਇਕੱਠ ਵਿੱਚ ਅਚਾਨਕ ਗੋਲੀਬਾਰੀ ਸ਼ੁਰੂ ਕਰ ਦਿੱਤੀ ਅਤੇ ਵੱਡੀ ਗਿਣਤੀ ਵਿੱਚ ਲੋਕ ਮਾਰੇ ਗਏ।

ਸਰਕਾਰ ਵੱਲੋਂ ਹੀ ਕਰਵਾਏ ਗਏ ਇੱਕ ਅਧਿਐਨ ਵਿੱਚ ਇਹ ਤੱਥ ਸਾਹਮਣੇ ਆਇਆ ਸੀ ਕਿ ਅਮਰੀਕਾ ਵਿੱਚ ਸਤਾਰਾਂ ਸਾਲ ਤੋਂ ਘੱਟ ਉਮਰ ਦੇ ਕਰੀਬ ਤੇਰਾਂ ਸੌ ਬੱਚੇ ਹਰ ਸਾਲ ਬੰਦੂਕਾਂ ਨਾਲ ਜ਼ਖਮੀ ਹੁੰਦੇ ਹਨ। ਅਮਰੀਕੀ ਪ੍ਰਸ਼ਾਸਨ ਨੂੰ ਸਿਰਫ਼ ‘ਬੰਦੂਕ ਕਲਚਰ’ ਹੀ ਨਹੀਂ, ਸਗੋਂ ਹਥਿਆਰਾਂ ਦੇ ਕਲਚਰ ’ਤੇ ਵੀ ਰੋਕ ਲਗਾਉਣੀ ਪਵੇਗੀ, ਹੁਣ ਦੁਨੀਆਂ ਨੂੰ ਰਹਿਣ ਯੋਗ ਬਣਾਉਣ ਲਈ ਆਪਣੀ ਮਾਨਸਿਕਤਾ ਨੂੰ ਬਦਲਣਾ ਹੋਵੇਗਾ। ਕਿਸੇ ਵੀ ਸੰਵੇਦਨਸ਼ੀਲ ਸਮਾਜ ਨੂੰ ਇਸ ਸਥਿਤੀ ਨੂੰ ਗੰਭੀਰ ਸਮੱਸਿਆ ਵਜੋਂ ਦੇਖਣਾ ਅਤੇ ਸਮਝਣਾ ਚਾਹੀਦਾ ਹੈ। ਇਹ ਬਿਨਾਂ ਕਾਰਨ ਨਹੀਂ ਹੈ ਕਿ ਅਮਰੀਕਾ ਵਿੱਚ, ਜਿੱਥੇ ਜ਼ਿਆਦਾਤਰ ਪਰਿਵਾਰਾਂ ਕੋਲ ਵੱਖ-ਵੱਖ ਤਰ੍ਹਾਂ ਦੀਆਂ ਬੰਦੂਕਾਂ ਹਨ, ਹੁਣ ਇਸ ਹਥਿਆਰ ਸੱਭਿਆਚਾਰ ਦੇ ਵਿਰੁੱਧ ਆਵਾਜ਼ ਉਠਾਉਣੀ ਸ਼ੁਰੂ ਹੋ ਗਈ ਹੈ। ਕਹਾਵਤ ਅਨੁਸਾਰ, ਕਦੇ ਨਾ ਨਾਲੋਂ ਬਿਹਤਰ, ਜੇਕਰ ਅਮਰੀਕਾ ਅੱਖਾਂ ਖੋਲ੍ਹਦਾ ਹੈ ਤਾਂ ਸ਼ਾਂਤੀ ਅਤੇ ਅਹਿੰਸਾ ਦਾ ਸੰਦੇਸ਼ ਅਮਰੀਕਾ ਦੇ ਨਾਲ ਦੁਨੀਆਂ ਵਿੱਚ ਜਾਵੇਗਾ।



# ਕੀ ਮਸ਼ੀਨ ਗੰਨ ਹਨ ਬੰਪ ਸਟਾਕ?

ਅਮਰੀਕਾ ਦੀ ਸੁਪਰੀਮ ਕੋਰਟ ਨੇ ਬਿਡੇਨ ਪ੍ਰਸ਼ਾਸਨ ਦੇ ਇਸ ਸਵਾਲ ’ਤੇ ਵਿਚਾਰ ਕਰਨ ਲਈ ਸਹਿਮਤੀ ਦਿੱਤੀ ਕਿ ਕੀ ਸੰਘੀ ਸਰਕਾਰ ਲਈ ਬੰਪ ਸਟਾਕਾਂ ’ਤੇ ਪਾਬੰਦੀ ਲਗਾਉਣਾ ਕਾਨੂੰਨੀ ਹੈ - ਜੋ ਅਰਧ-ਆਟੋਮੈਟਿਕ ਹਥਿਆਰਾਂ ਨੂੰ ਤੇਜ਼ੀ ਨਾਲ ਫਾਇਰ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਜੋ ਹਥਿਆਰ 2017 ਲਾਸ ਵੇਗਾਸ ਸਮੂਹਿਕ ਗੋਲੀਬਾਰੀ ਵਿੱਚ ਇਸਤੇਮਾਲ ਕੀਤਾ ਗਿਆ ਸੀ। ਹੇਠਲੀਆਂ ਅਦਾਲਤਾਂ ਦੇ ਆਦੇਸ਼ ਦੇ ਬਾਅਦ ਮੂਲ ਰੂਪ ਵਿੱਚ ਟਰੰਪ ਪ੍ਰਸ਼ਾਸਨ ਦੁਆਰਾ ਲਗਾਈ ਗਈ ਪਾਬੰਦੀ ਦੀ ਕਾਨੂੰਨੀ ਮਾਨਤਾ ’ਤੇ ਪਰਸਪਰ ਵਿਰੋਧੀ ਰਾਵਾਂ ਹਨ।

ਤਿੰਨ ਫੈਡਰਲ ਅਪੀਲ ਅਦਾਲਤਾਂ ਨੇ ਪਾਬੰਦੀ ’ਤੇ ਵੱਖਰੇ ਵੱਖਰੇ ਫੈਸਲੇ ਜਾਰੀ ਕੀਤੇ ਹਨ, ਜੋ ਕਿ ਲਾਸ ਵੇਗਾਸ ਵਿੱਚ 2017 ਦੇ ਸਮੂਹਿਕ ਗੋਲੀਬਾਰੀ ਤੋਂ ਬਾਅਦ ਲਾਗੂ ਹੋਏ।

ਸੁਪਰੀਮ ਕੋਰਟ ਪਾਬੰਦੀ ਦੀ ਕਾਨੂੰਨੀ ਮਾਨਤਾ ’ਤੇ ਅਮਰੀਕੀ ਅਪੀਲ ਅਦਾਲਤਾਂ ਦੇ ਦੋ ਵਿਰੋਧੀ ਫੈਸਲਿਆਂ ਦੀ ਸਮੀਖਿਆ ਕਰੇਗੀ, ਮੁੱਦਾ ਇਹ ਹੈ ਕਿ ਕੀ ਇੱਕ ਬੰਪ ਸਟਾਕ - ਇੱਕ ਐਕਸੈਸਰੀ ਜੋ ਇੱਕ ਅਰਧ-ਆਟੋਮੈਟਿਕ ਬੰਦੂਕ ਦੀ ਥਾਂ ਲੈਂਦੀ ਹੈ - ਨੂੰ ਮਸ਼ੀਨ ਗੰਨ ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਰਾਸ਼ਟਰੀ ਹਥਿਆਰ ਐਕਟ ਅਤੇ ਗੰਨ ਕੰਟਰੋਲ ਐਕਟ ਦੇ ਤਹਿਤ ਪਾਬੰਦੀ ਲਗਾਈ ਜਾ ਸਕਦੀ ਹੈ।

ਸੀ.ਐਨ.ਐਨ. ਦੇ ਅਨੁਸਾਰ, ਸਾਲਿਸਟਰ ਜਨਰਲ ਐਲਿਜ਼ਾਬੈਥ ਪ੍ਰੀਲੋਗਰ ਨੇ ਬਿਡੇਨ ਪ੍ਰਸ਼ਾਸਨ ਦੀ ਤਰਫ਼ੋਂ ਦਲੀਲ ਦਿੱਤੀ ਕਿ ਬੰਪ ਸਟਾਕ ਮਸ਼ੀਨ ਗੰਨ ਦੀ ਪਰਿਭਾਸ਼ਾ ਦੇ ਅਧੀਨ ਆਉਂਦੇ ਹਨ, ਇਹ ਦਲੀਲ ਦਿੰਦੇ ਹੋਏ ਕਿ ਉਹ ਨਿਸ਼ਾਨੇਬਾਜ਼ ਦੀ ਸਥਿਰ ਉਂਗਲੀ ਨੂੰ ਟਰਿੱਗਰ ਨਾਲ ਟਕਰਾਉਣ ਦੀ ਇਜਾਜ਼ਤ ਦਿੰਦੇ ਹਨ, ਜਿਸ ਨਾਲ ਇੱਕ ਹੋਰ ਗੋਲੀ ਚਲਾਈ ਜਾਂਦੀ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਟੈਕਸਾਸ ਵਿੱਚ ਕੰਜ਼ਰਵੇਟਿਵ ਫਿਫਥ ਯੂਐਸ ਸਰਕਟ ਕੋਰਟ ਆਫ਼ ਅਪੀਲਜ਼ ਨੇ ਬੰਪ ਸਟਾਕਾਂ ’ਤੇ ਪਾਬੰਦੀ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਪਾਬੰਦੀ ਨੂੰ ਕਾਂਗਰਸ ਦੁਆਰਾ ਪਾਸ ਕਰਨ ਦੀ ਜ਼ਰੂਰਤ ਹੋਏਗੀ, ਜੱਜ ਜੈਨੀਫਰ ਐਲਰੋਡ ਨੇ ਇੱਕ ਰਾਏ ਲਿਖ ਕੇ ਕਿਹਾ ਕਿ ਇਹ ਪਾਬੰਦੀ ਨਿਰਪੱਖ ਚਿਤਾਵਨੀ ਪ੍ਰਦਾਨ ਨਹੀਂ ਕਰਦੀ ਹੈ ਕਿ ‘ਇੱਕ ਗੈਰ-ਮਕੈਨੀਕਲ ਬੰਪ ਸਟਾਕ ਦਾ ਹੋਣਾ ਇੱਕ ਅਪਰਾਧ ਹੈ।’



ਵੱਖਰੇ ਤੌਰ ’ਤੇ, ਡਿਸਟ੍ਰਿਕਟ ਆਫ਼ ਕੋਲੰਬੀਆ ਸਰਕਟ ਲਈ ਯੂ.ਐਸ. ਕੋਰਟ ਆਫ਼ ਅਪੀਲਜ਼ ਦੇ ਜੱਜ ਰੌਬਰਟ ਵਿਲਕਿੰਸ ਨੇ ਪਿਛਲੇ ਸਾਲ ਇੱਕ ਫੈਸਲੇ ਵਿੱਚ ਫੈਸਲਾ ਸੁਣਾਇਆ ਸੀ ਕਿ ਬੰਪ ਸਟਾਕ ਨੂੰ ਮਸ਼ੀਨ ਗੰਨ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਅਤੇ ਰਾਸ਼ਟਰੀ ਹਥਿਆਰ ਐਕਟ ਅਤੇ ਗੰਨ ਕੰਟਰੋਲ ਐਕਟ ਦੇ ਤਹਿਤ ਪਾਬੰਦੀ ਲਗਾਈ ਜਾਵੇਗੀ। ਐਸੋਸੀਏਟਡ ਪ੍ਰੈਸ ਦੇ ਅਨੁਸਾਰ, ਸੁਪਰੀਮ ਕੋਰਟ ਨੇ ਪਿਛਲੇ ਸਾਲ ਪਾਬੰਦੀ ਦੀਆਂ ਤਿੰਨ ਹੋਰ ਚੁਨੌਤੀਆਂ ਦੀ ਸਮੀਖਿਆ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਟਰੰਪ ਪ੍ਰਸ਼ਾਸਨ ਨੇ ਸਭ ਤੋਂ ਪਹਿਲਾਂ ਫਰਵਰੀ 2018 ਵਿੱਚ ਬੰਪ ਸਟਾਕਾਂ ਨੂੰ ਗੈਰ-ਕਾਨੂੰਨੀ ਵਜੋਂ ਸ਼੍ਰੇਣੀਬੱਧ ਕਰਨ ਵਾਲੇ ਨਿਯਮ ਵਿੱਚ ਬਦਲਾਅ ਪੇਸ਼ ਕੀਤੇ ਸਨ, ਚਾਰ ਮਹੀਨੇ ਬਾਅਦ ਇੱਕ 64 ਸਾਲਾ ਵਿਅਕਤੀ ਨੇ ਲਾਸ ਵੇਗਾਸ ਵਿੱਚ ਇੱਕ ਸਮੂਹਿਕ ਗੋਲੀਬਾਰੀ ਵਿੱਚ 60 ਲੋਕਾਂ ਨੂੰ ਮਾਰਨ ਲਈ ਆਪਣੇ ਅਰਧ-ਆਟੋਮੈਟਿਕ ਬੰਪ ਸਟਾਕ ਹਥਿਆਰ ਦੀ ਵਰਤੋਂ ਕੀਤੀ ਸੀ।

ਅਲਕੋਹਲ, ਤੰਬਾਕੂ, ਅੱਗ ਅਤੇ ਵਿਸਫੋਟਕ ਬਿਊਰੋ (ਏ.ਟੀ.ਐਫ.) ਨੇ 2018 ਵਿੱਚ ਇਹ ਫੈਸਲਾ ਸੁਣਾਇਆ ਕਿ ਬੰਪ ਸਟਾਕ ਸੰਘੀ ਕਾਨੂੰਨ ਦੇ ਤਹਿਤ ਮਸ਼ੀਨ ਗੰਨ ਦੀ ਪਰਿਭਾਸ਼ਾ ਦੇ ਅੰਦਰ ਆਉਂਦੇ ਹਨ, ਰਾਸ਼ਟਰੀ ਹਥਿਆਰ ਐਕਟ ਅਤੇ ਗੰਨ ਕੰਟਰੋਲ ਐਕਟ ਦੇ ਤਹਿਤ ਡਿਵਾਈਸਾਂ ’ਤੇ ਪ੍ਰਭਾਵੀ ਤੌਰ ’ਤੇ ਪਾਬੰਦੀ ਲਗਾਈ ਗਈ ਸੀ। ਐਸੋਸੀਏਟਿਡ ਪ੍ਰੈਸ ਦੇ ਅਨੁਸਾਰ, ਟਰੰਪ ਪ੍ਰਸ਼ਾਸਨ ਦੇ ਅਧੀਨ ਪਾਬੰਦੀ ਓਬਾਮਾ ਪ੍ਰਸ਼ਾਸਨ ਦੁਆਰਾ 2010 ਵਿੱਚ ਇੱਕ ਇਹੋ ਜਿਹੇ ਹੁਕਮ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਤੋਂ ਬਾਅਦ ਲਗਾਈ ਗਈ ਸੀ, ਹਾਲਾਂਕਿ ਉਸ ਸਮੇਂ ਨਿਸ਼ਚਤ ਕੀਤਾ ਸੀ ਕਿ ਬੰਪ ਸਟਾਕਾਂ ਨੂੰ ਮਸ਼ੀਨ ਗੰਨ ਦੇ ਰੂਪ ਵਿੱਚ ਸ਼੍ਰੇਣੀਬੱਧ ਨਹੀਂ ਕੀਤਾ ਜਾ ਸਕਦਾ ਹੈ।

ਏ.ਟੀ.ਐਫ. ਦੇ ਅਨੁਸਾਰ, ਇੱਕ ਬੰਪ ਸਟਾਕ ਅਰਧ-ਆਟੋਮੈਟਿਕ ਹਥਿਆਰਾਂ ਨੂੰ ਟਰਿੱਗਰ ਦੀ ਇੱਕ ਸਿੰਗਲ ਖਿੱਚ ਨਾਲ ਇੱਕ ਤੋਂ ਵੱਧ ਸ਼ਾਟ ਫਾਇਰ ਕਰਨ ਦੀ ਇਜਾਜ਼ਤ ਦਿੰਦਾ ਹੈ, ਤਾਂ ਜੋ ਟਰਿੱਗਰ ਰੀਸੈਟ ਹੁੰਦਾ ਹੈ ਅਤੇ ਟਰਿੱਗਰ ਨੂੰ ਦੁਬਾਰਾ ਖਿੱਚਣ ਤੋਂ ਬਿਨਾਂ ਫਾਇਰਿੰਗ ਜਾਰੀ ਰਹੇ। ਟੈਕਸਾਸ-ਅਧਾਰਤ ਬੰਦੂਕ ਅਧਿਕਾਰ ਅਟਾਰਨੀ ਮਾਈਕਲ ਕਾਰਗਿਲ ਨੇ 2018 ਵਿੱਚ ਖ਼ਰੀਦੇ ਗਏ ਬੰਪ ਸਟਾਕਾਂ ਨੂੰ ਸਮਰਪਣ ਕਰਨ ਤੋਂ ਬਾਅਦ ਏ.ਟੀ.ਐਫ. ਦੇ ਫੈਸਲੇ ਨੂੰ ਚੁਣੌਤੀ ਦਿੱਤੀ। ਸੀਐਨਐਨ ਦੇ ਅਨੁਸਾਰ, ਕਾਰਗਿਲ ਦੀ ਨੁਮਾਇੰਦਗੀ (**ਬਾਕੀ ਸਫ਼ਾ 30 ’ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

8 ਨਵੰਬਰ ਤੋਂ 14 ਨਵੰਬਰ, 2023

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਸ਼੍ਰੋਮਣੀ ਕਮੇਟੀ ਦਾ ਇਜਲਾਸ ਅੱਜ ਹੈ। ਪਿਛਲੀਆਂ ਚੋਣਾਂ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਦੋ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਹਨ। ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ (ਬਾਦਲ) ਸੁਖਬੀਰ ਸਿੰਘ ਬਾਦਲ ਦੇ ਧੜੇ ਨਾਲ ਸਬੰਧਿਤ ਹਨ। ਸ਼੍ਰੋਮਣੀ ਕਮੇਟੀ ਮੈਂਬਰਾਂ ਵਿੱਚ ਬਾਦਲ ਧੜੇ ਦੇ ਮੈਂਬਰਾਂ ਦੀ ਗਿਣਤੀ ਜਿਆਦਾ ਹੈ। ਬੀਤੇ ਕਾਫ਼ੀ ਅਰਸੇ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੀ ਕਮੇਟੀ ਵਿੱਚ ਪ੍ਰਭਾਵਸ਼ਾਲੀ ਅਤੇ ਭਾਰੂ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਚੋਣ ਸਬੰਧੀ ਪੱਤਰਕਾਰ ਮਿਲਣੀ ਵਿੱਚ ਦੱਸਿਆ ਕਿ ਹਰਜਿੰਦਰ ਸਿੰਘ ਧਾਮੀ ਦੀਆਂ ਪਿਛਲੀਆਂ ਸੇਵਾਵਾਂ ਨੂੰ ਦੇਖਦੇ ਹੋਏ ਇਸ ਵਾਰ ਵੀ ਉਹਨਾਂ ਨੂੰ ਪ੍ਰਧਾਨਗੀ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਗਿਆ ਹੈ। ਉਹਨਾਂ ਦੇ ਦੱਸਣ ਅਨੁਸਾਰ ਇਹ ਫੈਸਲਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਸਬੰਧਿਤ ਕਮੇਟੀ ਮੈਂਬਰਾਂ ਦੀ ਸਰਬ ਸੰਮਤੀ ਤੋਂ ਬਾਅਦ ਹੀ ਲਿਆ ਗਿਆ ਹੈ। ਬਾਦਲ ਦਲ ਦੇ ਵਿਰੋਧੀ ਧੜੇ ਦੇ ਮੈਂਬਰਾਂ, ਜਿਸ ਵਿੱਚ ਬੀਬੀ ਜਗੀਰ ਕੌਰ ਅਤੇ ਅਕਾਲੀ ਦਲ (ਸੰਯੁਕਤ) ਵਲੋਂ ਸੁਖਦੇਵ ਸਿੰਘ ਢੀਂਡਸਾ ਦੀਆਂ ਪਾਰਟੀਆਂ ਵੀ ਹਨ, ਨੇ ਆਪਣੇ ਵੱਲੋਂ ਬਲਬੀਰ ਸਿੰਘ ਘੁੰਨਸ ਨੂੰ ਹਰਜਿੰਦਰ ਸਿੰਘ ਧਾਮੀ ਦੇ ਮੁਕਾਬਲੇ ਖੜ੍ਹਾ ਕੀਤਾ ਹੈ। ਇਹ ਪ੍ਰਧਾਨਗੀ ਦੀ ਚੋਣ ਪ੍ਰਕਿਰਿਆ ਵੋਟਾਂ ਰਾਹੀਂ ਹੋਣੀ ਹੈ। ਵੱਧ ਵੋਟਾਂ ਵਾਲੇ ਉਮੀਦਵਾਰ ਨੂੰ ਪ੍ਰਧਾਨਗੀ ਦਾ ਅਹੁਦਾ ਸੌਂਪ ਦਿੱਤਾ ਜਾਵੇਗਾ। ਸਮੂਹ ਸਿੱਖਾਂ ਦੇ ਲਈ ਇਹ ਜਰੂਰੀ ਨਹੀਂ ਕਿ ਇਸ ਵਾਰ ਪ੍ਰਧਾਨ ਕੌਣ ਚੁਣਿਆ ਜਾਵੇਗਾ ਬਲਕਿ ਜਰੂਰੀ ਵੇਖਣਾ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਪ੍ਰਕਿਰਿਆ ਗੁਰਮਤਿ ਤੋਂ ਕਿੰਨੀ ਜਿਆਦਾ ਉਲਟ ਹੈ। ਗੁਰਮਤਿ ਵਿੱਚ ਸਭ ਧਿਰਾਂ, ਧੜਿਆਂ ਅਤੇ ਮੈਂਬਰਾਂ ਨੇ ਆਪਸ ਵਿੱਚ ਜੁੜਨਾ ਹੁੰਦਾ ਹੈ, ਗੁਰਮਤਿ ਜੁੜਨਾ ਹੀ ਸਿਖਾਉਂਦੀ ਹੈ। ਦੂਸਰੇ ਪਾਸੇ ਵੋਟਾਂ ਵਾਲੀ ਸਾਰੀ ਕਾਰਵਾਈ ਧੜਿਆਂ ਦੇ ਅਲਹਿਦਾ ਹੋਣ 'ਤੇ ਹੀ ਖੜੀ ਹੈ ਅਤੇ ਗੁਰ ਸੰਗਤ ਨੂੰ ਵੰਡਣ ਵਾਲੀ ਹੈ। ਇਹ ਵੋਟਾਂ ਹੀ ਸਿੱਖ ਸੰਗਤ ਅਤੇ ਗੁਰੂ ਖਾਲਸਾ ਪੰਥ ਵਿੱਚ ਆਪਸੀ ਏਕਤਾ ਨੂੰ ਢਾਹ ਲਾਉਣ ਵਾਲੀਆਂ ਹਨ। ਸਿੱਖ ਸੰਗਤ ਦੁਆਰਾ ਚੁਣੇ ਗਏ ਮੈਂਬਰਾਂ ਦੇ ਪ੍ਰਧਾਨਗੀ ਲਈ ਆਪਸੀ ਮੁਕਾਬਲੇ ਇੱਕ ਤੇ ਇਹਨਾਂ ਮੈਂਬਰਾਂ ਵਿੱਚ ਆਪਸੀ ਰੰਜ, ਈਰਖਾ ਦੇ ਬੀਜ ਬੀਜਦੇ ਹਨ, ਦੂਸਰੀ ਇਸ ਸੇਵਾ ਨੂੰ ਮੁਕਾਬਲੇ ਦੀ ਦੌੜ ਵਿੱਚ ਪਾ ਲੈਂਦੇ ਹਨ। ਜਿਸ ਵਿੱਚ ਜਿੱਤਣ ਲਈ ਸਾਰੀਆਂ ਪਾਰਟੀਆਂ ਗੁਰਮਤਿ ਤੋਂ ਉਲਟ ਨਾਜਾਇਜ਼ ਸਾਧਨਾਂ ਅਤੇ ਵਸੀਲਿਆਂ ਨੂੰ ਵੀ ਵਰਤਦੀਆਂ ਹਨ। ਸਿਰਫ਼ ਇਹੀ ਨਹੀਂ ਪਿਛਲੇ ਕਿੰਨੇ ਵਰ੍ਹਿਆਂ ਤੋਂ ਸਿੱਖ ਸੰਗਤ ਨੇ ਵੇਖਿਆ ਹੈ ਕਿ ਉਮੀਦਵਾਰ ਦੀ ਸਹਿਮਤੀ ਵੀ ਉਨ੍ਹਾਂ ਮੈਂਬਰਾਂ 'ਤੇ ਹੁੰਦੀ ਹੈ ਜੋ ਪਾਰਟੀ ਪ੍ਰਧਾਨ ਦੀਆਂ ਸ਼ਰਤਾਂ ਮੁਤਾਬਿਕ ਚੱਲਣ ਲਈ ਤਿਆਰ ਹੋਣ ਨਾ ਕਿ ਸਿੱਖ ਸੰਗਤ ਦੀਆਂ ਭਾਵਨਾਵਾਂ ਅਨੁਸਾਰ। ਬਾਦਲ ਦਲ ਨਾਲ ਸਬੰਧਿਤ ਕਿੰਨੇ ਸਾਰੇ ਪ੍ਰਧਾਨ, ਬਾਦਲ ਦੀ ਇੱਛਾ ਅਨੁਸਾਰ ਚੱਲਦੇ ਰਹੇ, ਇਹ ਵੀ ਸਿੱਖਾਂ ਨੂੰ ਵਿਚਾਰਨਾ ਚਾਹੀਦਾ ਹੈ। ਵੋਟ ਪ੍ਰਕਿਰਿਆ ਸ਼੍ਰੋਮਣੀ ਕਮੇਟੀ ਵਿੱਚ ਬਹੁਤ ਜਿਆਦਾ ਹਾਵੀ ਹੈ। ਫੈਸਲੇ ਬਹੁਗਿਣਤੀ ਮੁਤਾਬਿਕ ਹੋਣੇ ਗੁਰਮਤਿ ਅਨੁਸਾਰ ਯੋਗ ਨਹੀਂ। ਗੁਰਮਤਿ ਵਿੱਚ ਗਿਣਤੀ ਕੋਈ ਮਾਇਨੇ ਨਹੀਂ ਰੱਖਦੀ। ਗੁਰਮਤਿ ਸਿਧਾਂਤ ਹੀ ਮਾਇਨੇ ਰੱਖਦੇ ਹਨ। ਹੁਣ ਇਹੋ ਕਰਨ ਦਾ ਵੇਲਾ ਹੈ ਕਿ ਸਿੱਖ ਸੰਗਤ, ਇਹਨਾਂ ਸੰਸਥਾਵਾਂ ਵਿੱਚ ਫੈਸਲੇ ਪੰਚ ਪ੍ਰਧਾਨੀ ਗੁਰਮਤੇ ਦੇ ਤਰੀਕੇ ਰਾਹੀਂ ਕਰਵਾਉਣ ਲਈ ਕਵਾਇਦ ਸ਼ੁਰੂ ਕਰੇ।

****

## ਵਿਵਾਦਤ ਫ਼ਿਲਮ: ਸ਼੍ਰੋ.ਗੁ.ਪ੍ਰ.ਕ , ਪ੍ਰਧਾਨ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਸਵਾਲਾਂ 'ਚ ?

ਲੰਘੀ 3 ਨਵੰਬਰ ਨੂੰ ਵਿਵਾਦਤ ਫ਼ਿਲਮ 'ਦਾਸਤਾਨ-ਏ-ਸਰਹਿੰਦ' ਸਿਨੇਮੇ ਘਰਾਂ ਵਿੱਚ ਲੱਗਣੀ ਸੀ ਪਰ ਸਿੱਖ ਸੰਗਤ ਦੇ ਭਾਰੇ ਵਿਰੋਧ ਕਾਰਨ ਲੱਗ ਨਾ ਸਕੀ। ਜਿੱਥੇ ਕਿਤੇ ਵੀ ਫ਼ਿਲਮ ਲੱਗੀ ਸੀ ਸਿੱਖ ਜਥਿਆਂ ਅਤੇ ਸੰਗਤਾਂ ਨੇ ਜਾ ਕੇ ਬੰਦ ਕਰਵਾ ਦਿੱਤੀ। ਫ਼ਿਲਮ ਵਾਲਿਆਂ ਕਈ ਥਾਵਾਂ 'ਤੇ ਪ੍ਰਸ਼ਾਸਨ ਦਾ ਵੀ ਸਹਿਯੋਗ ਲਿਆ ਪਰ ਸਫਲ ਨਾ ਹੋ ਸਕੇ। ਫ਼ਿਲਮ ਵਾਲੇ ਪਹਿਲੇ ਦਿਨ ਤੋਂ ਇਹ ਕਹਿ ਰਹੇ ਹਨ ਕਿ ਸਾਡੇ ਕੋਲ ਸ਼੍ਰੋ.ਗੁ.ਪ੍ਰ.ਕ ਵੱਲੋਂ ਸਾਰੀਆਂ ਮਨਜ਼ੂਰੀਆਂ ਹਨ ਪਰ ਉਹ ਇਸ ਸਾਲ ਵੀ ਸਾਰੀਆਂ ਓਹੀ ਚਿੱਠੀਆਂ ਵਿਖਾ ਰਹੇ ਹਨ ਜੋ ਪਿਛਲੇ ਸਾਲ ਵਿਖਾਈਆਂ ਸਨ, ਉਹਨਾਂ ਵਿੱਚ ਕਿਤੇ ਵੀ ਫ਼ਿਲਮ ਮੁਕੰਮਲ ਹੋਣ ਬਾਅਦ ਕਿਸੇ ਵੀ ਤਰ੍ਹਾਂ ਦੀ ਮਨਜ਼ੂਰੀ ਨਹੀਂ ਹੈ। ਸਗੋਂ ਇਸ ਸਾਲ ਜੂਨ ਵਿੱਚ ਜਦੋਂ ਫ਼ਿਲਮ ਵਾਲਿਆਂ ਨੇ ਸ਼੍ਰੋ.ਗੁ.ਪ੍ਰ.ਕ ਤੋਂ ਫਿਲਮ ਲਈ ਐਨ.ਓ.ਸੀ ਮੰਗੀ ਤਾਂ ਉਹਨਾਂ ਨੇ ਜਵਾਬੀ ਚਿੱਠੀ ਵਿੱਚ ਬਿਲਕੁਲ ਸਪਸ਼ਟ ਕਿਹਾ ਕਿ ਪਿਛਲੇ ਸਾਲ ਦੇ ਮਤੇ ਅਨੁਸਾਰ ਅਜਿਹੀਆਂ ਫ਼ਿਲਮਾਂ 'ਤੇ ਰੋਕ ਲਗਾਈ ਹੋਈ ਹੈ। ਇਸ ਉਪਰੰਤ ਫ਼ਿਲਮ ਵਾਲੇ ਇੱਕ ਨਵਾਂ ਤਰਕ ਲੈ ਕੇ ਆਏ ਕਿ ਇਹ ਮਤਾ ਓਹਨਾਂ ਦੀ ਫ਼ਿਲਮ 'ਤੇ ਲਾਗੂ ਨਹੀਂ ਹੁੰਦਾ ਸਗੋਂ ਭਵਿੱਖ ਦੀਆਂ ਫ਼ਿਲਮਾਂ 'ਤੇ ਲਾਗੂ ਹੋਵੇਗਾ। ਇਹ ਬਿਲਕੁਲ ਬੇਬੁਨਿਆਦੀ ਗੱਲ ਹੈ, ਇਹ ਸਿਧਾਂਤਕ ਫੈਸਲੇ ਹਨ ਕੋਈ ਸਰਕਾਰੀ ਕਨੂੰਨ ਨਹੀਂ ਹੈ ਕਿ ਪਿਛਲੀਆਂ ਭਰਤੀਆਂ 'ਤੇ ਲਾਗੂ ਨਹੀਂ ਹੋਵੇਗਾ ਸਿਰਫ਼ ਨਵੀਆਂ 'ਤੇ ਹੀ ਹੋਵੇਗਾ। ਇਸ ਤੋਂ ਬਿਨਾਂ ਫਿਲਮ ਵਾਲੇ ਸ਼੍ਰੋ.ਗੁ.ਪ੍ਰ.ਕ ਪ੍ਰਧਾਨ ਸ.ਹਰਜਿੰਦਰ ਸਿੰਘ ਧਾਮੀ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਰਘਵੀਰ ਸਿੰਘ ਬਾਰੇ ਇਹ ਗੱਲ ਕਹਿ ਰਹੇ ਕਿ ਇਹਨਾਂ ਸਾਨੂੰ ਬੰਦ ਕਮਰੇ ਵਿੱਚ ਕਿਹਾ ਕਿ ਤੁਸੀਂ ਰੌਲਾ ਨਾ ਪਾਉ ਬਸ ਚੁੱਪ ਚਪੀਤੇ ਫ਼ਿਲਮ ਚਲਾ ਲਵੋ ਅਤੇ ਨਾਲ ਹੀ ਕਹਿ ਰਹੇ ਹਨ ਕਿ ਗਿਆਨੀ ਰਘਵੀਰ ਸਿੰਘ ਨੇ ਫ਼ਿਲਮ ਲਈ ਬਕਾਇਦਾ ਅਰਦਾਸ ਕੀਤੀ ਅਤੇ ਸਾਡੇ ਮੋਢੇ ਥਾਪੜੇ। ਇਹ ਆਪਣੇ ਆਪ ਵਿੱਚ ਕਿੰਨੀ ਵੱਡੀ ਗੱਲ ਹੈ ਜਿਸ 'ਤੇ ਗਿਆਨੀ ਰਘਵੀਰ ਸਿੰਘ ਅਤੇ ਹਰਜਿੰਦਰ ਸਿੰਘ ਧਾਮੀ ਨੇ ਚੁੱਪ ਵੱਟੀ ਹੋਈ ਹੈ। ਉਹ ਸਿੱਖ ਸੰਗਤ ਨੂੰ ਸਾਫ ਕਰਨ ਕਿ ਜੋ ਦਾਅਵਾ ਫਿਲਮ ਵਾਲੇ ਕਰ ਰਹੇ ਉਸ ਵਿੱਚ ਕਿੰਨੀ ਕੁ ਸੱਚਾਈ ਹੈ ? ਫ਼ਿਲਮ ਵਾਲੇ ਜਿਸ ਸਾਬਕਾ ਜਥੇਦਾਰ ਦੀ ਵੀਡੀਓ ਵਿਖਾ ਰਹੇ ਹਨ ਉਸ ਬਾਰੇ ਸਿੱਖਾਂ ਵਿੱਚ ਕਿਸੇ ਕਿਸਮ ਦੀ ਕੋਈ ਦੋਚਿੱਤੀ ਨਹੀਂ ਹੈ, ਸੌਦਾ ਸਾਧ ਨੂੰ ਮੁਆਫ਼ੀ ਦੇਣ ਦੇ ਮਸਲੇ ਤੋਂ ਬਾਅਦ ਉਹਨਾਂ ਦੇ ਕਿਸੇ ਵੀ ਸੁਨੇਹੇ ਦੇ ਸੰਗਤ ਵਿੱਚ ਕੋਈ ਮਾਅਨੇ ਨਹੀਂ ਹਨ। ਇਸ ਤਰ੍ਹਾਂ ਕਿਸੇ ਵੀ ਗੈਰ ਸਿਧਾਂਤਕ ਕਾਰਵਾਈ ਵਿੱਚ ਸਿੱਖਾਂ ਦੀ ਜਿੰਨੀ ਮਰਜ਼ੀ ਵੱਡੀ ਸੰਸਥਾ ਸ਼ਾਮਲ ਹੋਵੇ ਸਿੱਖ ਸੰਗਤ ਸਿਧਾਂਤ ਨਾਲ ਕੋਈ ਸਮਝੌਤਾ ਨਹੀਂ ਕਰਦੀ ਸਗੋਂ ਸੰਸਥਾਵਾਂ ਨੂੰ ਆਪਣੇ ਫੈਸਲੇ ਵਾਪਸ ਲੈਣੇ ਪੈਂਦੇ ਹਨ। ਸੌਦਾ ਸਾਧ ਨੂੰ ਦਿੱਤੀ ਗਈ ਗੈਰ ਸਿਧਾਂਤਕ ਮੁਆਫ਼ੀ ਦੀ ਮਿਸਾਲ ਸਾਡੇ ਸਾਹਮਣੇ ਹੈ ਜਿਸ ਨੂੰ ਸੰਗਤ ਵਿੱਚ ਪ੍ਰਵਾਨ ਕਰਵਾਉਣ ਲਈ ਸ਼੍ਰੋ.ਗੁ.ਪ੍ਰ.ਕ ਨੇ ਅਖ਼ਬਾਰਾਂ ਵਿੱਚ 90 ਲੱਖ ਤੱਕ ਦੇ ਇਸ਼ਤਿਹਾਰ ਦਿੱਤੇ ਸਨ ਪਰ ਫਿਰ ਵੀ ਸਿੱਖ ਸੰਗਤ ਨੇ ਇਹ ਗੈਰ ਸਿਧਾਂਤਕ ਫੈਸਲਾ ਪ੍ਰਵਾਨ ਨਹੀਂ ਸੀ ਕੀਤਾ। ਹੁਣ ਵੀ ਵਕਤ ਸਿਰ ਗਿਆਨੀ ਰਘਵੀਰ ਸਿੰਘ ਅਤੇ ਸ.ਹਰਜਿੰਦਰ ਸਿੰਘ ਧਾਮੀ ਨੂੰ ਸਿੱਖ ਸੰਗਤਾਂ ਅੱਗੇ ਸਾਰੀ ਗੱਲ ਸਾਫ ਕਰਨੀ ਚਾਹੀਦੀ ਹੈ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਲੋਕ ਸਭਾ ਚੋਣਾਂ: ਕੌਣ ਹੋਵੇਗਾ ਜੇਤੂ?

## ਆਗਾਮੀ ਆਮ ਚੋਣਾਂ 'ਚ ਭਾਜਪਾ ਜਿੱਤੇਗੀ ਜਾਂ ਇੰਡੀਆ, ਨਿਤਾਰਾ ਹਿੰਦੀ ਪੱਟੀ ਕਰੇਗੀ



ਕਪਿਲ ਸਿੱਬਲ
ਲੇਖਕ ਰਾਜ ਸਭਾ ਮੈਂਬਰ ਅਤੇ ਸੀਨੀਅਰ ਵਕੀਲ ਹੈ




ਆਗਾਮੀ ਆਮ ਚੋਣਾਂ ਵਿੱਚ ਊਠ ਕਿਸ ਕਰਵਟ ਬੈਠੇਗਾ, ਇਸ ਦਾ ਨਿਤਾਰਾ ਹਿੰਦੀ ਪੱਟੀ ਕਰੇਗੀ। ਇਸ ਖੇਤਰ ਵਿੱਚ ਲੋਕ ਸਭਾ ਦੀਆਂ 225 ਸੀਟਾਂ ਹਨ ਜੋ ਕੁੱਲ ਸੰਸਦੀ ਸੀਟਾਂ ਦਾ 40 ਪ੍ਰਤੀਸ਼ਤ ਹਨ। ਸੰਨ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਇਨ੍ਹਾਂ 'ਚੋਂ 190 ਸੀਟਾਂ ਮਿਲੀਆਂ ਸਨ ਜਦਕਿ 2019 ਦੀਆਂ ਚੋਣਾਂ ਵਿੱਚ 177 ਸੀਟਾਂ ਉਸ ਦੇ ਖਾਤੇ ਵਿੱਚ ਗਈਆਂ।

ਵਿਰੋਧੀ ਮੋਰਚਾ ਆਈ.ਐੱਨ.ਡੀ.ਆਈ.ਏ. ਜਦ ਤੱਕ ਇਸ ਹਿੰਦੀ ਪੱਟੀ ਵਿੱਚ ਭਾਜਪਾਈ ਅਸਰ ਵਿੱਚ ਸੰਨ੍ਹਮਾਰੀ ਨਹੀਂ ਕਰਦਾ, ਉਦੋਂ ਤੱਕ ਭਾਜਪਾ ਨੂੰ ਕੇਂਦਰ ਦੀ ਸੱਤਾ ਤੋਂ ਹਟਾਉਣ ਦੀਆਂ ਸੰਭਾਵਨਾਵਾਂ ਬਹੁਤ ਕਮਜ਼ੋਰ ਹੋਣਗੀਆਂ। ਹਾਲਾਂਕਿ ਅਜਿਹਾ ਨਹੀਂ ਹੈ ਕਿ ਭਾਜਪਾ ਅਜੇਤੂ ਹੈ। ਘੱਟ ਤੋਂ ਘੱਟ ਤਿੰਨ ਅਜਿਹੇ ਕਾਰਨ ਹਨ ਜੋ ਹਿੰਦੀ ਪੱਟੀ ਵਿਚ ਭਾਜਪਾ ਲਈ ਮੁਸ਼ਕਲਾਂ ਵਧਾ ਕੇ ਉਸ ਦਾ ਜੇਤੂ ਰੱਥ ਰੋਕ ਸਕਦੇ ਹਨ।

ਪਹਿਲਾ ਕਾਰਨ ਤਾਂ ਇਕ ਵੱਡੇ ਵਰਗ ਦੇ ਅੰਦਰ ਹੋ ਰਿਹਾ ਇਹ ਅਹਿਸਾਸ ਹੈ ਕਿ ਮੋਦੀ ਸਰਕਾਰ ਦੇ ਦੋ ਕਾਰਜਕਾਲਾਂ ਵਿੱਚ ਗ਼ਰੀਬਾਂ ਦੇ ਜੀਵਨ ਪੱਧਰ ਵਿੱਚ ਕੋਈ ਖ਼ਾਸ ਸੁਧਾਰ ਨਹੀਂ ਹੋਇਆ ਹੈ। ਮੋਦੀ ਸਰਕਾਰ ਦੀਆਂ ਦੋ ਪਾਰੀਆਂ ਵਿੱਚ ਕੀਤੇ ਗਏ ਵਾਅਦੇ ਵਫ਼ਾ ਨਹੀਂ ਹੋਏ ਹਨ। ਖ਼ੁਰਾਕੀ ਤੇਲ, ਸਬਜ਼ੀਆਂ, ਦੁੱਧ ਅਤੇ ਰਸੋਈ ਗੈਸ ਆਦਿ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਆਈ ਤੇਜ਼ੀ ਨੇ ਆਮ ਆਦਮੀ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਲੋਕਾਂ ਦੀ ਖ਼ਰਚ ਕਰਨ ਦੀ ਸ਼ਕਤੀ ਘਟੀ ਹੈ। ਇਸ ਨਾਲ ਭਾਜਪਾ ਦੇ ਅਕਸ ਨੂੰ ਬਹੁਤ ਢਾਹ ਲੱਗੀ ਹੈ। ਟਰੇਡ ਯੂਨੀਅਨਾਂ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਨੇ ਦਿੱਲੀ ਵਿੱਚ ਵਿਆਪਕ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤਾ। ਇਹ ਗੱਲ ਅਲੱਗ ਹੈ ਕਿ ਗੋਦੀ ਮੀਡੀਆ ਨੇ ਉਸ ਨੂੰ ਦਿਖਾਇਆ ਨਹੀਂ ਹੈ। ਬੇਰੁਜ਼ਗਾਰੀ ਵੀ ਇਕ ਵੱਡਾ ਮੁੱਦਾ ਹੈ। ਦੇਸ਼ ਵਿਚ 21 ਤੋਂ 29 ਸਾਲ ਦੀ ਉਮਰ ਵਾਲੇ ਨੌਜਵਾਨ ਮੁੰਡੇ-ਕੁੜੀਆਂ ਵਿੱਚ ਬੇਰੁਜ਼ਗਾਰੀ ਦੀ ਦਰ ਲਗਪਗ 29 ਪ੍ਰਤੀਸ਼ਤ ਹੈ।

ਇਹ ਪਹਿਲੂ ਆਮ ਚੋਣਾਂ ਦੇ ਨਤੀਜਿਆਂ 'ਤੇ ਅਸਰ ਪਾਉਣਗੇ। ਦੂਜਾ ਕਾਰਨ ਲੋਕਾਂ ਦਾ ਗੋਦੀ ਮੀਡੀਆ ਦੇ ਉਸ ਰਵੱਈਏ ਤੋਂ ਅੱਕ ਜਾਣਾ ਵੀ ਹੈ ਜਿਸ ਵਿੱਚ ਪੂਰੀ ਕਵਰੇਜ ਇਕ ਜਾਂ ਦੋ ਲੋਕਾਂ ਦੇ ਇਰਦ-ਗਿਰਦ ਹੁੰਦੀ ਹੈ। ਇਸ ਹੱਦ ਦਰਜੇ ਦੀ ਆਤਮ-ਮੁਗਧਤਾ ਅਤੇ ਕੁਝ ਲੋਕਾਂ ਦੇ ਗਿਣੇ-ਮਿੱਥੇ ਚਿਤਰਨ ਨੇ ਲੋਕਾਂ ਨੂੰ ਮੁੱਖ ਧਾਰਾ ਦੇ ਮੀਡੀਆ ਤੋਂ ਦੂਰ ਕਰ ਦਿੱਤਾ ਹੈ। ਲੋਕ ਇੰਟਰਨੈੱਟ ਮੀਡੀਆ ਪਲੇਟਫਾਰਮ ਦਾ ਰੁਖ਼ ਕਰ ਰਹੇ ਹਨ ਜਿੱਥੇ ਮੋਦੀ ਸਰਕਾਰ ਦਾ ਉਸ ਤਰ੍ਹਾਂ ਮਹਿਮਾਮੰਡਨ ਨਹੀਂ ਕੀਤਾ ਜਾਂਦਾ।

ਇੰਟਰਨੈੱਟ ਮੀਡੀਆ ਪਲੇਟਫਾਰਮ 'ਤੇ ਸਰਕਾਰ ਦਾ ਫ਼ਿਲਹਾਲ ਨਿਯੰਤਰਣ ਨਹੀਂ ਹੈ। ਅਵਾਮ ਦਾ ਇਸ ਵੱਲ ਖਿੱਚੇ ਜਾਣਾ ਸੁਭਾਵਿਕ ਵਰਤਾਰਾ ਹੈ। ਇਸ ਲਿਹਾਜ਼ ਨਾਲ ਐਕਸ (ਬੀਤੇ ਦਾ ਟਵਿੱਟਰ) ਅਤੇ ਹੋਰ ਇੰਟਰਨੈੱਟ ਮੀਡੀਆ ਮੰਚਾਂ 'ਤੇ ਵਧਦੀ ਸਰਗਰਮੀ ਨਾ ਸਿਰਫ਼ ਲੋਕਾਂ ਦੇ ਅੱਕਣ ਬਲਕਿ ਇੱਕ ਬਦਲਵੇਂ ਦ੍ਰਿਸ਼ਟੀਕੋਣ ਦੇ ਉੱਭਰਨ ਦਾ ਵੀ ਸੰਕੇਤ ਹੈ। ਇਹ ਨਜ਼ਰੀਏ ਵੀ ਹੁਣ ਤੇਜ਼ੀ ਨਾਲ ਜਗ੍ਹਾ ਬਣਾ ਰਹੇ ਹਨ ਜੋ ਵਰਤਮਾਨ ਸ਼ਾਸਨ ਪ੍ਰਤੀ ਬਦਲਦੇ ਰੁਝਾਨ ਨੂੰ ਦਰਸਾਉਂਦਾ ਹੈ।

ਸੰਭਵ ਹੈ ਕਿ ਭਾਜਪਾ ਲੀਡਰਸ਼ਿਪ ਨੂੰ ਵੀ ਇਸ ਪਰਿਵਰਤਨ ਦਾ ਅੰਦਾਜ਼ਾ ਹੈ ਅਤੇ ਇਸੇ ਕਾਰਨ ਜੀ-20 ਦੇ ਸ਼ਾਨਦਾਰ ਆਯੋਜਨ ਦੇ ਤੁਰੰਤ ਬਾਅਦ ਸੰਸਦ ਦੇ ਵਿਸ਼ੇਸ਼ ਇਜਲਾਸ ਵਿੱਚ ਮਹਿਲਾਵਾਂ ਨੂੰ ਰਾਖਵਾਂਕਰਨ ਦਾ ਸਬਜ਼ਬਾਗ ਦਿਖਾਇਆ ਗਿਆ ਜਿਸ ਦੇ 2029 ਵਿੱਚ ਜਾ ਕੇ ਸਾਕਾਰ ਰੂਪ ਲੈਣ ਦੇ ਆਸਾਰ ਹਨ। ਹਾਲਾਂਕਿ ਮਹਿਲਾ ਰਾਖਵਾਂਕਰਨ ਦੇ ਦਾਅ ਦਾ ਓਨਾ ਅਸਰ ਪੈਂਦਾ ਦਿਸ ਨਹੀਂ ਰਿਹਾ। ਇਸੇ ਕਾਰਨ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਸਰਕਾਰ ਦੀਆਂ ਉਪਲਬਧੀਆਂ ਦਾ ਵਿਆਖਿਆਨ ਕਰਨ ਦੀ ਥਾਂ ਵਿਰੋਧੀ ਪਾਰਟੀਆਂ 'ਤੇ ਹਮਲੇ ਨੂੰ ਤਰਜੀਹ ਦਿੱਤੀ ਹੈ। ਜਿੱਥੇ ਤੱਕ ਜੀ-20 ਦਾ ਸਵਾਲ ਹੈ ਤਾਂ ਪ੍ਰਧਾਨਗੀ ਲਈ ਭਾਰਤ ਦੀ ਵਾਰੀ ਤਾਂ 2022 ਵਿੱਚ ਸੀ ਪਰ ਉਸ ਨੂੰ 2023 ਲਈ ਖਿਸਕਾ ਦਿੱਤਾ ਗਿਆ। ਇਸ ਪਿੱਛੇ ਇਹੀ ਮਨਸ਼ਾ ਸੀ ਕਿ ਆਮ ਚੋਣਾਂ ਤੋਂ ਪਹਿਲਾਂ ਭਾਰਤ ਨੂੰ ਗਲੋਬਲ ਲੀਡਰ ਦੇ ਤੌਰ 'ਤੇ ਦਿਖਾ ਕੇ ਉਸ ਦਾ ਚੋਣਾਂ ਵਿਚ ਲਾਹਾ ਲਿਆ ਜਾਵੇ।

ਇਸੇ ਤਰ੍ਹਾਂ ਰਾਮ ਮੰਦਰ ਦੀ 22 ਜਨਵਰੀ ਨੂੰ ਪ੍ਰਸਤਾਵਤ ਪ੍ਰਾਣ ਪ੍ਰਤਿਸ਼ਠਾ ਵੀ ਇਹੀ ਸੰਕੇਤ ਕਰਦੀ ਹੈ ਕਿ ਆਮ ਚੋਣਾਂ ਤੋਂ ਪਹਿਲਾਂ ਭਾਜਪਾ ਦਾ ਏਜੰਡਾ ਕੀ ਰਹਿਣ ਵਾਲਾ ਹੈ। ਹੁਣ ਮੋਦੀ ਸੰਨ 2047 ਤੱਕ ਭਾਰਤ ਨੂੰ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣਾਉਣ ਦਾ ਸੁਪਨਾ ਦਿਖਾ ਰਹੇ ਹਨ ਪਰ ਲੱਗਦਾ ਨਹੀਂ ਕਿ ਵੱਡੀ ਗਿਣਤੀ ਵਿਚ ਲੋਕ ਇਸ 'ਤੇ ਭਰੋਸਾ ਕਰਨਗੇ।

ਜਾਤ-ਪਾਤ ਭਾਰਤੀ ਸਿਆਸੀ ਦਾਅ-ਪੇਚਾਂ ਦੇ ਮੂਲ ਵਿੱਚ ਹੁੰਦੀ ਹੈ। ਹਿੰਦੀ ਪੱਟੀ ਦੀ ਰਾਜਨੀਤੀ ਵਿੱਚ ਜਾਤ-ਪਾਤ ਹੋਰ ਵੀ ਡੂੰਘਾਈ ਨਾਲ ਸਮਾਈ ਹੋਈ ਹੈ। ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਨੂੰ ਛੱਡ ਦਿੱਤਾ ਜਾਵੇ ਤਾਂ ਸਿਰਫ਼ ਪੱਛੜਾ ਵਰਗ ਦੀ ਆਬਾਦੀ ਹੀ ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਰਾਸ਼ਟਰ, ਗੁਜਰਾਤ, ਉੱਤਰ ਪ੍ਰਦੇਸ਼, ਝਾਰਖੰਡ ਅਤੇ ਰਾਜਸਥਾਨ ਵਿੱਚ ਲਗਪਗ 50 ਪ੍ਰਤੀਸ਼ਤ ਹੈ। ਸੰਭਵ ਤੌਰ 'ਤੇ ਇਸੇ ਵਜ੍ਹਾ ਨਾਲ ਸੰਸਦ ਦੇ ਵਿਸ਼ੇਸ਼ ਇਜਲਾਸ ਦੌਰਾਨ ਭਾਜਪਾ ਦੇ ਇਕ ਮੈਂਬਰ ਨੇ ਮੋਦੀ ਨੂੰ ਦੇਸ਼ ਦਾ ਪਹਿਲਾ ਓਬੀਸੀ ਪ੍ਰਧਾਨ ਮੰਤਰੀ ਦਰਸਾਇਆ ਸੀ। ਯਕੀਨਨ ਇਸ ਪਿੱਛੇ ਸਿਆਸੀ ਲਾਭ ਦਾ ਉਦੇਸ਼ ਸੀ ਪਰ ਸੱਚ ਦੀ ਕਸੌਟੀ 'ਤੇ ਇਹ ਗੱਲ ਸਹੀ ਨਹੀਂ ਸੀ। ਪ੍ਰਧਾਨ ਮੰਤਰੀ ਜਿਸ ਮੋਦੀ-ਘਾਂਚੀ ਭਾਈਚਾਰੇ ਤੋਂ ਆਉਂਦੇ ਹਨ, ਉਸ ਨੂੰ ਗੁਜਰਾਤ ਵਿਚ 2002 ਵਿਚ ਹੀ ਪੱਛੜਾ ਵਰਗ ਦਾ ਦਰਜਾ ਮਿਲਿਆ।

ਜਦਕਿ ਮੋਦੀ ਖ਼ੁਦ ਨੂੰ ਓਬੀਸੀ ਦੱਸ ਕੇ ਹੀ ਚੋਣ ਪ੍ਰਚਾਰ ਕਰਦੇ ਹਨ। ਆਗਾਮੀ ਚੋਣਾਂ ਦਾ ਨਤੀਜਾ ਵੀ ਇਕ ਵੱਡੀ ਹੱਦ ਤੱਕ ਓਬੀਸੀ ਵਰਗ ਹੀ ਨਿਰਧਾਰਤ ਕਰੇਗਾ। ਇਹੀ ਕਾਰਨ ਹੈ ਕਿ ਬਿਹਾਰ ਵਿਚ ਜਾਤ ਆਧਾਰਤ ਗਣਨਾ ਤੋਂ ਬਾਅਦ ਮੋਦੀ ਜਨਤਕ ਤੌਰ 'ਤੇ ਗ਼ਰੀਬੀ ਨੂੰ ਸਭ ਤੋਂ ਵੱਡੀ ਜਾਤ ਦੱਸ ਰਹੇ ਹਨ। ਭਾਜਪਾ ਹੁਣ ਸ਼ਸ਼ੋਪੰਜ ਵਿੱਚ ਦਿਸਦੀ ਹੈ।

ਭਾਜਪਾ ਬਿਹਾਰ ਦੀ ਜਾਤ-ਪਾਤ ਆਧਾਰਤ ਮਰਦਮਸ਼ੁਮਾਰੀ ਦਾ ਸਮਰਥਨ ਨਹੀਂ ਕਰ ਸਕਦੀ ਕਿਉਂਕਿ ਉਸ ਵਿੱਚ ਪੱਛੜਿਆਂ ਦੇ ਅੰਦਰ ਪੱਛੜਿਆਂ ਦੇ ਅਧਿਕਾਰਾਂ ਦੀ ਬਹਿਸ ਦਾ ਨਵਾਂ ਪਿਟਾਰਾ ਖੁੱਲ੍ਹ ਸਕਦਾ ਹੈ। ਭਾਜਪਾ ਇਸ ਦਾ ਵਿਰੋਧ ਵੀ ਨਹੀਂ ਕਰ ਸਕਦੀ ਕਿਉਂਕਿ ਇਸ ਨਾਲ ਪੱਛੜਿਆਂ ਦੇ ਅੰਦਰ ਪੱਛੜਿਆਂ ਦੇ ਵੋਟ ਬੈਂਕ ਤੋਂ ਹੱਥ ਧੋਣਾ ਪੈ ਸਕਦਾ ਹੈ। ਇੰਦਰਾ ਸਾਹਨੀ ਮਾਮਲੇ ਵਿੱਚ ਪੱਛੜਿਆਂ ਦੀ ਗਿਣਤੀ 50 ਪ੍ਰਤੀਸ਼ਤ ਮੰਨਦੇ ਹੋਏ ਇਸ ਵਰਗ ਲਈ ਰਾਖਵਾਂਕਰਨ ਨੂੰ 27 ਪ੍ਰਤੀਸ਼ਤ ਦੇ ਪੱਧਰ 'ਤੇ ਨਿਰਧਾਰਤ ਕੀਤਾ ਗਿਆ। ਮਰਦਮਸ਼ੁਮਾਰੀ ਦੇ ਰੁਝਾਨਾਂ ਵਿੱਚ ਓਬੀਸੀ ਦੀ 60 ਪ੍ਰਤੀਸ਼ਤ ਅਨੁਮਾਨਤ ਗਿਣਤੀ ਨੂੰ ਦੇਖਦੇ ਹੋਏ ਹਿੰਦੀ ਪੱਟੀ ਦੇ ਜ਼ਿਆਦਾਤਰ ਸੂਬਿਆਂ ਵਿੱਚ 27 ਪ੍ਰਤੀਸ਼ਤ ਦੀ ਇਸ ਹੱਦ ਨੂੰ ਵਧਾਉਣ ਦੀ ਮੰਗ ਹੋਰ ਤੇਜ਼ੀ ਫੜ ਸਕਦੀ ਹੈ। ਇਸ ਦਾ ਵੀ ਨਰਿੰਦਰ ਮੋਦੀ ਨਾ ਵਿਰੋਧ ਕਰ ਸਕਦੇ ਹਨ ਅਤੇ ਨਾ ਹੀ ਸਮਰਥਨ।

ਜੇਕਰ ਉਹ ਸਮਰਥਨ ਕਰਨਗੇ ਤਾਂ ਉਨ੍ਹਾਂ ਉੱਚ ਜਾਤਾਂ ਦੇ ਲੋਕਾਂ ਦੀਆਂ ਵੋਟਾਂ ਤੋਂ ਹੱਥ ਧੋਣਾ ਪੈ ਸਕਦਾ ਹੈ ਜੋ ਭਾਜਪਾ ਦੇ ਰਵਾਇਤੀ ਵੋਟਰ ਰਹੇ ਹਨ। ਜੇ ਉਹ ਵਿਰੋਧ ਕਰਨਗੇ ਤਾਂ ਪੱਛੜੇ ਵਰਗ ਦੀਆਂ ਵੋਟਾਂ ਖਿਸਕਣ ਦਾ ਖ਼ਤਰਾ ਹੋਵੇਗਾ। ਇਸ ਦੁਚਿੱਤੀ ਦਾ ਭਾਜਪਾ ਦੀਆਂ ਸੰਭਾਵਨਾਵਾਂ 'ਤੇ ਅਸਰ ਪੈਣਾ ਤਹਿ ਹੈ ਕਿਉਂਕਿ 2019 ਦੀਆਂ ਚੋਣਾਂ ਵਿੱਚ ਭਾਜਪਾ ਨੇ ਹਿੰਦੀ ਪੱਟੀ ਵਿੱਚ ਵਿਰੋਧੀਆਂ ਦਾ ਬੋਰੀ-ਬਿਸਤਰਾ ਬੰਨ੍ਹ ਕੇ ਭਾਰੀ ਜਿੱਤ ਹਾਸਲ ਕੀਤੀ ਸੀ। ਫ਼ਿਰਕਾਪ੍ਰਸਤੀ ਦੀ ਸਿਆਸਤ ਵੀ ਇੱਕ ਬਹੁਤ ਵੱਡਾ ਤੇ ਸੰਗੀਨ ਮੁੱਦਾ ਹੈ।

ਇਕ ਅਜਿਹੇ ਦੌਰ ਵਿੱਚ ਜਦ ਅਸੀਂ ਗਲੋਬਲ ਲੀਡਰ ਬਣਨਾ ਚਾਹੁੰਦੇ ਹਾਂ ਤਾਂ ਭਾਈਚਾਰੇ ਵਾਲੀ ਮਾਨਸਿਕਤਾ ਹੀ ਸਾਡੀ ਤਰੱਕੀ ਯਕੀਨੀ ਬਣਾਵੇਗੀ। ਮੋਦੀ ਦੀਆਂ ਵੰਡ-ਪਾਊ ਨੀਤੀਆਂ ਉਨ੍ਹਾਂ ਦੇ ਇਸੇ ਬਿਆਨ ਦਾ ਮਖੌਲ ਉਡਾਉਂਦੀਆਂ ਹਨ ਕਿ 'ਭਾਰਤ ਲੋਕਤੰਤਰ ਦੀ ਜਣਨੀ ਹੈ।' ਭਾਰਤ ਵਿੱਚ ਲੋਕਤੰਤਰ ਨੂੰ ਲਾਈ ਜਾ ਰਹੀ ਢਾਹ ਦੇਸ਼ ਨੂੰ ਉਸ ਰਸਤੇ 'ਤੇ ਲੈ ਕੇ ਜਾ ਰਹੀ ਹੈ ਜਿੱਥੇ ਵੱਖ-ਵੱਖ ਭਾਈਚਾਰੇ ਇਕ-ਦੂਜੇ ਨਾਲ ਸਹਿਯੋਗ ਕਰਨ ਦੀ ਬਜਾਏ ਟਕਰਾਅ ਦੀ ਅਵਸਥਾ ਵਿੱਚ ਹਨ।

ਗ਼ਰੀਬਾਂ ਦੀਆਂ ਉਮੀਦਾਂ ਉਦੋਂ ਹੀ ਵਧ-ਫੁੱਲ ਸਕਦੀਆਂ ਹਨ ਜਦ ਅਸੀਂ ਮੋਦੀ ਦੀ ਵੰਡੀਆਂ ਪਾਉਣ ਵਾਲੀ ਰਾਜਨੀਤੀ ਨੂੰ ਨਕਾਰਦੇ ਹੋਏ ਨੌਜਵਾਨਾਂ ਖ਼ਾਸ ਤੌਰ 'ਤੇ ਧਰਮ, ਲਿੰਗ ਅਤੇ ਜਾਤ-ਪਾਤ ਆਧਾਰਤ ਪੱਖਪਾਤ ਦੇ ਸ਼ਿਕਾਰ ਲੋਕਾਂ ਦਾ ਸਸ਼ਕਤੀਕਰਨ ਕਰਨ 'ਤੇ ਧਿਆਨ ਕੇਂਦਰਿਤ ਕਰਨ। ਪੱਖਪਾਤ ਅੱਜ ਦੀ ਸਿਆਸਤ ਵਿੱਚ ਸਾਫ਼ ਝਲਕ ਰਿਹਾ ਹੈ ਜੋ ਬੇਹੱਦ ਮੰਦਭਾਗਾ ਵਰਤਾਰਾ ਹੈ। ਇਕ ਬਿਹਤਰ ਭਵਿੱਖ ਲਈ ਸਾਨੂੰ ਇਹ ਰਵੱਈਆ ਹਰ ਹਾਲਤ ਵਿੱਚ ਬਦਲਣਾ ਹੀ ਹੋਵੇਗਾ।

# ਕੀ ਹੋਣ ਪੰਜਾਬ ਦੇ ਭਵਿੱਖ ਦੀਆਂ ਖੇਤੀ ਵਿਕਾਸ ਦਿਸ਼ਾਵਾਂ ?



ਭਾਈ ਹਰਿਸਿਮਰਨ ਸਿੰਘ
ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟਡੀਜ਼, ਸ੍ਰੀ ਅਨੰਦਪੁਰ ਸਾਹਿਬ।
ਮੋ. 9872591713



ਇਕ ਸਫ਼ਲ, ਆਦਰਸ਼ਕ ਅਤੇ ਵਿਕਸਿਤ (ਜਾਂ ਵਿਕਾਸਸ਼ੀਲ) ਸਟੇਟ ਆਪਣੇ ਨਾਗਰਿਕਾਂ ਨੂੰ ਉਨ੍ਹਾਂ ਦੇ 'ਪੰਘੂੜੇ ਤੋਂ ਕਬਰ' ਤੱਕ ਦੇ ਜੀਵਨ ਵਿੱਚ ਉਨ੍ਹਾਂ ਨੂੰ ਸਰਬਪੱਖੀ ਸਮਾਜਿਕ ਸੁਰੱਖਿਆ, ਖੁਸ਼ਹਾਲ ਸਿਰਜਣਾਤਮਕ ਜੀਵਨ, ਵਿਕਸਿਤ ਹੋਣ ਲਈ ਬਰਾਬਰ ਮੌਕੇ ਅਤੇ ਮੁਕੰਮਲ ਜੀਵਨ ਦੇਣ ਲਈ ਪਾਬੰਦ ਰਹਿਣੀ ਚਾਹੀਦੀ ਹੈ। ਸਟੇਟ ਦੀ ਸਮੁੱਚੀ ਢਾਂਚਾਗਤ ਬਣਤਰ, ਰਾਜਕੀ ਪ੍ਰਬੰਧ, ਲੀਡਰਸ਼ਿਪ ਤੇ ਪ੍ਰਬੰਧਕੀ ਸਿਸਟਮ ਆਦਿ ਅਜਿਹੇ ਮਕਸਦਾਂ ਦੀ ਪੂਰਤੀ ਲਈ ਉੱਚ ਪੱਧਰ ਦੇ ਕੁਸ਼ਲ, ਪਾਰਦਰਸ਼ੀ, ਭ੍ਰਿਸ਼ਟਾਚਾਰ-ਮੁਕਤ ਅਤੇ ਲੋਕਾਂ ਦੀ ਸੇਵਾ ਨੂੰ ਸਮਰਪਿਤ ਆਗੂਆਂ ਦੀ ਅਗਵਾਈ ਹੇਠ ਕੰਮ ਕਰਦੇ ਰਹਿਣੇ ਜ਼ਰੂਰੀ ਹਨ। ਕੁਦਰਤ ਵੱਲੋਂ ਹਰ ਸੰਬੰਧਿਤ ਰਾਜ ਦੀਆਂ ਭੂਗੋਲਿਕ ਹੱਦਾਂ ਅੰਦਰ ਬਖ਼ਸ਼ੇ ਗਏ ਸਮੁੱਚੇ ਕੁਦਰਤੀ ਸਰੋਤਾਂ, ਮਨੁੱਖੀ ਸਰੋਤਾਂ ਦਾ ਪੱਧਰ, ਉਨ੍ਹਾਂ ਦੀ ਸੁਯੋਗ ਵਰਤੋਂ ਅਤੇ ਆਰਥਿਕ ਸੋਮਿਆਂ ਆਦਿ ਵਿਚ ਸੰਤੁਲਨ ਅਤੇ ਨਿਯਮਬੱਧਤਾ ਆਦਿ ਬਣਾਈ ਰੱਖ ਕੇ ਹੀ ਇਕ ਸਟੇਟ ਦੀ ਸਫ਼ਲਤਾ ਯਕੀਨੀ ਬਣਾਈ ਜਾ ਸਕਦੀ ਹੈ।

ਅਜਿਹੀ ਸਟੇਟ ਦੇ ਮਾਪਦੰਡਾਂ ਨੂੰ ਵਰਤਮਾਨ ਦੇ ਪੰਜਾਬ ਉੱਤੇ ਲਾਗੂ ਕਰਕੇ ਬੜੇ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਕੁਦਰਤ ਵਲੋਂ ਅਨੰਤ ਨਿਆਮਤਾਂ ਵਾਲੀ ਪੰਜਾਬ ਦੀ ਧਰਤੀ ਅਨੇਕ ਪ੍ਰਕਾਰ ਦੇ ਸੰਕਟਾਂ, ਸਮੱਸਿਆਵਾਂ ਅਤੇ ਚੁਣੌਤੀਆਂ ਵਿਚਕਾਰ ਘਿਰੀ ਹੋਈ ਹੈ। ਜਿਹੜੇ ਵੀ ਹਾਲਾਤ ਦਾ ਪੰਜਾਬ ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਸਾਹਮਣਾ ਕਰਦਾ ਆ ਰਿਹਾ ਹੈ ਅਤੇ ਜਿਸ ਤਰ੍ਹਾਂ ਦੀ ਦੂਰ-ਦ੍ਰਿਸ਼ਟੀਹੀਣ ਕਮਜ਼ੋਰ ਲੀਡਰਸ਼ਿਪ ਤੇ ਸ਼ਾਸਕ ਵਰਗ ਇਸ ਨੂੰ ਮਿਲਦੇ ਆ ਰਹੇ ਹਨ ਅਤੇ ਵਰਤਮਾਨ ਦੀ ਲੀਡਰਸ਼ਿਪ ਵੀ ਇਨ੍ਹਾਂ ਤੋਂ ਘੱਟ ਨਹੀਂ ਹੈ, ਉਨ੍ਹਾਂ ਸਭ ਘਟਨਾਕ੍ਰਮਾਂ ਦਾ 2023 ਤੱਕ ਦਾ ਨਤੀਜਾ ਹੈ ਕਿ ਇਸ ਸਮੇਂ ਪੰਜਾਬ ਆਪਣੀਆਂ ਅਨੇਕ ਢਾਂਚਾਗਤ ਸਮੱਸਿਆਵਾਂ ਵਿਚ ਘਿਰਿਆ ਹੋਇਆ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ।

ਸਾਡੇ ਲਈ ਇਹੋ ਹੀ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹੈ। ਪੰਜਾਬ ਵਿਚ ਕਾਨੂੰਨ ਦੇ ਰਾਜ ਦੀ ਘਾਟ ਹੈ; ਸਮੁੱਚੇ ਪ੍ਰਸ਼ਾਸਨ ਦੀ ਸੰਸਥਾ ਡਾਵਾਂਡੋਲ ਹੋ ਰਹੀ ਹੈ, ਰਾਜਕੀ ਆਗੂਆਂ ਸਮੇਤ ਪ੍ਰਸ਼ਾਸਨਿਕ ਢਾਂਚਾ ਵੀ ਕਮਜ਼ੋਰ ਪੈ ਰਿਹਾ ਹੈ, ਲੋਕ ਮੁੱਦਿਆਂ ਨੂੰ ਇਨ੍ਹਾਂ ਦੀ ਪੂਰਨਤਾ ਤੱਕ ਹੱਲ ਨਾ ਕਰਨ ਕਾਰਨ ਇਹ ਢਾਂਚਾ ਵੀ ਡਾਵਾਂਡੋਲ ਹੋ ਰਿਹਾ ਹੈ। ਪੰਜਾਬ ਵਾਸੀਆਂ ਵੱਲੋਂ ਆਮ ਆਦਮੀ ਪਾਰਟੀ ਨੂੰ ਬਦਲਵੀਂ ਵਿਵਸਥਾ ਦੇਣ ਲਈ ਦਿੱਤੇ ਗਏ ਵੱਡੇ ਜਨ-ਆਦੇਸ਼ ਦੇ ਬਾਵਜੂਦ ਸਟੇਟ ਵਿਚ ਰਾਜਸੀ ਖ਼ਲਾਅ ਵਾਲੀ ਸਥਿਤੀ ਬਣੀ ਹੋਈ ਹੈ। ਅਕਾਲੀ ਖੇਤਰੀ ਪਾਰਟੀ ਦੇ ਕਮਜ਼ੋਰ ਚਲਦਿਆਂ ਕੇਂਦਰਵਾਦੀ ਪਾਰਟੀਆਂ ਪੰਜਾਬ ਨੂੰ ਗਿਰਝਾਂ ਵਾਂਗ ਚੰਬੜੀਆਂ ਹੋਈਆਂ ਹਨ। ਪੰਜਾਬ ਵਿੱਚ ਨਸ਼ਿਆਂ, ਬੇਰੁਜ਼ਗਾਰੀ, ਪਲਾਇਨ, ਬੌਧਿਕ ਕੰਗਾਲੀ, ਖੇਤੀਬਾੜੀ ਖੇਤਰਾਂ ਦੀ ਬਦਹਾਲੀ, ਵਪਾਰਕ, ਕਮਜ਼ੋਰ ਪੈਦਾਵਾਰ, ਸਮਾਜਿਕ ਤਾਣਾ-ਬਾਣਾ ਅਤੇ ਨੈਤਿਕ ਨਿਘਾਰ ਆਦਿ ਸੰਬੰਧੀ ਸਮਾਜਿਕ ਸੰਕਟ ਦਿਨ ਪ੍ਰਤੀ ਦਿਨ ਗਹਿਰੇ ਹੁੰਦੇ ਜਾ ਰਹੇ ਹਨ। ਸਿਵਲ ਸੁਸਾਇਟੀ ਤੇ ਲੋਕਤੰਤਰੀ ਕੀਮਤਾਂ ਦੀ ਠੀਕ ਪ੍ਰਸੰਗ ਵਿਚ ਜਾਗ੍ਰਤੀ ਕਮਜ਼ੋਰ ਹੋ ਗਈ ਹੈ। ਮਹਿਸੂਸ ਕੀਤਾ ਜਾ ਸਕਦਾ ਹੈ ਕਿ ਪੰਜਾਬ ਇਸ ਦੀਆਂ ਭਵਿੱਖ ਦੀਆਂ ਨਸਲਾਂ ਅਤੇ ਖੁਦ ਇਸ ਦਾ ਭਵਿੱਖ ਹੀ ਨਿਰਾਸ਼ਤਾ ਤੇ ਲਾਚਾਰੀ ਦੇ ਆਲਮ ਵਿੱਚ ਗੁਆਚ ਰਿਹਾ ਹੈ।

ਪੰਜਾਬ ਦਾ ਸੰਕਟ ਇਤਨਾ ਗਹਿਰਾ ਹੋ ਗਿਆ ਹੈ ਕਿ ਪਿਛਲੇ ਦਹਾਕਿਆਂ ਤੋਂ ਇਸ ਉੱਤੇ ਚੜ੍ਹਿਆ ਤਿੰਨ ਲੱਖ ਪੰਜਾਹ ਹਜ਼ਾਰ ਕਰੋੜ ਦਾ ਕਰਜ਼ਾ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ। ਹਾਲਾਤ ਇਹ ਬਣ ਗਏ ਹਨ ਕਿ ਕਰਜ਼ੇ ਦੇ ਵਿਆਜ ਦੀਆਂ ਕਿਸ਼ਤਾਂ ਉਤਾਰਨ ਲਈ ਹੀ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ। ਨਾਗਰਿਕਾਂ ਨੂੰ ਚੰਗਾ ਜੀਵਨ, ਮਿਆਰੀ ਵਿੱਦਿਆ, ਸਿਹਤ ਸੇਵਾਵਾਂ, ਰੁਜ਼ਗਾਰ ਭਰਪੂਰ ਅਤੇ ਵਿਕਸਿਤ ਸਿਰਜਣਾਤਮਕ ਜੀਵਨ ਦੇਣਾ ਹੀ ਦੂਰ ਦਾ ਸੁਪਨਾ ਬਣ ਗਿਆ ਹੈ।

### ਭਵਿੱਖ ਦੀਆਂ ਖੇਤੀ ਵਿਕਾਸ ਦਿਸ਼ਾਵਾਂ

ਪੰਜਾਬ ਦੀ ਨਵ-ਉਸਾਰੀ ਲਈ ਲੋੜੀਂਦਾ ਆਰਥਿਕ ਵਿਕਾਸ ਮਾਡਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕਰਤਾਰਪੁਰੀ ਮਾਡਲ ਵਿੱਚ ਦਿੱਤੀਆਂ ਗਈਆਂ ਅੰਤਰ-ਦ੍ਰਿਸ਼ਟੀਆਂ ਅਤੇ ਪ੍ਰੇਰਨਾਵਾਂ ਉੱਤੇ ਸਿਰਜੇ ਗਏ ਵਿਸਮਾਦੀ ਸਮਾਜਿਕ ਪ੍ਰਬੰਧ ਦੇ ਅੰਤਰਗਤ ਹੋ ਸਕੇਗਾ, ਅਜਿਹਾ ਯਕੀਨ ਕਰਨਾ ਬਣਦਾ ਹੈ। ਜਦੋਂ ਕੁਝ ਉਲਟ ਸਥਿਤੀਆਂ ਨੂੰ ਸਾਕਾਰਾਤਮਕ ਰੂਪ ਦੇਣ ਅਤੇ ਨਵੇਂ ਬਦਲਾਓ ਲਿਆਉਣ ਲਈ ਯਤਨ ਕੀਤੇ ਜਾਂਦੇ ਹਨ, ਤਾਂ ਸਭ ਤੋਂ ਪਹਿਲਾਂ ਉਨ੍ਹਾਂ ਕਾਰਨਾਂ ਨੂੰ ਖ਼ਤਮ ਕਰਨਾ ਪੈਂਦਾ ਹੈ, ਜਿਨ੍ਹਾਂ ਕਰਕੇ ਉਲਟ ਹਾਲਾਤ ਅਤੇ ਸਥਿਤੀਆਂ ਪੈਦਾ ਹੋਈਆਂ ਹੁੰਦੀਆਂ ਹਨ। ਇਸ ਲਈ ਖੇਤੀ ਉਤਪਾਦਨ ਦਾ ਬਦਲਵਾਂ ਰੂਪ-ਸਰੂਪ ਸਿਰਜਣ ਲਈ ਸਾਨੂੰ ਇਸ ਪ੍ਰਥਾਇ ਜਿੱਥੇ ਖੇਤੀ ਉਤਪਾਦਨ ਵਿਚ ਕੁਝ ਕ੍ਰਾਂਤੀਕਾਰੀ ਸੁਧਾਰ ਲਿਆਉਣੇ ਹੋਣਗੇ, ਉਥੇ ਕੁਝ ਨੀਤੀਆਂ ਅਤੇ ਵਰਤਾਰਿਆਂ ਨੂੰ ਬਿਲਕੁਲ ਖ਼ਤਮ ਕਰਕੇ ਜਾਂ ਨਵਾਂ ਰੂਪ ਦੇ ਕੇ ਯਤਨ ਕਰਨੇ ਹੋਣਗੇ। ਵਧੇਰੇ ਖੇਤੀ ਉਤਪਾਦਨ ਲੈਣ ਲਈ ਜ਼ਮੀਨ ਵਿੱਚ ਜਿਨ੍ਹਾਂ ਖਾਦਾਂ, ਬੀਜਾਂ, ਕੀਟਨਾਸ਼ਕਾਂ ਅਤੇ ਮਸ਼ੀਨੀ ਉਪਕਰਣਾਂ ਦੀ ਵਰਤੋਂ ਕੀਤੀ ਗਈ ਹੈ, ਉਸ ਦੇ ਕੁਝ ਲਾਭ ਜ਼ਰੂਰ ਹੋਏ ਹਨ।

ਇਸ ਸੰਬੰਧੀ 1950 ਤੋਂ ਵਰਤਮਾਨ ਤੱਕ ਦੇ 75 ਸਾਲਾਂ ਦੇ ਵਕਫ਼ੇ ਦੌਰਾਨ ਫ਼ਸਲਾਂ ਦੀ ਮਾਤਰਾ ਵਿਚ ਹੋਏ ਅਥਾਹ ਵਾਧੇ ਨਾਲ ਵਿਸ਼ਵ ਦੀ 800 ਕਰੋੜ ਦੇ ਕਰੀਬ ਵਧੀ ਵੱਸੋਂ ਲਈ ਲੋੜੀਂਦੀ ਮਾਤਰਾ ਵਿਚ ਖਾਧ ਪਦਾਰਥ, ਫ਼ਲ, ਸਬਜ਼ੀਆਂ, ਦੁੱਧ, ਕੱਪੜਾ, ਤੇਲ, ਲੱਕੜ ਅਤੇ ਪਲਾਸਟਿਕ ਆਦਿ ਤਾਂ ਭਾਰੀ ਮਾਤਰਾ ਵਿਚ ਪ੍ਰਾਪਤ ਹੋ ਗਏ ਹਨ, ਪਰ ਇਸ ਨਾਲ ਖੇਤੀ ਉਤਪਾਦਾਂ ਵਿੱਚ ਅਸ਼ੁੱਧਤਾ ਅਤੇ ਸਰੀਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਤੱਤ ਵੀ ਖਾਧ ਪਦਾਰਥਾਂ ਵਿੱਚ ਦਾਖ਼ਲ ਹੋ ਗਏ ਹਨ। ਸਰਕਾਰਾਂ ਦੀਆਂ ਨੀਤੀਆਂ ਅਤੇ ਹੋਰ ਕਈ ਕਾਰਨਾਂ ਕਰਕੇ ਖੇਤੀ ਉਤਪਾਦਨ ਜੋ ਘਾਟੇ ਵਾਲਾ ਕਿੱਤਾ ਬਣਾ ਦਿੱਤਾ ਗਿਆ ਹੈ, ਇਸ ਵਰਤਾਰੇ ਨੂੰ ਬਦਲਣਾ ਹੀ ਅਸਲ ਵਿਚ ਵੱਡੀ ਚੁਣੌਤੀ ਹੈ।

21ਵੀਂ ਸਦੀ ਦੇ ਇਨ੍ਹਾਂ ਵਰਤਮਾਨ ਦਹਾਕਿਆਂ ਵਿੱਚ ਪੰਜਾਬ ਦੇ ਜੋ ਹਾਲਾਤ ਬਣੇ ਹੋਏ ਹਨ, ਉਨ੍ਹਾਂ ਨੂੰ ਠੀਕ ਦਿਸ਼ਾ ਵੱਲ ਲਿਜਾਉਣ ਲਈ ਲੋਕਾਂ ਦੀ ਸਿਹਤ ਨੂੰ ਅਸ਼ੁੱਧ ਬਣਾ ਦਿੱਤੇ ਗਏ ਖਾਧ ਪਦਾਰਥਾਂ ਦੇ ਮਾਰੂ ਅਤੇ ਗੈਰ-ਕੁਦਰਤੀ ਖੇਤੀ ਪ੍ਰਭਾਵਾਂ ਤੋਂ ਬਚਾਉਣ ਲਈ ਇਥੇ ਬਦਲਵਾਂ ਖੇਤੀ ਵਿਕਾਸ ਮਾਡਲ ਵਿਕਸਿਤ ਕਰਨਾ ਹੋਵੇਗਾ। ਇਸ ਦੇ ਨਾਲ-ਨਾਲ ਮਸ਼ੀਨੀ ਉਪਕਰਣਾਂ ਅਤੇ ਤਕਨਾਲੋਜੀ ਨੂੰ ਵਰਤਦਿਆਂ ਹੋਇਆਂ ਸਾਨੂੰ 1950 ਤੋਂ ਪਹਿਲਾਂ ਵਾਲੀ ਸਥਿਤੀ ਅਤੇ ਵਾਤਾਵਰਨ ਵਿਚ ਖੇਤੀ ਉਤਪਾਦਨ ਨੂੰ ਲੈ ਕੇ ਜਾਣਾ ਹੋਏਗਾ, ਜਿੱਥੋਂ ਇਹ ਕੁਝ ਉਲਟ ਵਰਤਾਰਿਆਂ ਦੀ ਸ਼ੁਰੂਆਤ ਹੋਈ ਸੀ। ਇਹ ਕੁਝ ਤਲਖ਼ ਸੱਚਾਈਆਂ ਹਨ, ਜਿਨ੍ਹਾਂ ਦਾ ਸਾਹਮਣਾ ਕਰਕੇ ਅਤੇ ਨਵੇਂ ਮਾਰਗ ਤਿਆਰ ਕਰਕੇ ਅਸੀਂ ਕੁਦਰਤ-ਮੁਖੀ ਖੇਤੀ ਉਤਪਾਦਨ ਦੀ ਸਫ਼ਲਤਾ ਦੀਆਂ ਉੱਜਵਲ ਸੰਭਾਵਨਾਵਾਂ ਨਿਯਤ ਕਰ ਸਕਦੇ ਹਾਂ। ਇਥੇ ਕੁਝ ਸੁਝਾਅ ਦਿੱਤੇ ਜਾ ਰਹੇ ਹਨ, ਜਿਨ੍ਹਾਂ ਬਾਰੇ ਪੰਜਾਬ ਤੋਂ ਵਿਸ਼ਵ ਪੱਧਰ ਤੱਕ ਦੇ ਸੰਬੰਧਿਤ ਮਾਹਿਰਾਂ, ਨੀਤੀ-ਘਾੜਿਆਂ ਅਤੇ ਸਰਕਾਰਾਂ ਨੂੰ ਫ਼ੌਰੀ ਤੌਰ 'ਤੇ ਕਾਰਗਰ ਉਪਾਅ ਕਰਨੇ ਹੋਣਗੇ। ਇਨ੍ਹਾਂ ਸੁਝਾਵਾਂ ਪਿੱਛੇ ਕੰਮ ਕਰਦੀ ਮੂਲ ਭਾਵਨਾ ਨੂੰ ਸਮਝ ਕੇ ਇਨ੍ਹਾਂ ਦੇ ਵਿਸਥਾਰ ਸਿਰਜੇ ਜਾਣੇ ਜ਼ਰੂਰੀ ਹਨ। ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਨੂੰ ਮੁੱਖ ਰੱਖਦਿਆਂ ਇਨ੍ਹਾਂ ਸੁਝਾਵਾਂ ਨੂੰ ਸੰਖੇਪ ਰੂਪ ਵਿਚ ਹੀ ਬਿਆਨਿਆ ਜਾ ਰਿਹਾ ਹੈ। ਪਾਠਕ ਇਨ੍ਹਾਂ ਦਾ ਵਿਸਥਾਰ ਸਾਡੀ ਬਦਲਵਾਂ ਵਿਕਾਸ ਮਾਡਲ ਪੁਸਤਕ ਵਿਚੋਂ ਵੇਖ ਸਕਦੇ ਹਨ।

### ਖੇਤੀ ਖੇਤਰ ਵਿੱਚ ਬਦਲਾਓ

ਖੇਤੀ ਜ਼ਮੀਨ ਦੀ ਤਾਸੀਰ ਵਿੱਚ ਸ਼ੁੱਧਤਾ ਲਿਆਉਣ, ਸਾਂਝੀ ਅਤੇ ਸਹਿਕਾਰੀ ਖੇਤੀ, ਯੋਜਨਾਬੱਧ ਖੇਤੀ ਅਤੇ ਫ਼ਸਲੀ ਵਿਭਿੰਨਤਾ, ਕਲੱਸਟਰ ਆਧਾਰਿਤ ਖੇਤੀ ਉਤਪਾਦਨ ਅਤੇ ਮਾਰਕੀਟਿੰਗ-ਟਰੇਡਿੰਗ, ਪਿੰਡਾਂ ਅਧਾਰਿਤ ਖੇਤੀ ਉਦਯੋਗ; ਕੁਦਰਤੀ-ਜੈਵਿਕ ਖੇਤੀ, ਨਵੀਆਂ ਸਿੰਚਾਈ ਤਕਨੀਕਾਂ, ਕਿਸਾਨ ਅਤੇ ਖੇਤੀ ਉਤਪਾਦਨ ਦੀ ਪ੍ਰਤਿਸ਼ਠਾ, ਸਤਿਕਾਰ ਅਤੇ ਗੌਰਵਮਈ ਪਹਿਚਾਣ ਨੂੰ ਬਹਾਲ ਕਰਨਾ, ਹਰੇਕ (ਬਾਕੀ ਸਫ਼ਾ 29 'ਤੇ)

# ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ ਖੇਡਿਆ ਰਾਮ ਮੰਦਰ ਦਾ ਪੱਤਾ

ਰਾਜਿੰਦਰ ਸ਼ਰਮਾ

ਅਯੁੱਧਿਆ ਦੇ ਰਾਮ ਮੰਦਰ ਦਾ ਚੋਣਾਂ ਵਿੱਚ ਲਾਭ ਲੈਣ ਦੇ ਸੰਘ-ਭਾਜਪਾ ਦੇ ਯਤਨਾਂ ਦਾ ਇੱਕ ਹੋਰ ਚੱਕਰ ਸ਼ੁਰੂ ਹੋ ਗਿਆ ਹੈ। ਇਸ ਮਹੀਨੇ ਹੋਣ ਜਾ ਰਹੇ ਮੱਧ ਪ੍ਰਦੇਸ਼ ਦੇ ਚੋਣ ਪ੍ਰਚਾਰ 'ਚ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਤਰੀਕ ਤੋਂ ਪਹਿਲਾਂ ਹੀ ਰਾਮ ਮੰਦਰ ਦੀ ਐਂਟਰੀ ਹੋ ਚੁੱਕੀ ਸੀ। ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਡੇ-ਵੱਡੇ ਹੋਰਡਿੰਗ ਲਗਾ ਕੇ ਭਾਜਪਾ ਨੇ ਨਾ ਸਿਰਫ਼ ਇਹ ਯਾਦ ਦਿਵਾਇਆ ਹੈ ਕਿ 'ਸ਼ਾਨਦਾਰ ਰਾਮ ਮੰਦਰ ਤਿਆਰ ਹੋ ਰਿਹਾ ਹੈ', ਸਗੋਂ ਇਸ ਦੇ ਸਿਹਰਾ 'ਤੇ ਭਾਜਪਾ ਦੇ ਦਾਅਵੇ 'ਤੇ ਖੁੱਲ੍ਹੇਆਮ ਇਸ਼ਾਰਾ ਕਰਦਿਆਂ 'ਇੱਕ ਵਾਰ ਫਿਰ ਭਾਜਪਾ ਸਰਕਾਰ' ਵੀ ਜੋੜ ਦਿੱਤੀ ਹੈ। ਇਸ ਹੋਰਡਿੰਗ 'ਤੇ ਅਯੁੱਧਿਆ 'ਚ ਨਿਰਮਾਣ ਅਧੀਨ ਰਾਮ ਮੰਦਰ ਦੀ ਵੱਡੀ ਤਸਵੀਰ ਦੇ ਨਾਲ-ਨਾਲ ਇੱਕ ਪਾਸੇ ਪ੍ਰਧਾਨ ਮੰਤਰੀ ਮੋਦੀ ਦੀ ਵੱਡੀ ਤਸਵੀਰ ਹੈ ਅਤੇ ਦੂਜੇ ਪਾਸੇ ਭਾਜਪਾ ਦੇ ਪ੍ਰਧਾਨ ਜੇ.ਪੀ. ਨੱਡਾ ਦੇ ਨਾਲ, ਲਗਭਗ ਸਾਰੇ ਚੋਟੀ ਦੇ ਨੇਤਾ ਹਨ। ਇਸ ਤਸਵੀਰ ਵਿੱਚ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਸਮੇਤ ਭਾਜਪਾ ਨੂੰ ਥਾਂ ਦਿੱਤੀ ਗਈ ਹੈ।

ਕਾਂਗਰਸ ਪਾਰਟੀ ਨੇ ਇਸ ਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਇਹ ਚੋਣਾਂ ਲਈ ਧਾਰਮਿਕ ਅਪੀਲ ਦਾ ਸਹਾਰਾ ਲੈਣ ਦਾ ਮਾਮਲਾ ਹੈ। ਇਹ ਸ਼ਿਕਾਇਤ ਖਾਸ ਤੌਰ 'ਤੇ ਇੰਦੌਰ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਇੱਕ ਚੋਣ ਰੈਲੀ ਵਿੱਚ ਹੋਰਡਿੰਗ ਦੀ ਵਰਤੋਂ ਕਰਨ ਤੋਂ ਬਾਅਦ ਕੀਤੀ ਗਈ ਸੀ, ਜੋ ਕਿ ਰਾਜ ਵਿੱਚ ਭਾਜਪਾ ਦੇ ਚੋਟੀ ਦੇ ਨੇਤਾਵਾਂ ਵਿੱਚੋਂ ਇੱਕ ਕੈਲਾਸ਼ ਵਿਜੇਵਰਗੀਆ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਆਯੋਜਿਤ ਕੀਤੀ ਗਈ ਸੀ। ਵੈਸੇ ਇਹ ਵੀ ਹੈਰਾਨੀ ਵਾਲੀ ਗੱਲ ਨਹੀਂ ਕਿ ਉਕਤ ਸ਼ਿਕਾਇਤ ਤੋਂ ਕਈ ਦਿਨ ਬਾਅਦ ਵੀ ਇਹ ਸਤਰਾਂ ਲਿਖਣ ਤੱਕ ਚੋਣ ਕਮਿਸ਼ਨ ਵੱਲੋਂ ਇਸ ਸ਼ਿਕਾਇਤ 'ਤੇ ਕੋਈ ਕਾਰਵਾਈ ਕਰਨ ਦੀ ਖ਼ਬਰ ਨਹੀਂ ਸੀ। ਇਸ ਮਾਮਲੇ ਵਿੱਚ ਆਪਣਾ ਬਚਾਅ ਕਰਨ ਲਈ ਉਨ੍ਹਾਂ ਦੀ ਦਲੀਲ ਇਹ ਸੀ ਕਿ ਭਾਜਪਾ ਰਾਮ ਅਤੇ ਉਸਦੇ ਮੰਦਰ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਜੋ ਲੋਕ ਉਸਦੀ ਇਸ ਆਸਥਾ ਦਾ ਵਿਰੋਧ ਕਰਦੇ ਹਨ, ਉਹ ਰਾਮ ਅਤੇ ਰਾਮ ਮੰਦਰ ਦੇ ਵਿਰੁੱਧ ਹਨ, ਅਤੇ ਇਸਦੇ ਨਿਰਮਾਣ ਦਾ ਵਿਰੋਧ ਕਰਦੇ ਰਹੇ ਹਨ। ਭਾਜਪਾ ਦੇ ਸੂਬਾ ਪ੍ਰਧਾਨ ਬੀ.ਡੀ.ਸ਼ਰਮਾ ਨੇ ਨਾ ਸਿਰਫ ਇਹ ਦਲੀਲ ਦਿੱਤੀ ਕਿ ਅਸੀਂ ਰਾਮ ਦੇ ਭਗਤ ਹਾਂ, ਅਸੀਂ ਰਾਮ ਮੰਦਰ ਦੀ ਤਸਵੀਰ ਕਿਉਂ ਨਹੀਂ ਲਗਾਵਾਂਗੇ, ਸਗੋਂ ਠੇਠ ਸੰਘੀ ਅੰਦਾਜ਼ 'ਚ ਵਿਰੋਧੀ ਧਿਰ ਨੂੰ ਕਿਹਾ ਕਿ ਜੇਕਰ ਦੂਸਰੇ ਚਾਹੁਣ ਤਾਂ ਬਾਬਰ ਦੀ ਤਸਵੀਰ ਲਗਾ ਸਕਦੇ ਹਨ। ਇਸ ਤੋਂ ਕਿਸੇ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਇਹ ਕੋਸ਼ਿਸ਼ ਸਿਰਫ਼ ਮੱਧ ਪ੍ਰਦੇਸ਼ ਵਿੱਚ ਭਾਜਪਾ ਦੇ ਆਗੂਆਂ ਤੱਕ ਹੀ ਸੀਮਤ ਹੋ ਸਕਦੀ ਹੈ। ਇਸੇ ਸਿਲਸਿਲੇ 'ਚ ਮੋਦੀ ਦੀ ਭਾਜਪਾ 'ਚ ਨੰਬਰ ਟੂ ਸੀਟ 'ਤੇ ਮੰਨੇ ਜਾਂਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੱਧ ਪ੍ਰਦੇਸ਼ ਦੇ ਉਜੈਨ 'ਚ ਆਪਣੀ ਚੋਣ ਪ੍ਰਚਾਰ ਸਭਾ 'ਚ ਰਾਮ ਮੰਦਰ ਦੀ ਉਸਾਰੀ ਦਾ ਸਿਹਰਾ ਖੁੱਲ੍ਹ ਕੇ ਆਪਣੇ ਸਿਰ 'ਤੇ ਲਿਆ। ਰਾਹੁਲ ਗਾਂਧੀ 'ਤੇ ਟਿੱਪਣੀ ਕਰਦਿਆਂ ਸ਼ਾਹ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਮੰਦਰ ਦੇ ਉਦਘਾਟਨ ਦੀ ਤਰੀਕ ਦੱਸਣ ਆਏ ਹਨ। ਕਾਂਗਰਸੀ ਉਸ ਨੂੰ ਵਿਅੰਗਮਈ ਢੰਗ ਨਾਲ ਕਹਿੰਦੇ ਸਨ ਕਿ 'ਉਹ




ਇਹ ਮੰਦਰ ਉਥੇ ਬਣਾ ਦੇਣਗੇ ਪਰ ਤਰੀਕ ਨਹੀਂ ਦੱਸਣਗੇ'; ਹੁਣ ਤਰੀਕ ਦੱਸ ਰਹੇ ਹਾਂ - 22 ਜਨਵਰੀ 2024। ਸ਼ਾਹ ਨੇ ਆਪਣੇ ਭਾਸ਼ਣ ਵਿੱਚ ਵਾਰ-ਵਾਰ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਦੇ ਵਿਰੋਧੀਆਂ ਖਾਸ ਕਰਕੇ ਕਾਂਗਰਸ ਨੇ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਨਾ ਹੋਣ ਦੇਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਭਾਵ, ਸਿਰਫ਼ ਭਾਜਪਾ ਦੇ ਹੱਕ ਵਿੱਚ ਵੋਟ ਨੂੰ ਰਾਮ ਮੰਦਰ ਦੇ ਹੱਕ ਵਿੱਚ ਵੋਟ ਨਹੀਂ ਕਿਹਾ ਜਾ ਰਿਹਾ ਸੀ, ਸਗੋਂ ਕਾਂਗਰਸ ਜਾਂ ਹੋਰ ਵਿਰੋਧੀ ਪਾਰਟੀਆਂ ਨੂੰ ਵੀ ਵੋਟ ਰਾਮ ਮੰਦਰ ਦੇ ਵਿਰੋਧ ਵਿੱਚ ਪਾਈ ਜਾ ਰਹੀ ਸੀ।

ਯਾਦ ਰਹੇ ਕਿ ਇਹ ਪੂਰੀ ਲੜੀ ਕਿਸੇ ਹੋਰ ਨੇ ਨਹੀਂ ਸਗੋਂ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁਰੂ ਕੀਤੀ ਸੀ। ਪ੍ਰਧਾਨ ਮੰਤਰੀ, ਆਪਣੀ ਚੋਣ ਮੁਹਿੰਮ ਦੇ ਮੌਜੂਦਾ ਚੱਕਰ ਦੀ ਸ਼ੁਰੂਆਤ ਤੋਂ ਪਹਿਲਾਂ, ਚਿੱਤਰਕੂਟ ਦਾ ਦੌਰਾ ਕੀਤਾ ਅਤੇ ਦੌਰੇ ਦੌਰਾਨ ਵਿਸਥਾਰ ਵਿੱਚ ਦੱਸਿਆ ਕਿ ਕਿਵੇਂ ਉਹ 22 ਜਨਵਰੀ 2024 ਨੂੰ ਅਯੁੱਧਿਆ ਵਿੱਚ ਨਿਰਮਾਣ ਅਧੀਨ ਰਾਮ ਮੰਦਰ ਦੇ ਪਵਿੱਤਰ ਸਮਾਰੋਹ ਵਿੱਚ ਹਾਜ਼ਰ ਹੋਣ ਲਈ ਉਤਸੁਕ ਸਨ। ਕਿਸ ਲਈ ਸੱਦਾ ਦਿੱਤਾ ਗਿਆ ਹੈ ਅਤੇ ਉਹ ਇਸ ਸੱਦੇ ਤੋਂ ਕਿਵੇਂ ਖੁਸ਼ ਮਹਿਸੂਸ ਕਰ ਰਿਹਾ ਹੈ, ਆਦਿ ਆਦਿ। ਇਹ ਸੰਘ-ਭਾਜਪਾ ਲਈ ਰਾਮ ਮੰਦਰ ਦੇ ਉਦਘਾਟਨ ਦੀ ਤਰੀਕ ਦਾ ਐਲਾਨ ਕਰਨ ਦੇ ਬਹਾਨੇ ਅਯੁੱਧਿਆ ਮੰਦਿਰ ਦੇ ਮੁੱਦੇ ਨੂੰ ਪੂੰਜੀਕਰਣ ਦੇ ਇੱਕ ਹੋਰ ਦੌਰ ਵਿੱਚ ਸ਼ਾਮਲ ਹੋਣ ਦਾ ਸਪੱਸ਼ਟ ਸੰਕੇਤ ਸੀ।

ਮੌਜੂਦਾ ਚੋਣਾਂ ਵਿੱਚ ਆਰ.ਐਸ.ਐਸ.-ਭਾਜਪਾ ਦੀ ਫਿਰਕੂ ਅਪੀਲ ਅਤੇ ਧਰੁਵੀਕਰਨ ਦਾ ਸਹਾਰਾ ਨਾ ਤਾਂ ਰਾਮ ਮੰਦਰ ਦੀ ਅਪੀਲ ਤੱਕ ਸੀਮਤ ਰਹਿਣ ਵਾਲਾ ਹੈ ਅਤੇ ਨਾ ਹੀ ਮੱਧ ਪ੍ਰਦੇਸ਼ ਤੱਕ ਸੀਮਤ ਹੈ। ਰਾਜਸਥਾਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਖੁਦ ਉਦੈਪੁਰ ਦੇ ਕਨ੍ਹਈਲਾਲ ਟੇਲਰ ਦੇ ਕਤਲ ਦੀ ਮੰਦਭਾਗੀ ਘਟਨਾ ਨੂੰ ਫਿਰਕੂ ਸੰਦੇਸ਼ਾਂ ਲਈ ਵਰਤ ਕੇ, ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ ਹੀ ਆਰ.ਐਸ.ਐਸ.-ਭਾਜਪਾ ਦੇ ਧਰੁਵੀਕਰਨ ਲਈ ਪ੍ਰੇਰਿਆ ਸੀ। ਇਸ ਦੌਰਾਨ, ਕਾਂਗਰਸ ਸ਼ਾਸਤ ਛੱਤੀਸਗੜ੍ਹ ਵਿੱਚ, ਉਨ੍ਹਾਂ ਦੀ ਪਾਰਟੀ ਨੇ ਖੁੱਲ੍ਹੇਆਮ ਫਿਰਕੂ ਧਰੁਵੀਕਰਨ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਵਿੱਚ, ਆਪਣੇ ਸਭ ਤੋਂ ਬੇਰਹਿਮ ਫਿਰਕੂ ਪ੍ਰਚਾਰ ਕਰਨ ਵਾਲੇ ਮੁੱਖ ਮੰਤਰੀਆਂ ਵਿੱਚੋਂ ਇੱਕ, ਹਿਮੰਤ ਬਿਸ਼ਵ ਸ਼ਰਮਾ ਨੂੰ ਮੈਦਾਨ ਵਿੱਚ ਉਤਾਰਿਆ, ਜਿਸ ਨੇ ਰਾਜ ਦੇ ਇੱਕੋ ਇੱਕ ਮੁਸਲਿਮ ਮੰਤਰੀ ਨੂੰ ਨਿਸ਼ਾਨਾ ਬਣਾਇਆ। ਬੇਸ਼ੱਕ ਇਹ ਰੁਝਾਨ ਇਸ ਚੋਣ ਚੱਕਰ ਵਿੱਚ ਸ਼ਾਮਲ ਤਿੰਨ ਹਿੰਦੀ ਭਾਸ਼ੀ ਰਾਜਾਂ ਤੱਕ ਸੀਮਤ ਨਹੀਂ ਰਿਹਾ।

ਤੇਲੰਗਾਨਾ ਵਿੱਚ ਵੀ ਭਾਵੇਂ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਭਾਜਪਾ ਦਾ ਗੁਬਾਰਾ ਉੱਡ ਗਿਆ ਸੀ, ਪਰ ਭਾਜਪਾ ਨੇ ਮੁਅੱਤਲੀ ਖ਼ਤਮ ਕਰਕੇ ਆਪਣੇ ਸਾਬਕਾ ਵਿਧਾਇਕ ਟੀ ਰਾਜਾਸਿੰਘ ਨੂੰ ਬੜੀ ਮੁਸਤੈਦੀ ਨਾਲ ਚੋਣਾਂ ਵਿੱਚ ਉਤਾਰਿਆ ਹੈ। ਭਾਜਪਾ ਨੂੰ ਪੰਜ ਸਾਲ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਜਿੱਤਣ ਵਾਲੇ ਆਪਣੇ ਇਕਲੌਤੇ ਵਿਧਾਇਕ ਨੂੰ ਮੁਅੱਤਲ ਕਰਨਾ ਪਿਆ ਸੀ, ਕਿਉਂਕਿ ਉਸ ਨੇ ਪੈਗੰਬਰ ਮੁਹੰਮਦ ਵਿਰੁੱਧ ਭੜਕਾਊ ਟਿੱਪਣੀਆਂ ਕੀਤੀਆਂ ਸਨ, ਜੋ ਉਸ ਦੇ ਫਿਰਕੂ ਭੜਕਾਊ ਭਾਸ਼ਣਾਂ ਅਤੇ ਕਾਰਵਾਈਆਂ ਲਈ ਬਦਨਾਮ ਸੀ। ਤੇਲੰਗਾਨਾ 'ਚ ਓਵੈਸੀ ਦੀ ਪਾਰਟੀ ਭਾਜਪਾ ਨਾ ਸਿਰਫ 'ਜਵਾਬ' ਦੇ ਤੌਰ 'ਤੇ ਆਪਣੀ ਸਾਰਥਕਤਾ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਸਗੋਂ ਇਹ ਵੀ ਐਲਾਨ ਕਰ ਚੁੱਕੀ ਹੈ ਕਿ ਸੱਤਾ 'ਚ ਆਉਣ ਤੋਂ ਬਾਅਦ ਸਭ ਤੋਂ ਪਹਿਲਾਂ ਉਹ ਹੋਰ ਪਛੜੇ ਵਰਗਾਂ ਲਈ ਕੰਮ ਕਰੇਗੀ। ਹਿੱਸਾ, ਇਹ ਰਾਜ ਵਿੱਚ ਪਛੜੇ ਮੁਸਲਮਾਨਾਂ ਨੂੰ ਦਿੱਤੇ ਗਏ ਮਾਮੂਲੀ ਰਾਖਵੇਂਕਰਨ (ਬਾਕੀ ਸਫ਼ਾ 29 'ਤੇ)

# ਕੀ ਸੰਘ ਪਰਿਵਾਰ ਉੱਪਰ ਹਾਵੀ ਹੋ ਚੁੱਕੀ ਹੈ ਭਾਜਪਾ ?





ਅਭੈ ਦੂਬੇ
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

ਰਾਸ਼ਟਰੀ ਸੋਇਮ ਸੇਵਕ ਸੰਘ ਤੇ ਭਾਰਤੀ ਜਨਤਾ ਪਾਰਟੀ ਵਿੱਚ ਪਿਤਾ-ਪੁੱਤਰ ਵਰਗਾ ਰਿਸ਼ਤਾ ਹੈ। ਪਰ ਅਜਿਹੇ ਰਿਸ਼ਤੇ ਵਿੱਚ ਵੀ ਸਮੇਂ ਦੇ ਬੀਤਣ ਨਾਲ ਇੱਕ ਅਜਿਹਾ ਮੁਕਾਮ ਆਉਂਦਾ ਹੈ, ਜਦੋਂ ਬੇਟਾ ਆਪਣੇ ਪਿਤਾ 'ਤੇ ਨਿਰਭਰ ਨਹੀਂ ਰਹਿੰਦਾ ਅਤੇ ਪਿਤਾ ਨੂੰ ਬੇਟੇ ਦਾ ਮੁਥਾਜ਼ ਬਣਨਾ ਪੈਂਦਾ ਹੈ। ਜੇਕਰ ਦੋਵਾਂ ਵਿਚਾਲੇ ਵਿਚਾਰਾਂ ਅਤੇ ਟੀਚਿਆਂ ਦੇ ਪੱਧਰ 'ਤੇ ਏਕਤਾ ਰਹਿੰਦੀ ਹੈ ਤਾਂ ਇਹ ਸਥਿਤੀ ਨਾਖ਼ੁਸ਼ਗਵਾਰ ਨਹੀਂ ਬਣਦੀ। ਪਰ ਕਦੇ-ਕਦੇ ਇੰਝ ਵੀ ਹੁੰਦਾ ਹੈ ਕਿ ਵਿਚਾਰਕ ਏਕਤਾ ਦੇ ਬਾਵਜੂਦ ਰਣਨੀਤਕ ਜਾਂ ਕਾਰਜਨੀਤਕ ਯੋਜਨਾਵਾਂ ਕਾਰਨ ਪਿਤਾ ਨੂੰ ਲੱਗਣ ਲਗਦਾ ਹੈ ਕਿ ਉਸ ਦੀ ਵਿਰਾਸਤ ਦੇ ਨਾਲ ਸਹੀ ਸਲੂਕ ਨਹੀਂ ਹੋ ਰਿਹਾ, ਜਿਵੇਂ ਸੰਘ ਸ਼ੁਰੂਆਤ ਤੋਂ ਹੀ ਵਿਅਕਤੀ ਕੇਂਦਰਿਤ ਲੀਡਰਸ਼ਿਪ ਨੂੰ ਨਾਪਸੰਦ ਕਰਦਾ ਰਿਹਾ ਹੈ, ਕਿਉਂਕਿ ਰਾਜਨੀਤੀ 'ਚ ਲੀਡਰਸ਼ਿਪ ਦੀ ਸ਼ਖ਼ਸੀਅਤ ਦਾ ਮਹੱਤਵ ਹੁੰਦਾ ਹੈ, ਇਸ ਲਈ ਉਸ ਨੇ ਬਲਰਾਜ ਮਧੋਕ, ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਵਰਗੀਆਂ ਸਿਆਸੀ ਸ਼ਖ਼ਸੀਅਤਾਂ ਨੂੰ ਵਿਕਸਿਤ ਹੋਣ ਦਾ ਮੌਕਾ ਦਿੱਤਾ। ਪਰ ਜਦੋਂ ਵੀ ਉਸ ਨੂੰ ਲੱਗਾ ਕਿ ਇਹ ਲੋਕ ਉਸ ਵਲੋਂ ਨਿਰਧਾਰਿਤ ਹੱਦਾਂ ਦੀ ਘੇਰਾਬੰਦੀ ਉਲੰਘ ਰਹੇ ਹਨ ਤਾਂ ਉਨ੍ਹਾਂ 'ਤੇ ਰੋਕਾਂ ਲਗਾਉਣ ਦਾ ਅਧਿਕਾਰ ਨਾ ਸਿਰਫ਼ ਕੋਲ ਰੱਖਿਆ ਸਗੋਂ ਸਮੇਂ-ਸਮੇਂ 'ਤੇ ਰੋਕਾਂ ਵੀ ਲਗਾਈਆਂ ਗਈਆਂ। ਮਧੋਕ ਨੇ ਜਦੋਂ ਸੰਘ ਨਾਲੋਂ ਵੱਖਰੇ ਆਪਣੇ ਰਾਜਨੀਤਕ ਮਨਸੂਬੇ ਬਣਾਏ ਤਾਂ ਉਨ੍ਹਾਂ ਦੇ ਪਰ ਤਤਪਰਤਾ ਨਾਲ ਕੱਟ ਦਿੱਤੇ ਗਏ। ਬਾਬਰੀ ਮਸਜਿਦ ਢਹਿਣ 'ਤੇ ਅਟਲ ਜੀ ਨੂੰ ਸੰਘ ਦੇ ਦਫ਼ਤਰ 'ਚ ਬੁਲਾ ਕੇ ਤਤਕਾਲੀ ਸਰਸੰਘਚਾਲਕ ਰੱਜੂਭਈਆ ਵਲੋਂ ਦਿੱਤੀ ਗਈ ਨਸੀਹਤ ਇਸ ਦਾ ਇਕ ਦੂਜਾ ਵੱਡਾ ਸਬੂਤ ਹੈ। ਦਰਅਸਲ, ਅਟਲ ਜੀ ਮਸਜਿਦ ਢਹਿ-ਢੇਰੀ ਕਰਨ ਦੇ ਘਟਨਾਕ੍ਰਮ ਨੂੰ ਲੈ ਕੇ ਕੁਝ ਜ਼ਿਆਦਾ ਹੀ ਨਰਮ ਪੈ ਗਏ ਸਨ। ਤੀਜਾ ਸਬੂਤ ਉਹ ਹੈ ਜਦੋਂ ਅਡਵਾਨੀ ਨੇ ਆਪਣੀ ਪਾਕਿਸਤਾਨ ਯਾਤਰਾ 'ਚ ਜਿਨਾਹ ਨੂੰ ਧਰਮ-ਨਿਰਪੱਖ (ਸੈਕੂਲਰ) ਦੱਸਿਆ ਅਤੇ ਬਦਲੇ 'ਚ ਸੰਘ ਨੇ ਉਨ੍ਹਾਂ ਦਾ ਸਿਆਸੀ ਕਰੀਅਰ ਖ਼ਤਮ ਕਰ ਦਿੱਤਾ। ਸੰਘ ਅਤੇ ਭਾਜਪਾ ਦੇ ਆਪਸੀ ਸੰਬੰਧਾਂ ਦੇ ਇਸ ਹਾਲੀਆ ਇਤਿਹਾਸ ਨੂੰ ਦੱਸਣ ਦਾ ਸੰਦਰਭ ਇਸ ਸਵਾਲ 'ਤੇ ਚਰਚਾ ਕਰਨ ਨਾਲ ਜੁੜਿਆ ਹੋਇਆ ਹੈ ਕਿ ਜਿਸ ਤਰ੍ਹਾਂ ਸੰਘ ਨੇ ਮਧੋਕ, ਵਾਜਪਾਈ ਅਤੇ ਅਡਵਾਨੀ ਨੂੰ ਕੰਟਰੋਲ ਕੀਤਾ, ਕੀ ਉਸੇ ਤਰ੍ਹਾਂ ਹੀ ਉਹ ਨਰਿੰਦਰ ਮੋਦੀ ਨੂੰ ਵੀ ਕੰਟਰੋਲ ਕਰਨ ਦੀ ਸਥਿਤੀ ਵਿੱਚ ਹੈ?

ਪੰਜਾਹ ਦੇ ਦਹਾਕੇ ਦੀ ਬਿਲਕੁਲ ਸ਼ੁਰੂਆਤ 'ਚ ਭਾਰਤੀ ਜਨਸੰਘ ਦੀ ਸਥਾਪਨਾ ਕਰਨ ਤੋਂ ਬਾਅਦ ਇਕ ਮੌਕੇ 'ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਸਰਸੰਘਚਾਲਕ ਗੁਰੂ ਗੋਲਵਲਕਰ ਨੇ ਇਸ ਸੰਗਠਨ ਦੇ ਨਾਲ ਆਪਣੇ ਸੰਬੰਧਾਂ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਸੀ ਕਿ ਇਹ ਤਾਂ ਗਾਜਰ ਦੀ ਪੂੰਗੀ ਹੈ, ਜਦੋਂ ਤੱਕ ਵੱਜੇਗੀ, ਉਦੋਂ ਤੱਕ ਵਜਾਵਾਂਗੇ ਅਤੇ ਜਦੋਂ ਨਹੀਂ ਵੱਜੇਗੀ ਤਾਂ ਖਾ ਜਾਵਾਂਗੇ। ਗੋਲਵਲਕਰ ਦਾ ਮਤਲਬ ਸਾਫ਼ ਸੀ ਕਿ ਜਿਸ ਦਿਨ ਇਹ ਰਾਜਨੀਤਕ ਸੰਗਠਨ ਉਨ੍ਹਾਂ ਲਈ ਫਾਇਦੇਮੰਦ ਨਹੀਂ ਰਿਹਾ, ਉਸੇ ਦਿਨ ਇਸ ਨੂੰ ਭੰਗ ਕਰ ਦਿੱਤਾ ਜਾਵੇਗਾ। ਅੱਜ ਉਹੀ ਜਨਸੰਘ ਦੇਸ਼ ਦੇ ਸਭ ਤੋਂ ਸ਼ਕਤੀਸ਼ਾਲੀ ਸੰਗਠਨ ਭਾਰਤੀ ਜਨਤਾ ਪਾਰਟੀ ਦੇ ਰੂਪ 'ਚ ਪਿਛਲੇ ਸਾਢੇ 9 ਸਾਲ ਤੋਂ ਦੇਸ਼ 'ਤੇ ਹਕੂਮਤ ਕਰ ਰਿਹਾ ਹੈ। ਸੰਘ ਅਤੇ ਭਾਜਪਾ ਦੇ ਆਪਸੀ ਸੰਬੰਧ ਐਨੇ ਜ਼ਿਆਦਾ ਬਦਲ ਚੁੱਕੇ ਹਨ ਕਿ ਅੱਜ ਦੇ ਸਰਸੰਘਚਾਲਕ ਮੋਹਨ ਭਾਗਵਤ ਅਜਿਹਾ ਕੋਈ ਬਿਆਨ ਦੇਣ ਦੀ ਕਲਪਨਾ ਵੀ ਨਹੀਂ ਕਰ ਸਕਦੇ, ਭਾਵੇਂ ਭਾਜਪਾ ਦੀ ਸਿਖ਼ਰਲੀ ਲੀਡਰਸ਼ਿਪ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਅਮਲ ਕਰੇ ਜਾਂ ਨਾ ਕਰੇ। ਸੰਘ ਦੇ ਏਜੰਡੇ ਦਾ ਖੁੱਲ੍ਹਾ ਉਲੰਘਣ ਹੋਣ ਦੀ ਸਥਿਤੀ 'ਚ ਜੇਕਰ ਦੋਵਾਂ ਵਿਚਾਲੇ ਕਿਸੇ ਟਕਰਾਅ ਦੀ ਨੌਬਤ ਆਉਂਦੀ ਵੀ ਹੈ ਤਾਂ ਬਜਾਏ ਇਸ ਦੇ ਕਿ ਭਾਜਪਾ ਆਪਣੇ ਕਦਮ ਵਾਪਸ ਖਿੱਚੇ, ਸੰਘ ਨੂੰ ਇਕ ਕਦਮ ਪਿੱਛੇ ਹਟਾਉਣਾ ਪੈਂਦਾ ਹੈ।

2019 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਸੰਘ ਨੇ ਭਾਜਪਾ ਅਤੇ ਉਸ ਦੀ ਸਰਕਾਰ ਕੋਲੋਂ ਮੰਗ ਕੀਤੀ ਸੀ ਕਿ ਉਹ ਸੰਸਦ ਵਲੋਂ ਕਾਨੂੰਨ ਬਣਾ ਕੇ ਰਾਮ ਮੰਦਰ ਦੇ ਨਿਰਮਾਣ ਦਾ ਰਾਹ ਸਾਫ਼ ਕਰੇ। ਉਨ੍ਹੀਂ ਦਿਨੀਂ ਸਥਿਤੀ ਇਹ ਸੀ ਕਿ ਇਹ ਮਾਮਲਾ ਸੁਪਰੀਮ ਕੋਰਟ 'ਚ ਲਟਕਿਆ ਪਿਆ ਸੀ ਅਤੇ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਬੜੇ ਢੰਗ-ਤਰੀਕੇ ਨਾਲ ਸਹਿਜੇ-ਸਹਿਜੇ ਇਸ ਦੀ ਸੁਣਵਾਈ ਕਰ ਰਹੀ ਸੀ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਘ ਦੀ ਇਸ ਮੰਗ 'ਤੇ ਕੰਨ ਨਹੀਂ ਕੀਤਾ ਤਾਂ ਸੰਘ ਵਲੋਂ ਸੁਪਰੀਮ ਕੋਰਟ ਖ਼ਿਲਾਫ਼ ਅੰਦੋਲਨ ਦਾ ਬਿਗਲ ਵਜਾ ਦਿੱਤਾ ਗਿਆ। ਰਾਮਲੀਲ੍ਹਾ ਮੈਦਾਨ 'ਚ ਇਕ ਵੱਡੀ ਸਭਾ ਆਯੋਜਿਤ ਕੀਤੀ ਗਈ। ਸੰਘ ਦੇ ਇਕ ਵੱਡੇ ਅਧਿਕਾਰੀ ਨੇ ਉਸ ਨੂੰ ਸੰਬੋਧਨ ਕੀਤਾ। ਦਰਅਸਲ, ਇਹ ਪੂਰਾ ਘਟਨਾਕ੍ਰਮ ਸੁਪਰੀਮ ਕੋਰਟ 'ਤੇ ਦਬਾਅ ਪਾਉਣ ਦੀ ਆੜ 'ਚ ਮੋਦੀ ਸਰਕਾਰ 'ਤੇ ਦਬਾਅ ਪਾਉਣ ਦਾ ਹੀ ਸੀ। ਪਰ ਇਸ ਦੇ ਬਾਵਜੂਦ 2018 ਖ਼ਤਮ ਹੋਣ ਤੋਂ ਠੀਕ ਪਹਿਲਾਂ ਸਮਿਤਾ ਪ੍ਰਕਾਸ਼ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਪ੍ਰਧਾਨ ਮੰਤਰੀ ਨੇ ਸਾਫ਼ ਕਹਿ ਦਿੱਤਾ ਕਿ ਰਾਮ ਮੰਦਰ ਦੇ ਸਵਾਲ ਨੂੰ ਅਦਾਲਤ ਹੀ ਹੱਲ ਕਰੇਗੀ। ਸੰਸਦ ਇਹ ਕੰਮ ਨਹੀਂ ਕਰਨ ਵਾਲੀ। ਮੋਦੀ ਦੀ ਇਸ ਦ੍ਰਿੜ੍ਹਤਾ ਦਾ ਨਤੀਜਾ ਇਹ ਨਿਕਲਿਆ ਕਿ ਸੰਘ ਨੂੰ ਆਪਣੀ ਇਹ ਪਹਿਲਕਦਮੀ ਵਾਪਸ ਲੈਣੀ ਪਈ।

ਠੀਕ ਇਸੇ ਹੀ ਤਰ੍ਹਾਂ ਦਾ ਨਜ਼ਾਰਾ ਇੱਕ ਵਾਰ ਫਿਰ ਦਿਖਾਈ ਦੇ ਰਿਹਾ ਹੈ। ਕਰਨਾਟਕ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਸੰਘ ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਨੇ ਭਾਜਪਾ ਨੂੰ ਨਸੀਹਤ ਦਿੱਤੀ ਸੀ ਕਿ ਸਿਰਫ਼ ਮੋਦੀ ਅਤੇ ਹਿੰਦੂਤਵ ਦੇ ਨਾਂਅ 'ਤੇ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ। ਪਾਰਟੀ ਨੂੰ ਚਾਹੀਦਾ ਹੈ ਕਿ ਉਹ ਮਜ਼ਬੂਤ ਖੇਤਰੀ ਲੀਡਰਸ਼ਿਪ ਵਿਕਸਿਤ ਕਰੇ।

ਇਸ ਨਸੀਹਤ ਦੀ ਰੌਸ਼ਨੀ ਵਿਚ ਸੰਘ ਨਿਸਚਿਤ ਰੂਪ ਨਾਲ ਉਮੀਦ ਕਰ ਰਿਹਾ ਹੋਵੇਗਾ ਕਿ ਮੋਦੀ ਅਤੇ ਸ਼ਾਹ ਦੀ ਜੋੜੀ ਆਪਣੀ ਰੀਤੀ-ਨੀਤੀ ਬਦਲੇਗੀ। ਪਰ ਜਿਸ ਅੰਦਾਜ਼ 'ਚ, ਮੱਧ ਪ੍ਰਦੇਸ਼. ਛੱਤੀਸਗੜ੍ਹ ਅਤੇ ਤੇਲੰਗਾਨਾ ਦੀਆਂ ਚੋਣਾਂ ਲੜੀਆਂ ਜਾ ਰਹੀਆਂ ਹਨ, ਉਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਭਾਜਪਾ ਦੀ ਚੋਣ ਰਣਨੀਤੀ ਸੰਘ ਵਲੋਂ ਦੱਸੇ ਗਏ ਰਸਤੇ ਤੋਂ ਠੀਕ ਉਲਟੀ ਹੈ। ਚਾਰਾਂ ਰਾਜਾਂ ਵਿਚ ਪਾਰਟੀ ਦੀ ਸਥਾਪਿਤ ਲੀਡਰਸ਼ਿਪ ਨੂੰ ਪੂਰੀ ਤਰ੍ਹਾਂ ਨਾਲ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ ਅਤੇ ਚੋਣ ਮੁਹਿੰਮ ਸਾਂਝੀ ਲੀਡਰਸ਼ਿਪ ਦੇ ਨਾਂਅ 'ਤੇ ਪੂਰੀ ਤਰ੍ਹਾਂ ਕੇਂਦਰ ਦੇ ਹੱਥ ਵਿੱਚ ਚਲੀ ਗਈ ਹੈ। ਇਹ ਰਣਨੀਤੀ ਮੋਦੀ ਤੋਂ ਹੀ ਸ਼ੁਰੂ ਹੁੰਦੀ ਹੈ ਅਤੇ ਮੋਦੀ 'ਤੇ ਹੀ ਖ਼ਤਮ ਹੋ ਜਾਂਦੀ ਹੈ। ਸੰਘ ਦੀ ਰਾਏ ਮੰਨਣ ਦੀ ਬਜਾਏ ਉਲਟਾ ਮੋਦੀ ਵੱਲੋਂ ਆਪਣੇ ਪਿੱਤਰੀ ਸੰਗਠਨ ਨੂੰ ਸੰਦੇਸ਼ ਇਹ ਦਿੱਤਾ ਜਾ ਰਿਹਾ ਹੈ ਕਿ ਰਾਜਨੀਤੀ, ਚੋਣ ਅਤੇ ਸਰਕਾਰ ਚਲਾਉਣ ਵਿੱਚ ਦਖ਼ਲ ਦੇਣ ਦੀ ਕੋਈ ਜ਼ਰੂਰਤ ਨਹੀਂ ਹੈ। ਮੈਂ ਆਪਣਾ ਕੰਮ ਕਰ ਰਿਹਾ ਹਾਂ, ਤੁਸੀਂ ਆਪਣਾ ਕੰਮ ਕਰੋ।

ਜਾਣਕਾਰ ਲੋਕਾਂ ਨੂੰ ਯਾਦ ਹੋਵੇਗਾ ਕਿ 2014 ਦੀਆਂ ਲੋਕ ਸਭਾ ਚੋਣਾਂ ਪਹਿਲਾਂ ਸੰਘ ਕਿਸੇ ਚਿਹਰੇ ਤੋਂ ਬਿਨਾਂ ਲੜਨ ਦੇ ਪੱਖ ਵਿਚ ਸੀ। ਇਸ ਦੇ ਉਲਟ ਗੁਜਰਾਤ ਦੇ ਮੁੱਖ ਮੰਤਰੀ ਦੇ ਤੌਰ 'ਤੇ ਨਰਿੰਦਰ ਮੋਦੀ ਪਾਰਟੀ ਦੇ ਅਧਿਕਾਰਤ ਉਮੀਦਵਾਰ ਦੇ ਰੂਪ 'ਚ ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਬਣਨ ਦੀ ਯੋਜਨਾਬੱਧ ਕੋਸ਼ਿਸ਼ ਕਰ ਰਹੇ ਸਨ। ਸੰਘ ਵੱਲੋਂ ਨਿਯੁਕਤ ਦੋ ਭਾਜਪਾ ਪ੍ਰਧਾਨਾਂ ਨੇ ਉਨ੍ਹਾਂ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਅਸਫਲ ਰਹੇ। ਸਰਕਾਰ ਬਣਨ ਦੇ ਤੁਰੰਤ ਬਾਅਦ ਮੋਦੀ ਨੇ ਸੰਘ ਤੋਂ ਆਪਣੀ ਇਹ ਗੱਲ ਮਨਵਾ ਲਈ ਕਿ ਸਵਦੇਸ਼ੀ ਜਾਗਰਣ ਮੰਚ, ਭਾਰਤੀ ਕਿਸਾਨ ਸੰਘ ਅਤੇ ਭਾਰਤੀ ਯੁਵਾ ਮੋਰਚੇ ਵਰਗੇ ਸੰਗਠਨਾਂ ਨੂੰ ਉਨ੍ਹਾਂ ਦੀ ਸਰਕਾਰ ਦੇ ਖ਼ਿਲਾਫ਼ ਆਲੋਚਨਾਤਮਿਕ ਰਵੱਈਆ ਅਪਣਾਉਣ ਤੋਂ ਰੋਕਿਆ ਜਾਣਾ ਚਾਹੀਦਾ ਹੈ। ਸੰਘ ਨੇ ਇਨ੍ਹਾਂ ਸੰਗਠਨਾਂ ਦੇ (ਬਾਕੀ ਸਫ਼ਾ 29 'ਤੇ)

# ਭਾਰਤ ਦੀ ਜਨਸੰਖਿਆ ਅਨੁਸਾਰ ਮਾਨਸਿਕ ਸਿਹਤ ਦੀਆਂ ਸਹੂਲਤਾਂ ਨਾਕਾਫ਼ੀ



ਗਿਰੀਸ਼ਵਰ ਮਿਸ਼ਰ



ਸਿਹਤ ਦਾ ਅਰਥ ਨਿਰੋਗ ਰਹਿਣਾ ਹੀ ਨਹੀਂ ਹੈ ਬਲਕਿ ਉਸ ਵਿੱਚ ਸਰੀਰਕ, ਮਾਨਸਿਕ ਅਤੇ ਰੂਹਾਨੀ ਹਾਂ-ਪੱਖੀ ਸੋਚਣੀ ਵੀ ਸ਼ਾਮਲ ਹੈ। ਸਿਹਤਮੰਦ ਵਿਅਕਤੀ ਤੋਂ ਆਤਮਬੋਧ, ਆਤਮ-ਪ੍ਰੀਖਣ ਦੇ ਨਾਲ-ਨਾਲ ਸਰਗਰਮ ਕਰਮਸ਼ੀਲ ਜੀਵਨ ਦੀ ਉਮੀਦ ਹੁੰਦੀ ਹੈ। ਭਾਰਤੀ ਚਿੰਤਨ ਵਿਚ ਸਿਹਤ 'ਮੇਰੇ' ਤੇ 'ਤੇਰੇ' ਦੇ ਫ਼ਰਕ ਤੋਂ ਉੱਪਰ ਉੱਠ ਕੇ ਸਭ ਦੇ ਸੁੱਖ ਦੀ ਕਾਮਨਾ ਵਿੱਚ ਸ਼ੁਮਾਰ ਮੰਨੀ ਗਈ ਹੈ। ਗੀਤਾ ਅਨੁਸਾਰ ਨਿਡਰ, ਸ਼ਾਂਤ, ਤਣਾਅ ਰਹਿਤ ਅਤੇ ਇੱਛਾਵਾਂ ਦੇ ਦਬਾਅ ਤੋਂ ਮੁਕਤ ਵਿਅਕਤੀ ਪ੍ਰਸੰਨ ਅਤੇ ਸਿਹਤਮੰਦ ਰਹਿੰਦਾ ਹੈ। ਅੱਜ-ਕੱਲ੍ਹ ਡਿਪ੍ਰੈਸ਼ਨ, ਫੋਬੀਆ, ਪੈਨਿਕ, ਆਬਸੇਸਿਵ ਕੰਪਲਸਿਵ ਡਿਸਆਰਡਰ, ਚਿੰਤਾ ਅਤੇ ਤਾਲਮੇਲ ਦੀ ਕਮੀ ਜਿਹੇ ਮਨੋਰੋਗਾਂ ਨੂੰ ਆਮ ਸ਼੍ਰੇਣੀ ਵਿੱਚ ਰੱਖਿਆ ਜਾਣ ਲੱਗਾ ਹੈ। ਇਨ੍ਹਾਂ ਦੇ ਰੋਗੀ ਆਪਣੇ ਵਿੱਚ ਸਰੀਰਕ ਪਰੇਸ਼ਾਨੀ ਵੀ ਦੱਸਦੇ ਹਨ। ਇਲਾਜ ਨਾ ਮਿਲਣ 'ਤੇ ਇਨ੍ਹਾਂ ਕਾਰਨ ਲੋਕ ਆਪਣੇ ਕੰਮ ਕਰਨ ਵਿੱਚ ਨਾਕਾਮ ਹੁੰਦੇ ਜਾਂਦੇ ਹਨ ਅਤੇ ਇਲਾਜ ਵੀ ਕਾਫ਼ੀ ਖ਼ਰਚੀਲਾ ਹੁੰਦਾ ਹੈ।

ਇਕ ਅਨੁਮਾਨ ਮੁਤਾਬਕ ਮੁੱਢਲੇ ਸਿਹਤ ਕੇਂਦਰਾਂ ਵਿੱਚ ਆਉਣ ਵਾਲੇ ਰੋਗੀਆਂ ਵਿਚ 20 ਤੋਂ 45 ਫ਼ੀਸਦੀ ਇਸੇ ਤਰ੍ਹਾਂ ਦੇ ਹੁੰਦੇ ਹਨ। ਇਹ ਮਨੋਰੋਗ ਅਨਪੜ੍ਹਤਾ, ਬਿਰਧ ਅਵਸਥਾ ਅਤੇ ਗ਼ਰੀਬੀ ਨਾਲ ਜੁੜੇ ਹੋਏ ਮਿਲਦੇ ਹਨ। ਨਾਲ ਹੀ ਔਰਤਾਂ ਵਿਚ ਵੀ ਇਹ ਮਨੋਰੋਗ ਉਮੀਦ ਨਾਲੋਂ ਕਿਤੇ ਜ਼ਿਆਦਾ ਮਿਲਦੇ ਹਨ ਅਤੇ ਉਹ ਕਈ ਦੂਜੇ ਰੋਗਾਂ ਨੂੰ ਵੀ ਜਨਮ ਦਿੰਦੇ ਹਨ। ਇੱਥੇ ਤ੍ਰਾਸਦੀ ਮਗਰੋਂ ਹੋਣ ਵਾਲੇ ਤਣਾਅ ਦਾ ਵੀ ਜ਼ਿਕਰ ਕਰਨਾ ਵਾਜਬ ਹੋਵੇਗਾ ਜੋ ਭੂਚਾਲ, ਹੜ੍ਹ, ਸੁਨਾਮੀ ਅਤੇ ਜ਼ਮੀਨ ਖਿਸਕਣ ਆਦਿ ਭਿਆਨਕ ਤ੍ਰਾਸਦੀਆਂ ਵਿਚ ਜਿਊਂਦੇ ਬਚੇ ਲੋਕਾਂ ਵਿੱਚ ਮਿਲਦਾ ਹੈ। ਅੱਜ ਤਣਾਅ ਪੂਰੇ ਵਿਸ਼ਵ ਵਿਚ ਸਭ ਤੋਂ ਵੱਧ ਮਾਤਰਾ ਵਿੱਚ ਹੋਣ ਵਾਲਾ ਮਨੋਰੋਗ ਹੋ ਗਿਆ ਹੈ। ਤਣਾਅਗ੍ਰਸਤ ਰੋਗੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਬਿਰਧਾਂ ਅਤੇ ਨੌਜਵਾਨ ਵਰਗ ਦਾ ਇੱਕ ਵੱਡਾ ਹਿੱਸਾ ਇਸ ਦੀ ਲਪੇਟ ਵਿਚ ਆ ਰਿਹਾ ਹੈ। ਤਣਾਅ ਦਾ ਵਾਧਾ ਮੁੱਖ ਤੌਰ 'ਤੇ ਸਮਾਜਿਕ-ਸੱਭਿਆਚਾਰਕ ਬਦਲਾਅ ਦੇ ਕਾਰਨ ਹੈ। ਆਰਥਿਕ ਤੰਗੀਆਂ-ਤੁਰਸ਼ੀਆਂ, ਰਿਸ਼ਤਿਆਂ ਦੀ ਕੁੜੱਤਣ, ਕਲੇਸ਼ ਅਤੇ ਦਬਾਅ ਇਸ ਦੇ ਪਿੱਛੇ ਵਿਸ਼ੇਸ਼ ਕਾਰਨ ਮੰਨੇ ਗਏ ਹਨ। ਆਮ ਮਨੋਰੋਗਾਂ ਲਈ ਇਲਾਜ ਅਤੇ ਜ਼ਰੂਰੀ ਵਿਵਸਥਾ ਨੂੰ ਲਾਗੂ ਕਰਨਾ ਔਖੀ ਚੁਣੌਤੀ ਬਣ ਚੁੱਕੀ ਹੈ।

ਮਨੋਰੋਗ ਨਾਲ ਜੁੜੀਆਂ ਲਾਹਨਤਾਂ ਇਲਾਜ ਵਿੱਚ ਰੋੜਾ ਬਣਦੀਆਂ ਹਨ। ਇਕੱਲੇ ਦੀ ਜਗ੍ਹਾ ਸਮੂਹ ਵਿੱਚ ਲੋਕ ਖੁੱਲ੍ਹ ਕੇ ਸਾਹਮਣੇ ਆ ਸਕਦੇ ਹਨ। ਸਥਾਨਕ ਸੰਸਕ੍ਰਿਤੀ ਮੁਤਾਬਕ ਇਲਾਜ ਅਤੇ ਪ੍ਰਬੰਧਨ ਜ਼ਿਆਦਾ ਅਸਰਦਾਰ ਮੰਨਿਆ ਗਿਆ ਹੈ। ਇਹ ਜ਼ਿਆਦਾ ਜ਼ਰੂਰੀ ਹੋ ਗਿਆ ਹੈ ਕਿ ਮਨੋਰੋਗਾਂ ਤੋਂ ਬਚਾਅ ਦੇ ਤਰੀਕਿਆਂ 'ਤੇ ਧਿਆਨ ਦਿੱਤਾ ਜਾਵੇ। ਇਸ ਵਿਸ਼ੇ ਵਿੱਚ ਇਹ ਗੱਲ ਸਪਸ਼ਟ ਹੋ ਚੁੱਕੀ ਹੈ ਕਿ ਬੇਰੋਕ-ਟੋਕ ਕਸਰਤ, ਯੋਗਾ ਦਾ ਅਭਿਆਸ ਅਤੇ ਧਿਆਨ ਆਦਿ ਸਿਹਤ ਦੀ ਰੱਖਿਆ ਵੀ ਕਰਦੇ ਹਨ ਅਤੇ ਢਾਲ਼ ਵਾਂਗ ਰੋਗ ਤੋਂ ਬਚਾਅ ਵੀ ਕਰਦੇ ਹਨ। ਦੂਜੇ ਪਾਸੇ ਮੁੱਢਲੀਆਂ ਸਿਹਤ ਸੇਵਾਵਾਂ ਦੀ ਉਪਲੱਬਧਤਾ ਅਤੇ ਉਨ੍ਹਾਂ ਦੀ ਗੁਣਵੱਤਾ ਰੋਗ ਤੋਂ ਬਚਾਅ ਅਤੇ ਸਿਹਤਮੰਦ ਰਹਿਣ ਵਿੱਚ ਖ਼ਾਸ ਮਹੱਤਵ ਰੱਖਦੇ ਹਨ। ਮਾਨਸਿਕ ਸਿਹਤ ਲਈ ਜ਼ਰੂਰੀ ਤਰੀਕਿਆਂ ਨੂੰ ਵਿਅਕਤੀ ਅਤੇ ਭਾਈਚਾਰਾ, ਦੋਵਾਂ ਪੱਧਰਾਂ 'ਤੇ ਸ਼ਾਮਲ ਕਰਨਾ ਬੇਹੱਦ ਜ਼ਰੂਰੀ ਹੋ ਗਿਆ ਹੈ। ਇਸ ਨਜ਼ਰੀਏ ਨਾਲ ਸਥਾਨਕ ਸੋਮਿਆਂ ਨਾਲ ਤਾਲਮੇਲ ਕਾਇਮ ਕਰਨਾ ਲਾਭਦਾਇਕ ਹੁੰਦਾ ਹੈ। ਧਿਆਨ, ਪ੍ਰਾਰਥਨਾ ਅਤੇ ਸੇਵਾ ਵਰਗੇ ਰੂਹਾਨੀ ਤਰੀਕੇ ਕਾਫ਼ੀ ਕਾਰਗਰ ਸਿੱਧ ਹੁੰਦੇ ਹਨ। ਇਨ੍ਹਾਂ ਨਾਲ ਮਨੋਰੋਗੀਆਂ ਵਿੱਚ ਸੰਤੁਲਨ, ਸ਼ਾਂਤੀ, ਤਾਲਮੇਲ ਅਤੇ ਆਪਸੀ ਸਹਿਯੋਗ ਵਧਦਾ ਹੈ। ਤਾਲਮੇਲ ਅਤੇ ਆਤਮ-ਚੇਤਨਾ ਲਿਆਉਂਦੇਹੋਏ ਆਦਮੀ ਵਿੱਚ ਨਿਰਸਵਾਰਥ ਭਾਵ ਨਾਲ ਸਮਾਜਿਕ ਕੰਮ ਵਿੱਚ ਯੋਗਦਾਨ ਦੀ ਪ੍ਰੇਰਨਾ ਜਾਗਦੀ ਹੈ। ਨਾਲ ਹੀ ਮਨ ਵਿੱਚ ਹਾਂ-ਪੱਖੀ ਭਾਵਨਾਵਾਂ ਦਾ ਸੰਚਾਰ ਹੁੰਦਾ ਹੈ। ਇਹ ਪਹਿਲਾਂ ਤੋਂ ਹੀ ਮਨ ਵਿੱਚ ਬੈਠੇ ਨਾਂਹ-ਪੱਖੀ ਪ੍ਰਭਾਵਾਂ ਨੂੰ ਦੂਰ ਕਰਦੇ ਹਨ।

ਇਸ ਤੋਂ ਇਲਾਵਾ ਮਾਨਸਿਕ ਸਿਹਤ-ਕਰਮੀਆਂ ਨੂੰ ਰੋਗੀਆਂ ਦੇ ਪਰਿਵਾਰ ਨੂੰ ਸਿਖਲਾਈ ਦੇਣ ਵਿਚ ਵੀ ਮੁਹਾਰਤ ਹਾਸਲ ਹੋਣੀ ਚਾਹੀਦੀ ਹੈ। ਸਮੂਹਕ ਪੱਧਰ 'ਤੇ ਸਿਹਤ ਚੇਤਨਾ ਅਤੇ ਸਿੱਖਿਆ ਦੇ ਦਖ਼ਲ ਜ਼ਿਆਦਾ ਕਾਰਗਰ ਸਿੱਧ ਹੋਏ ਹਨ ਪਰ ਮਾਨਸਿਕ ਰੋਗਾਂ ਨਾਲ ਜੁੜੇ ਡਾਕਟਰਾਂ ਅਤੇ ਸਿਖਲਾਈ ਹਾਸਲ ਹੈਲਥ ਵਰਕਰਾਂ ਦੀ ਵੱਡੀ ਕਮੀ ਹੈ। ਸਿਖਲਾਈ ਦੇ ਸੋਮੇ ਨਾਕਾਫ਼ੀ ਹਨ ਅਤੇ ਸਿਖਲਾਈ ਦਾ ਸੰਚਾਲਨ ਵੀ ਠੀਕ ਤਰ੍ਹਾਂ ਨਹੀਂ ਹੋ ਰਿਹਾ ਹੈ। ਆਧੁਨਿਕ ਸਰੋਕਾਰਾਂ ਅਤੇ ਤਬਦੀਲੀਆਂ ਦੇ ਮੱਦੇਨਜ਼ਰ ਸਿਖਲਾਈ ਦੀ ਵਿਵਸਥਾ ਨੂੰ ਤਰਜੀਹ ਦੇਣੀ ਪਵੇਗੀ। ਸਿਖਲਾਈ ਦੇ ਮੌਕੇ ਵਧਾਉਂਦੇਸਮੇਂ ਤਤਕਾਲੀ ਤਕਨੀਕੀ ਤਰੱਕੀ ਅਤੇ ਸੱਭਿਆਚਾਰਕ ਸੰਦਰਭਾਂ 'ਤੇ ਧਿਆਨ ਦੇਣਾ ਹੋਵੇਗਾ। ਸਿਖਲਾਈ ਵਿਚ ਮਾਨਸਿਕ ਸਿਹਤ-ਕਰਮੀਆਂ ਨੂੰ ਕਿੱਤਾਮੁਖੀ ਨੈਤਿਕਤਾ ਨੂੰ ਵੀ ਸਿੱਖਣਾ ਪਵੇਗਾ ਤਾਂ ਜੋ ਮਨੋਰੋਗੀਆਂ ਦੀ ਮਨੁੱਖੀ ਮਾਣ-ਮਰਿਆਦਾ ਦਾ ਆਦਰ ਹੋਵੇ।

ਭਾਰਤ ਦੀ ਜਨਸੰਖਿਆ ਨੂੰ ਦੇਖਦੇ ਹੋਏ ਮਾਨਸਿਕ ਸਿਹਤ ਦੀਆਂ ਸਹੂਲਤਾਂ ਅਤੇ ਮਨੁੱਖੀ ਸੋਮੇ ਨਾਕਾਫ਼ੀ ਹਨ। ਸਰਕਾਰ ਅਤੇ ਨਿੱਜੀ ਖੇਤਰ ਦੁਆਰਾ ਵਿਚਾਰ-ਵਟਾਂਦਰਾ ਅਤੇ ਮਨੋ-ਚਕਿਤਸਾ ਦੀ ਦਿਸ਼ਾ ਵਿਚ ਠੋਸ ਕਦਮ ਚੁੱਕੇ ਜਾਣ ਦੀ ਜ਼ਰੂਰਤ ਹੈ। ਇਸ ਲਈ ਨਵੀਆਂ ਤਕਨੀਕਾਂ ਦਾ ਇਸਤੇਮਾਲ ਅਤੇ ਸਿਖਲਾਈ ਦੇ ਵਿਆਪਕ ਪ੍ਰਬੰਧ ਕਰਨੇ ਪੈਣਗੇ। ਮਾਨਸਿਕ ਸਿਹਤ-ਕਰਮੀਆਂ ਦੀ ਭੂਮਿਕਾ ਨੂੰ ਵੀ ਮੁੜ ਪਰਿਭਾਸ਼ਤ ਕਰਨ ਦੀ ਲੋੜ ਹੈ। ਇਸ ਮਨੋਰਥ ਲਈ ਵੱਖ-ਵੱਖ ਸੰਗਠਨਾਂ ਨੂੰ ਇਕਜੁੱਟ ਕਰਨ ਦੇ ਯਤਨ ਕਰਨੇ ਪੈਣਗੇ। ਨਾਲ ਹੀ ਮਨੋਰੋਗਾਂ ਦੀ ਰੋਕਥਾਮ ਅਤੇ ਇਲਾਜ ਦੇ ਯਤਨਾਂ ਨੂੰ ਸਮਾਵੇਸ਼ੀ ਬਣਾਉਣਾ ਪਵੇਗਾ ਤਾਂ ਕਿ ਗ਼ਰੀਬ, ਅਨਪੜ੍ਹ ਅਤੇ ਦਿਹਾਤੀ ਲੋਕ ਵੀ ਉਨ੍ਹਾਂ ਤੋਂ ਵਿਰਵੇ ਨਾ ਰਹਿਣ।

# ਕੈਨੇਡਾ 'ਚ ਸਿੱਖਾਂ ਵੱਲੋਂ ਖ਼ੂਨਦਾਨ ਲਹਿਰ 25ਵੇਂ ਵਰ੍ਹੇ ਦੀਆਂ ਬਰੂਹਾਂ 'ਤੇ

## 'ਉਹ ਖ਼ੂਨ ਡੋਲ ਕੇ ਜਾਨਾਂ ਲੈ ਰਹੇ ਸਨ, ਅਸੀਂ ਖ਼ੂਨ ਦਾਨ ਕਰ ਕੇ ਜਾਨਾਂ ਬਚਾ ਰਹੇ ਹਾਂ'



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ।

ਸਿੱਖ ਨਸਲਕੁਸ਼ੀ 1984 ਦੇ ਦੁਖਾਂਤ ਨੂੰ ਯਾਦ ਕਰਦਿਆਂ ਕੈਨੇਡਾ ਵਿੱਚ ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਸੇਵਾ 25ਵੇਂ ਵਰ੍ਹੇ ਦੀਆਂ ਬਰੂਹਾਂ 'ਤੇ ਪਹੁੰਚ ਚੁੱਕੀ ਹੈ। ਅੱਜ ਬੇਹੱਦ ਫ਼ਖ਼ਰ ਵਾਲੀ ਗੱਲ ਹੈ ਕਿ ਕੈਨੇਡਾ ਦੇ ਕੋਨੇ-ਕੋਨੇ 'ਚ ਇਨੀਂ-ਦਿਨੀਂ ਮਾਨਵਵਾਦ ਨੂੰ ਸਮਰਪਿਤ ਮਹਾਨ ਮੁਹਿੰਮ 'ਸਿੱਖ ਕੌਮ ਵੱਲੋਂ ਖ਼ੂਨਦਾਨ' ਜ਼ੋਰਾਂ 'ਤੇ ਹੈ। ਦੇਸ਼ ਦੇ ਹਰੇਕ ਵੱਡੇ ਸ਼ਹਿਰ 'ਚ ਸੈਂਕੜੇ ਸਿੱਖ ਇਸਤਰੀਆਂ ਅਤੇ ਆਦਮੀ ਖ਼ੂਨਦਾਨ ਕਰਕੇ ਲੋਕਾਂ ਦੀਆਂ ਜਾਨਾਂ ਬਚਾ ਰਹੇ ਹਨ। ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਇਸ ਕਾਰਜ ਨੂੰ 'ਦੇਸ਼ 'ਚ ਸਭ ਤੋਂ ਵੱਡੀ ਖ਼ੂਨਦਾਨ ਲਹਿਰ' ਕਰਾਰ ਦਿੰਦਿਆਂ ਸਨਮਾਨਿਤ ਕੀਤਾ ਗਿਆ ਹੈ। ਦਰਅਸਲ ਕੈਨੇਡਾ ਭਰ 'ਚ ਇਹ ਉਪਰਾਲਾ 1999 'ਚ ਅਰੰਭ ਹੋਇਆ ਸੀ ਅਤੇ 31 ਅਕਤੂਬਰ 2023 ਤੱਕ, 1 ਲੱਖ 76 ਹਜ਼ਾਰ ਤੋਂ ਵੱਧ ਜਾਨਾਂ ਸਿੱਖ ਕੌਮ ਵਲੋਂ ਕੀਤੇ ਖ਼ੂਨਦਾਨ ਰਾਹੀਂ ਬਚਾਈਆਂ ਜਾ ਚੁੱਕੀਆਂ ਹਨ। ਵੈਨਕੂਵਰ, ਟਰਾਂਟੋ, ਮਾਂਟਰੀਅਲ, ਐਡਮਿੰਟਨ, ਕੈਲਗਰੀ, ਵਿਨੀਪੈੱਗ, ਸਰੀ, ਐਬਟਸਫੋਰਡ, ਕਲੋਨਾ, ਕੈਮਲੂਪਸ, ਵਿਲੀਅਮਸ ਲੇਕ, ਸਸਕੈਚਵਿਨ, ਵਿਕਟੋਰੀਆ ਅਤੇ ਕੈਨੇਡਾ ਦੀ ਰਾਜਧਾਨੀ ਔਟਵਾ ਤੱਕ ਇਸ ਲਹਿਰ 'ਚ ਲੋਕਾਂ ਨੇ ਬੇਮਿਸਾਲ ਉਤਸ਼ਾਹ ਵਿਖਾਇਆ ਹੈ।



Canada
Province of British Columbia
A Proclamation
ELIZABETH THE SECOND, by the Grace of God, of the United Kingdom, Canada and Her other Realms and Territories, Queen, Head of the Commonwealth, Defender of the Faith
To all to whom these presents shall come – Greeting





ਸੰਸਾਰ ਪੱਧਰ 'ਤੇ ਕੌਮੀ ਅਕਸ ਮਹਾਨ ਰੂਪ 'ਚ ਉਜਾਗਰ ਕਰਨ ਲਈ ਜਿਥੇ ਇਹ ਉਪਰਾਲਾ ਇਤਿਹਾਸਕ ਹੈ, ਉਥੇ 39 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ ਦੀ ਪੀੜਾ ਨੂੰ ਵੀ ਸੰਸਾਰ ਸਾਹਮਣੇ ਰੱਖਣ ਦਾ ਬਿਹਤਰੀਨ ਤਰੀਕਾ ਹੈ। ਖ਼ੂਨ ਡੋਲ੍ਹ ਕੇ ਅਤੇ ਜਾਨਾਂ ਲੈ ਕੇ ਜ਼ੁਲਮ ਕਰਨ ਵਾਲਿਆਂ ਦੀ ਕੋਹਝੀ ਅਸਲੀਅਤ ਦੁਨੀਆ ਅੱਗੇ ਰੱਖਣ ਦਾ ਇਸ ਤੋਂ ਬਿਹਤਰੀਨ ਢੰਗ ਕੀ ਹੋ ਸਕਦਾ ਹੈ ਕਿ ਨਸਲਕੁਸ਼ੀ ਦੀ ਪੀੜ੍ਹਤ ਸਿੱਖ ਕੌਮ ਨਾਲ ਸਬੰਧਤ ਲੋਕ, ਅੱਜ ਵੀ ਜਦੋ-ਜਹਿਦ ਕਰਦੇ ਖ਼ੂਨਦਾਨ ਦੇ ਕੇ ਲੱਖਾਂ ਜਾਨਾਂ ਬਚਾ ਰਹੇ ਹਨ।

ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਬੀਤੇ ਵਰੇ ਦੌਰਾਨ 'ਨਵੰਬਰ ਮਹੀਨੇ ਨੂੰ ਸਿੱਖ ਖ਼ੂਨਦਾਨ ਲਹਿਰ' ਵਜੋਂ ਮਾਨਤਾ ਦਿੱਤੀ ਗਈ, ਜੋ ਕਿ ਇਤਿਹਾਸਕ ਕਾਰਜ ਹੈ, ਪਰ ਅਫਸੋਸ ਦੀ ਗੱਲ ਹੈ ਕਿ ਇੰਡੀਅਨ ਫਾਸ਼ੀਵਾਦੀ ਸਟੇਟ ਦੇ ਪ੍ਰਭਾਵ ਕਾਰਨ ਇੱਥੇ ਇਸ ਗੱਲ ਦੀ ਘਾਟ ਜ਼ਰੂਰ ਮਹਿਸੂਸ ਹੋਈ ਹੈ ਕਿ ਇਸ ਖ਼ੂਨਦਾਨ ਮੁਹਿੰਮ ਦਾ ਅਸਲ ਕਾਰਨ, ਜੋ ਕਿ ਸਿੱਖ ਨਸਲਕੁਸ਼ੀ ਦਾ ਦੁਖਾਂਤ ਹੈ, ਉਸ ਬਾਰੇ ਸਰਕਾਰੀ ਐਲਾਨਨਾਮੇ 'ਚ ਪੂਰੀ ਤਰ੍ਹਾਂ ਖਾਮੋਸ਼ੀ ਹੈ । ਇਹ ਸਿੱਖ ਨਸਲਕੁਸ਼ੀ ਦੀ ਪੀੜਤ ਸਮੁੱਚੀ ਸਿੱਖ ਕੌਮ ਲਈ ਰੜਕਦਾ ਹੈ। ਨਵੰਬਰ ਚੌਰਾਸੀ ਦੇ ਸਿੱਖ ਕਤਲੇਆਮ ਦੇ ਦੁਖਾਂਤ ਨੂੰ ਸੰਸਾਰ ਸਾਹਮਣੇ ਉਜਾਗਰ ਕਰਨ ਲਈ ਹੀ ਸਿੱਖ ਕੌਮ ਵੱਲੋਂ ਖ਼ੂਨਦਾਨ ਮੁਹਿੰਮ ਸ਼ੁਰੂ ਕੀਤੀ ਗਈ ਸੀ ਅਤੇ ਇਸੇ ਕਰਕੇ ਹੀ ਲੱਖਾਂ ਜਾਨਾਂ ਬਚਾਈਆਂ ਗਈਆਂ ਹਨ।

ਕੈਨੇਡੀਅਨ ਲੋਕ ਜਦੋਂ ਦੇਸ਼ 'ਚ ਥਾਂ-ਥਾਂ 'ਤੇ ਲੱਗੇ ਖ਼ੂਨਦਾਨ ਕੈਂਪਾਂ 'ਚ ਸਿੱਖਾਂ ਦੇ ਵਲੰਟੀਅਰ ਪਰਿਵਾਰਾਂ, ਯੂਨੀਵਰਸਿਟੀ 'ਚ ਪੜ੍ਹਦੇ ਨੌਜਵਾਨ ਲੜਕੇ-ਲੜਕੀਆਂ ਅਤੇ ਬੁੱਧੀਜੀਵੀਆਂ ਤੋਂ ਏਨੇ ਵੱਡੇ ਹੁੰਗਾਰੇ ਦਾ ਕਾਰਨ ਪੁਛਦੇ ਹਨ, ਤਾਂ ਸਭ ਨੂੰ ਇੱਕੋ ਹੀ ਜਵਾਬ ਮਿਲਦਾ ਹੈ ਕਿ 'ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਖ਼ੂਨ ਲੈਣ 'ਚ ਨਹੀਂ, ਖ਼ੂਨ ਦੇਣ 'ਚ ਵਿਸ਼ਵਾਸ ਰੱਖਦੀ ਹੈ। ਇਸ ਲਹਿਰ ਨੇ ਕੈਨੇਡਾ ਭਰ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਜਿਸ ਦੌਰਾਨ ਸਿੱਖਾਂ ਨੇ ਵੱਡੀ ਗਿਣਤੀ 'ਚ ਖ਼ੂਨਦਾਨ ਕਰਦਿਆਂ ਨਾ ਸਿਰਫ਼ ਜਾਨਾਂ ਹੀ ਬਚਾਈਆਂ ਹਨ, ਸਗੋਂ ਭਾਈ ਘਨ੍ਹਾਈਆ ਅਤੇ ਭਗਤ ਪੂਰਨ ਸਿੰਘ ਦੇ ਮਾਨਵੀ ਸੇਵਾ ਦੇ ਸੁਨੇਹੇ ਨੂੰ ਹੋਰਨਾਂ ਕੌਮਾਂ ਤੱਕ ਵੀ ਪਹੁੰਚਾਇਆ ਹੈ। ਅਜਿਹੀਆਂ ਅਨੇਕਾਂ ਮਿਸਾਲਾਂ ਹਨ, ਜਿਨ੍ਹਾਂ ਦੌਰਾਨ ਜਿੱਥੇ ਵੀ ਮਨੁੱਖਤਾ ਨੂੰ ਖ਼ੂਨ ਦੀ ਲੋੜ ਪਈ, ਤਾਂ ਸਿੱਖ ਕੌਮ ਨੇ ਸਭ ਤੋਂ ਅੱਗੇ ਹੋ ਕੇ ਹੱਦਾਂ-ਸਰਹੱਦਾਂ, ਰੰਗ-ਨਸਲ, ਜਾਤ- ਫ਼ਿਰਕੇ ਨੂੰ ਇਕ ਪਾਸੇ ਰੱਖਦਿਆਂ ਖ਼ੂਨਦਾਨ ਦੀ ਲਹਿਰ ਚਲਾਉਂਦਿਆਂ ਹੋਇਆਂ ਅਣਗਿਣਤ ਜਾਨਾਂ ਬਚਾਈਆਂ।

ਕੈਨੇਡਾ ਦੇ ਕਈ ਹਾਈਵੇਅ ਅਤੇ ਰਾਸ਼ਟਰੀ ਮਾਰਗਾਂ 'ਤੇ ਨਵੰਬਰ ਮਹੀਨੇ ਖ਼ੂਨਦਾਨ ਕਰਕੇ ਜਾਨਾਂ ਬਚਾਉਣ ਦਾ ਸੁਨੇਹਾ ਦੇਣ ਦੀ ਪਿਰਤ ਕਾਫ਼ੀ ਸਮੇਂ ਤੋਂ ਜਾਰੀ ਹੈ। ਇਸ ਉਪਰਾਲੇ ਦਾ ਜ਼ਿਕਰ ਕੈਨੇਡਾ ਦੀ ਪਾਰਲੀਮੈਂਟ ਤੋਂ ਲੈ ਕੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੱਕ, ਮਨੁੱਖੀ ਹੱਕਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧ ਅਕਸਰ ਕਰਦੇ ਹਨ। ਅੱਜ ਇਹ ਅਤਕਥਨੀ ਨਹੀਂ ਕਿ ਕੈਨੇਡਾ ਤੋਂ ਅਰੰਭ ਹੋਏ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਸੰਤਾਪ ਨੂੰ ਕੌਮਾਂਤਰੀ ਮੰਚ 'ਤੇ ਮਹਾਂ-ਦੁਖਾਂਤ ਦੇ ਰੂਪ ਵਿਚ ਪੇਸ਼ ਕਰਨ ਵਾਲੀ ਖ਼ੂਨਦਾਨ ਲਹਿਰ ਆਸਟ੍ਰੇਲੀਆ, ਅਮਰੀਕਾ, ਫਰਾਂਸ, ਇੰਗਲੈਂਡ ਅਤੇ ਦੁਨੀਆ ਦੇ ਕਰੀਬ 122 ਦੇਸ਼ਾਂ 'ਚ (ਬਾਕੀ ਸਫ਼ਾ 30 'ਤੇ)

# ਫਲਸਤੀਨੀ ਮੁਕਤੀ ਅੰਦੋਲਨ ਦੀ ਸਭ ਤੋਂ ਮਸ਼ਹੂਰ ਨੇਤਾ: ਖ਼ਾਲਿਦਾ ਜਰਾਰ



ਰਣਜੀਤ ਸਿੰਘ ਕੁੱਕੀ ਗਿੱਲ

ਖਾਲਿਦਾ ਜਰਾਰ ਫਲਸਤੀਨੀ ਮੁਕਤੀ ਅੰਦੋਲਨ ਦੇ ਸਭ ਤੋਂ ਮਸ਼ਹੂਰ ਅਤੇ ਨਿਸ਼ਾਨੇ ਉੱਪਰ ਨੇਤਾਵਾਂ ਵਿੱਚੋਂ ਇੱਕ ਹੈ। ਇੱਕ ਸਮਰਪਿਤ ਸਮਾਜਵਾਦੀ ਅਤੇ ਨਾਰੀਵਾਦੀ, ਉਸਦੇ ਆਯੋਜਨ ਨੇ ਦਹਾਕਿਆਂ ਵਿੱਚ ਬਹੁਤ ਸਾਰੇ ਵੱਖ-ਵੱਖ ਰੂਪ ਲਏ ਹਨ, ਅਤੇ ਅਤੇ ਇਸ ਲਈ ਉਸ ਨੂੰ ਨਿੱਜੀ ਕੀਮਤ ਤਾਰਨੀ ਪਈ ਹੈ । ਜਰਾਰ 2006 ਵਿੱਚ ਫਲਸਤੀਨੀ ਵਿਧਾਨ ਪ੍ਰੀਸ਼ਦ (ਪੀ ਐਲ ਸੀ) ਲਈ ਚੁਣੀ ਗਈ ਸੀ ਅਤੇ ਪੀ ਐਲ ਸੀ ਦੇ ਕੈਦੀ ਕਮਿਸ਼ਨ ਦੀ ਉਸ ਨੇ ਪ੍ਰਧਾਨਗੀ ਕੀਤੀ ਸੀ। ਆਪਣੀ ਚੋਣ ਤੋਂ ਪਹਿਲਾਂ, ਜਰਾਰ ਨੇ ਐਡਮੀਰ ਪ੍ਰਿਜ਼ਨਰ ਸਪੋਰਟ ਐਂਡ ਹਿਊਮਨ ਰਾਈਟਸ ਐਸੋਸੀਏਸ਼ਨ ਦੇ ਡਾਇਰੈਕਟਰ ਵਜੋਂ ਕੰਮ ਕੀਤਾ ।

ਜਰਾਰ ਨੂੰ ਇਜ਼ਰਾਈਲ ਰਾਜ ਦੁਆਰਾ ਉਸਦੀ ਸਰਗਰਮੀ ਲਈ ਚਾਰ ਵਾਰ ਗ੍ਰਿਫਤਾਰ ਕੀਤਾ ਗਿਆ ਹੈ। ਪਹਿਲੀ ਵਾਰ 8 ਮਾਰਚ, 1989 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਪ੍ਰਦਰਸ਼ਨਾਂ ਵਿੱਚ ਭਾਗ ਲੈਣ ਲਈ ਸੀ। 2014 ਵਿੱਚ, ਇਜ਼ਰਾਈਲ ਨੇ ਜਰਾਰ ਨੂੰ ਰਾਮੱਲਾ ਤੋਂ ਬਾਹਰ ਕੱਢਣ ਲਈ ਇੱਕ ਫੌਜੀ ਆਦੇਸ਼ ਜਾਰੀ ਕੀਤਾ । ਸਿਪਾਹੀਆਂ ਨੇ ਉਸਦੇ ਪਰਿਵਾਰਕ ਘਰ ਨੂੰ ਘੇਰ ਲਿਆ ਅਤੇ ਉਸਨੂੰ ਜੇਰੀਕੋ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ, ਜਿੱਥੇ ਉਸਨੂੰ ਨਿਗਰਾਨੀ ਵਿੱਚ ਰੱਖਿਆ ਗਿਆ। ਜਰਾਰ ਨੇ ਹੁਕਮ 'ਤੇ ਦਸਤਖਤ ਕਰਨ ਤੋਂ ਇਨਕਾਰ



ਕਰ ਦਿੱਤਾ ਅਤੇ ਫੈਸਲੇ 'ਤੇ ਅਪੀਲ ਕੀਤੀ। ਉਹ ਜਿੱਤ ਗਈ, ਪਰ ਬਾਅਦ ਵਿੱਚ ਅਪ੍ਰੈਲ 2015 ਵਿੱਚ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ।

ਉਸਨੇ ਪ੍ਰਸ਼ਾਸਕੀ ਨਜ਼ਰਬੰਦੀ ਦੇ ਤਹਿਤ ਬਿਨਾਂ ਕਿਸੇ ਦੋਸ਼ ਜਾਂ ਮੁਕੱਦਮੇ ਦੇ ਛੇ ਮਹੀਨੇ ਜੇਲ੍ਹ ਕੱਟੀ, ਜੋ ਕਿ ਫਲਸਤੀਨੀਆਂ ਲਈ ਇਜ਼ਰਾਈਲ ਦੀ ਵੱਖਰੀ ਫੌਜੀ ਅਦਾਲਤ ਪ੍ਰਣਾਲੀ ਦੇ ਤਹਿਤ ਅਪਣਾਈ ਜਾਂਦੀ ਇੱਕ ਪ੍ਰਕਿਰਿਆ ਹੈ। ਜਰਾਰ 'ਤੇ ਆਖਰਕਾਰ ਫ਼ਤੂਟ;ਇੱਕ ਗੈਰ-ਕਾਨੂੰਨੀ ਸੰਗਠਨ ਵਿੱਚ ਮੈਂਬਰਸ਼ਿਪ (ਇਜ਼ਰਾਈਲ

ਸਾਰੀਆਂ ਫਲਸਤੀਨੀ ਰਾਜਨੀਤਿਕ ਪਾਰਟੀਆਂ ਨੂੰ ਗੈਰ-ਕਾਨੂੰਨੀ ਮੰਨਦਾ ਹੈ) ਅਤੇ ਉਕਸਾਉਣ ਦਾ ਦੋਸ਼ ਲਗਾਇਆ ਗਿਆ ਸੀ। ਉਸ ਨੂੰ ਪੰਦਰਾਂ ਮਹੀਨਿਆਂ ਬਾਅਦ ਜੂਨ 2016 ਵਿੱਚ ਰਿਹਾਅ ਕਰ ਦਿੱਤਾ ਗਿਆ ਸੀ। ਜੁਲਾਈ 2017 ਵਿੱਚ, ਜਰਾਰ ਇਜ਼ਰਾਈਲ ਨੂੰ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਦੇ ਸਾਹਮਣੇ ਲਿਆਉਣ ਦੀਆਂ ਕੋਸ਼ਿਸ਼ਾਂ ਦੀ ਅਗਵਾਈ ਕਰ ਰਹੀ ਸੀ ਜਦੋਂ ਉਸਨੂੰ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਸੀ। ਉਸਨੂੰ ਗੁਪਤ ਸਬੂਤਾਂ ਦੇ ਆਧਾਰ 'ਤੇ ਫੜ੍ਹਿਆ ਗਿਆ ਸੀ ਅਤੇ ਫਰਵਰੀ 2019 ਵਿੱਚ ਉਸਦੀ ਰਿਹਾਈ ਤੱਕ ਉਸਦੀ ਪ੍ਰਬੰਧਕੀ ਨਜ਼ਰਬੰਦੀ ਨੂੰ ਕਈ ਵਾਰ ਨਵਿਆਇਆ ਗਿਆ ਸੀ। ਅੱਠ ਮਹੀਨਿਆਂ ਬਾਅਦ, ਅਕਤੂਬਰ 2019 ਵਿੱਚ, ਉਸਨੂੰ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ 'ਤੇ ਇੱਕ ਗੈਰ-ਕਾਨੂੰਨੀ ਸੰਗਠਨ ਵਿੱਚ ਅਹੁਦੇ 'ਤੇ ਰਹਿਣ ਦਾ ਦੋਸ਼ ਲਗਾਇਆ ਗਿਆ ਸੀ।

ਜੇਲ੍ਹ ਵਿੱਚ ਰਹਿੰਦਿਆਂ, ਜਰਾਰ ਨੇ ਇਜ਼ਰਾਈਲੀ ਜੇਲ੍ਹਾਂ ਵਿੱਚ ਫਲਸਤੀਨੀ ਔਰਤਾਂ ਨੂੰ ਪੜ੍ਹਾਉਣ ਅਤੇ ਉਹਨਾਂ ਨੂੰ ਆਪਣੀ ਪੜ੍ਹਾਈ ਲਈ ਯੂਨੀਵਰਸਿਟੀ ਕ੍ਰੈਡਿਟ ਪ੍ਰਾਪਤ ਕਰਨ ਦੀ ਇਜਾਜ਼ਤ ਦੇਣ ਲਈ ਇੱਕ ਪ੍ਰੋਗਰਾਮ ਸ਼ੁਰੂ ਕੀਤਾ। ਇਜ਼ਰਾਈਲ ਦੁਆਰਾ ਪਹਿਲਕਦਮੀ 'ਤੇ ਪਾਬੰਦੀ ਲਗਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਕਈ ਔਰਤਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ, ਅਤੇ ਇਹ ਪਹਿਲ ਅੱਜ ਵੀ ਜਾਰੀ ਹੈ।

ਜੁਲਾਈ 2021 ਵਿੱਚ, ਜਰਾਰ ਦੀ ਧੀ ਸੁਹਾ ਦੀ 31 ਸਾਲ ਦੀ ਉਮਰ ਵਿੱਚ ਅਚਾਨਕ ਮੌਤ ਹੋ ਗਈ।

ਅੰਤਰਰਾਸ਼ਟਰੀ ਰੌਲੇ-ਰੱਪੇ ਦੇ ਬਾਵਜੂਦ, ਇਜ਼ਰਾਈਲ ਨੇ ਜਰਾਰ ਨੂੰ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਜਰਾਰ ਨੂੰ ਆਖਰਕਾਰ ਸਤੰਬਰ 2021 ਵਿੱਚ ਰਿਹਾਅ ਕਰ ਦਿੱਤਾ ਗਿਆ ਸੀ। ਅੱਜ ਤੱਕ, ਉਹ ਸੱਠ ਤੋਂ ਵੱਧ ਸੰਯੁਕਤ ਮਹੀਨੇ ਸਲਾਖਾਂ ਪਿੱਛੇ ਬਿਤਾ ਚੁੱਕੀ ਹੈ। ਆਪਣੀ ਰਿਹਾਈ ਤੋਂ ਬਾਅਦ, ਉਸਨੇ ਬਿਰਜ਼ੀਟ ਯੂਨੀਵਰਸਿਟੀ ਵਿੱਚ ਇੱਕ ਅਹੁਦਾ ਸਵੀਕਾਰ ਕੀਤਾ ਹੈ , ਜਿੱਥੇ ਉਹ ਮਹਿਲਾ ਫਲਸਤੀਨੀ ਰਾਜਨੀਤਿਕ ਕੈਦੀਆਂ ਦੀ ਇਤਿਹਾਸਕ ਭੂਮਿਕਾ ਬਾਰੇ ਖੋਜ ਕਰਦੀ ਹੈ।

ਖਾਲਿਦਾ ਨੇ ਆਪਣੀ ਇੱਕ ਜਨਤਕ ਗੱਲਬਾਤ ਵਿੱਚ ਫਲਸਤੀਨ ਦੀ ਦੁਰਦਸ਼ਾ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਕਿਹਾ ਕਿ ਫਲਸਤੀਨੀਆਂ ਨੂੰ ਆਪਣੀਆਂ ਫੈਕਟਰੀਆਂ ਜਾਂ ਆਪਣੀ ਆਰਥਿਕਤਾ ਰੱਖਣ ਦਾ ਕੋਈ ਅਧਿਕਾਰ ਨਹੀਂ ਹੈ। ਸਾਡੀ ਆਰਥਿਕਤਾ ਇਜ਼ਰਾਈਲ ਦੀ ਆਰਥਿਕਤਾ ਨਾਲ ਬੱਝੀ ਹੋਈ ਹੈ ਅਤੇ ਪੈਰਿਸ ਸਮਝੌਤਾ ਸਾਨੂੰ ਨਿਚੋੜਦਾ ਰਹਿੰਦਾ ਹੈ। ਇਸ ਲਈ ਸਾਡੇ ਕੋਲ ਗਰੀਬੀ, ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਹੱਤਿਆਵਾਂ ਅਤੇ ਇਜ਼ਰਾਈਲੀ ਬਸਤੀਆਂ ਦੇ ਵਿਸਥਾਰ ਵਿੱਚ ਵਾਧਾ ਹੋਇਆ ਹੈ।

ਫਲਸਤੀਨੀਆਂ ਕੋਲ ਇਸ ਕਬਜ਼ੇ ਦਾ ਵਿਰੋਧ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ, ਕਿਉਂਕਿ ਕਬਜ਼ਾ ਮੌਜੂਦ ਹੋਣ ਤੱਕ ਉਨ੍ਹਾਂ ਲਈ ਕੋਈ ਉਮੀਦ ਨਹੀਂ ਹੈ। ਅਸੀਂ ਹੁਣ ਸਿੱਖ ਰਹੇ ਹਾਂ ਕਿ ਜ਼ਿਆਦਾਤਰ ਫਲਸਤੀਨੀ ਨੌਜਵਾਨ ਆਪਣੇ ਤਰੀਕੇ ਨਾਲ ਵਿਰੋਧ ਕਰ ਰਹੇ ਹਨ। ਹੁਣ ਵਿਆਪਕ ਸਮੂਹਿਕ ਵਿਰੋਧ ਹੈ, ਅਤੇ ਅਸੀਂ ਨੌਜਵਾਨ ਫਲਸਤੀਨੀਆਂ ਦੇ ਇਸ ਨਵੇਂ ਵਰਤਾਰੇ ਨੂੰ ਆਪਣੇ ਆਪ ਵੱਲੋਂ ਹਥਿਆਰਬੰਦ ਵਿਰੋਧ ਕਰਦੇ ਹੋਏ ਦੇਖਿਆ ਹੈ, ਕਿਉਂਕਿ ਉਹ ਦੇਖਦੇ ਹਨ ਅਤੇ ਰੋਜ਼ਾਨਾ ਉਲੰਘਣਾਵਾਂ ਨੂੰ ਜੀਉਂਦੇ ਹਨ; ਕਿਉਂਕਿ ਉਨ੍ਹਾਂ ਲਈ ਕੋਈ ਉਮੀਦ ਨਹੀਂ ਹੈ। ਕਬਜ਼ਾ ਫਲਸਤੀਨੀਆਂ ਲਈ ਸਭ ਕੁਝ ਮਾਰ ਦਿੰਦਾ ਹੈ, ਇਹ ਉਮੀਦ ਨੂੰ ਮਾਰਦਾ ਹੈ, ਇਹ ਭਵਿੱਖ ਨੂੰ ਮਾਰਦਾ ਹੈ। ਤਾਂ ਉਹ ਕੀ ਕਰ ਸਕਦੇ ਹਨ ? ਇਸ ਤੋਂ ਇਲਾਵਾ, ਮਨੁੱਖੀ ਅਧਿਕਾਰਾਂ ਅਤੇ ਅੰਤਰਰਾਸ਼ਟਰੀ ਮਾਨਵਤਾਵਾਦੀ ਸੰਮੇਲਨਾਂ ਦੀ ਉਲੰਘਣਾ ਕਰਨ ਲਈ ਇਜ਼ਰਾਈਲ ਲਈ ਕੋਈ ਸਜ਼ਾ ਨਹੀਂ ਹੈ।

ਅਸੀਂ ਕੋਈ ਸਜ਼ਾ ਨਹੀਂ ਦੇਖ ਸਕਦੇ। ਅਸੀਂ ਸਿਰਫ ਇਸਦੇ ਉਲਟ ਦੇਖਦੇ ਹਾਂ, ਆਪਣੀ ਆਜ਼ਾਦੀ ਅਤੇ ਨਿਆਂ ਦੀ ਮੰਗ ਕਰ ਰਹੇ ਫਲਸਤੀਨੀਆਂ ਦੀ ਸਜ਼ਾ।

ਖਾਲਿਦਾ ਨੇ ਅੱਗੇ ਦੱਸਿਆ ਕਿ ਅਜਿਹੇ ਤੱਤ ਹਨ ਜਿਨ੍ਹਾਂ ਦੀ ਤੁਹਾਨੂੰ ਬਗਾਵਤ ਲਈ ਲੋੜ ਹੈ। ਉਦਾਹਰਨ ਲਈ, ਤੁਹਾਨੂੰ ਸਮੂਹਿਕ ਅਗਵਾਈ ਅਤੇ ਜਨਤਕ ਸੰਗਠਨ ਦੀ ਲੋੜ ਹੈ। ਜੋ ਮੈਂ ਵੇਖਦੀ ਹਾਂ ਉਹ ਇਹ ਹੈ ਕਿ ਇੱਕ ਨਿਰੰਤਰ ਵਿਰੋਧ ਹੈ। ਕੀ ਇਹ ਬਗਾਵਤ ਜਾਂ ਹਥਿਆਰਬੰਦ ਸੰਘਰਸ਼ ਵੱਲ ਲੈ ਜਾਵੇਗਾ, ਮੈਨੂੰ ਨਹੀਂ ਪਤਾ। ਪਰ ਸਥਿਤੀ ਬਹੁਤ ਨਾਜ਼ੁਕ ਹੈ। ਕਬਜ਼ਾ (ਬਾਕੀ ਸਫ਼ਾ 29 'ਤੇ)




# ਦੀਵਾਲੀ ਮੌਕੇ ਪਰਵਾਸੀ ਪੰਜਾਬੀਆਂ ਦੀ ਪੰਜਾਬ ਫੇਰੀ











## ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ

ਅੰਮ੍ਰਿਤਸਰ ਦੀ ਦੀਵਾਲੀ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਵਿਸ਼ੇਸ਼ ਕਰਕੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਵਿੱਚ ਵਿਸ਼ੇਸ਼ ਦੀਪਮਾਲਾ ਕੀਤੀ ਜਾਂਦੀ ਹੈ। ਦੁਨੀਆਂ ਭਰ ਵਿੱਚ ਵਸਦੇ ਸਿੱਖ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਨਤਮਸਤਕ ਹੋਣ ਲਈ ਆਉਂਦੇ ਹਨ। ਦੀਵਾਲੀ ਅਤੇ ਬੰਦੀ ਛੋੜ ਦਿਵਸ ਵਾਲੇ ਦਿਨ ਵੱਡੀ ਗਿਣਤੀ ਸੰਗਤਾਂ ਪੂਰੀ ਮਰਿਆਦਾ 'ਚ ਰਹਿੰਦਿਆਂ ਨਤਮਸਤਕ ਹੁੰਦੀਆਂ ਹਨ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ। ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਪਹੁੰਚੀਆਂ ਸੰਗਤਾਂ ਵਿੱਚ ਉਤਸ਼ਾਹ ਵੇਖਣ ਵਾਲਾ ਹੁੰਦਾ ਹੈ।

ਸੱਤ ਸਮੁੰਦਰ ਪਾਰ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵਸੇ ਹੋਏ ਪੰਜਾਬੀ ਅਕਸਰ ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਮੌਕੇ ਪੰਜਾਬ ਵਿੱਚ ਜ਼ਰੂਰ ਆਉਣਾ ਚਾਹੁੰਦੇ ਹਨ। ਇਸ ਵਾਰ ਵੀ ਦੀਵਾਲੀ ਮੌਕੇ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਦੇ ਪੰਜਾਬ ਆਉਣ ਦੀ ਸੰਭਾਵਨਾ ਹੈ। ਪਰਵਾਸੀ ਪੰਜਾਬੀਆਂ ਨੂੰ ਵਿਦੇਸ਼ਾਂ ਵਿੱਚ ਮਿਲਦੇ ਡਾਲਰਾਂ ਦੀ ਚਕਾਚੌਂਧ ਵੀ ਪੰਜਾਬ ਦੇ ਆਪਣੇ ਜੱਦੀ ਘਰ ਵਿੱਚ ਮਨਾਈ ਜਾਂਦੀ ਦੀਵਾਲੀ ਮੌਕੇ ਕੀਤੀ ਗਈ ਰੌਸ਼ਨੀ ਅੱਗੇ ਫਿੱਕੀ ਲੱਗਦੀ ਹੈ। ਇਸੇ ਕਰਕੇ ਪੰਜਾਬ ਤੋਂ ਦੂਰ ਰਹਿੰਦੇ ਪਰਵਾਸੀ ਪੰਜਾਬੀ ਦੀਵਾਲੀ ਮੌਕੇ ਪੰਜਾਬ ਵਿੱਚ ਆਪਣੇ ਜੱਦੀ ਘਰਾਂ 'ਚ ਆਉਣ ਨੂੰ ਤਰਜੀਹ ਦਿੰਦੇ ਹਨ।

ਵੱਡੀ ਗਿਣਤੀ ਐਨ.ਆਰ. ਆਈ. ਪੰਜਾਬੀ ਦੀਵਾਲੀ ਦੇ ਤਿਉਹਾਰ ਤੋਂ ਮਹੀਨਾ ਕੁ ਪਹਿਲਾਂ ਹੀ ਪੰਜਾਬ ਵਿਚਲੇ ਆਪਣੇ ਜੱਦੀ ਘਰ ਜਾਂ ਵਿਦੇਸ਼ੀ ਡਾਲਰਾਂ ਨਾਲ ਬਣਾਏ ਆਲੀਸ਼ਾਨ ਘਰਾਂ ਵਿੱਚ ਰਹਿਣ ਵਾਲੇ ਆਪਣੇ ਪਰਿਵਾਰਕ ਮੈਂਬਰਾਂ ਜਾਂ ਘਰ ਦੀ ਸੰਭਾਲ ਕਰਨ ਵਾਲੇ ਕੇਅਰ ਟੇਕਰਾਂ ਨੂੰ ਘਰਾਂ ਨੂੰ ਨਵਾਂ ਰੰਗ ਰੋਗਣ ਕਰਵਾਉਣ ਲਈ ਕਹਿ ਦਿੰਦੇ ਹਨ ਅਤੇ ਇਸ ਕੰਮ ਲਈ ਉਹ ਪੈਸੇ ਵੀ ਐਡਵਾਂਸ ਵਿੱਚ ਭੇਜ ਦਿੰਦੇ ਹਨ। ਇਸੇ ਕਰਕੇ ਹਰ ਸਾਲ ਦੀਵਾਲੀ ਮੌਕੇ ਐਨ.ਆਰ. ਆਈ. ਪੰਜਾਬੀਆਂ ਦੇ ਪੰਜਾਬ ਵਿਚਲੇ ਘਰਾਂ 'ਤੇ ਕੀਤਾ ਹੋਇਆ ਨਵਾਂ ਰੰਗ ਰੋਗਣ ਇਹਨਾਂ ਘਰਾਂ ਦੀ ਸਜਾਵਟ ਵਿੱਚ ਬਹੁਤ ਵਾਧਾ ਕਰ ਦਿੰਦਾ ਹੈ। ਇਸ ਤੋਂ ਇਲਾਵਾ ਐਨ.ਆਰ. ਆਈ. ਪੰਜਾਬੀਆਂ ਵੱਲੋਂ ਆਪਣੇ ਘਰਾਂ 'ਤੇ ਬਣਾਏ ਹੋਏ ਜਹਾਜ਼, ਬਲਦ, ਗੱਡੇ,ਘੋੜੇ ਅਤੇ ਹੋਰ ਕਈ ਕਿਸਮ ਦੀਆਂ ਟੈਂਕੀਆਂ ਵੀ ਨਵਾਂ ਰੰਗ ਰੋਗਣ ਹੋਣ ਕਾਰਨ ਦੂਰ ਤੋਂ ਹੀ ਲਿਸ਼ਕਾਂ ਮਾਰਦੇ ਹਨ।

ਵੱਡੀ ਗਿਣਤੀ ਐਨ.ਆਰ. ਆਈ. ਪੰਜਾਬੀ ਦੀਵਾਲੀ ਮੌਕੇ ਪੰਜਾਬ ਆਉਣ ਤੋਂ ਪਹਿਲਾਂ ਹੀ ਆਪਣੇ ਘਰਾਂ ਦੀ ਮੁਰੰਮਤ ਆਦਿ ਕਰਵਾ ਲੈਂਦੇ ਹਨ ਅਤੇ ਘਰਾਂ ਨੂੰ ਬਿਲਕੁਲ ਨਵਾਂ ਬਣਾਉਣ ਦੇ ਯਤਨ ਕਰਦੇ ਹਨ।



ਦੀਵਾਲੀ ਮੌਕੇ ਐਨ.ਆਰ. ਆਈ. ਪੰਜਾਬੀਆਂ ਦੇ ਪੰਜਾਬ ਵਿਚਲੇ ਆਪਣੇ ਘਰਾਂ ਵਿੱਚ ਆਉਣ ਕਾਰਨ ਇਹਨਾਂ ਘਰਾਂ ਵਿੱਚ ਰੌਣਕਾਂ ਪਰਤ ਆਉਂਦੀਆਂ ਹਨ ਅਤੇ ਦੀਵਾਲੀ ਮੌਕੇ ਇਹਨਾਂ ਘਰਾਂ ਵਿੱਚ ਕੀਤੀਆਂ ਗਈਆਂ ਰੌਸ਼ਨੀਆਂ ਦੂਰ ਦੂਰ ਤਕ ਰਿਸ਼ਮਾਂ ਬਿਖ਼ੇਰਦੀਆਂ ਹਨ।

ਦੀਵਾਲੀ ਦੇ ਨੇੜੇ ਤੇੜੇ ਐਨ.ਆਰ. ਆਈ. ਪੰਜਾਬੀਆਂ ਦੇ ਘਰਾਂ ਵਿੱਚ ਅਕਸਰ ਸ਼ਗਨਾਂ ਦੀ ਸ਼ਹਿਨਾਈ ਵੀ ਵੱਜਦੀ ਹੈ। ਇਸ ਮੌਕੇ ਐਨ.ਆਰ. ਆਈ. ਪੰਜਾਬੀਆਂ ਦੇ ਜਵਾਨ ਪੁੱਤਰ ਦੀ ਬਾਰਾਤ ਚੜ੍ਹਦੀ ਹੈ ਅਤੇ ਸ਼ਾਮ ਨੂੰ ਸ਼ਗਨਾਂ ਤੇ ਚਾਵਾਂ ਮਲ੍ਹਾਰਾਂ ਨਾਲ ਨਵ ਵਿਆਹੀ ਨੂੰਹ ਦੀ ਡੋਲੀ ਘਰੇ ਆਉਂਦੀ ਹੈ। ਇਸ ਮੌਕੇ ਸ਼ਗਨਾਂ ਦੇ ਗੀਤ ਗਾਏ ਜਾਂਦੇ ਹਨ ਅਤੇ ਤੇਲ ਚੋਇਆ ਜਾਂਦਾ ਹੈ। ਐਨ.ਆਰ. ਆਈ. ਪੰਜਾਬੀ ਅਕਸਰ ਆਪਣੇ ਧੀਆਂ ਪੁੱਤਾਂ ਦੇ ਵਿਆਹ ਦੀਵਾਲੀ ਮੌਕੇ ਪੰਜਾਬ ਆਉਣ ਮੌਕੇ ਕਰਦੇ ਹਨ। ਇਸ ਤੋਂ ਇਲਾਵਾ ਦੀਵਾਲੀ ਮੌਕੇ ਐਨ.ਆਰ. ਆਈ. ਪੰਜਾਬੀਆਂ ਦੇ ਘਰਾਂ ਵਿਚੋਂ ਕੱਢੇ ਜਾਂਦੇ ਤਾਜ਼ੇ ਖੋਏ ਦੀ ਮਹਿਕ ਵੀ ਦੂਰ ਦੂਰ ਤਕ ਜਾਂਦੀ ਹੈ। ਐਨ.ਆਰ. ਆਈ. ਪੰਜਾਬੀਆਂ ਦੇ ਘਰਾਂ ਵਿਚੋਂ ਅੱਲ੍ਹੜਾਂ ਦੇ ਹਾਸੇ ਵੀ ਦੂਰ ਦੂਰ ਤਕ ਸੁਣਾਈ ਦਿੰਦੇ ਹਨ ਅਤੇ ਸੱਜ ਵਿਆਹੀ ਦੀਆਂ ਗੋਰੀਆਂ ਬਾਂਹਾਂ ਵਿੱਚ ਪਾਇਆ ਹੋਇਆ ਰੰਗ ਬਿਰੰਗਾ ਚੂੜਾ ਵਿਸ਼ੇਸ਼ ਸੰਗੀਤ ਪੈਦਾ ਕਰਦਾ ਹੋਇਆ ਛਣਕਦਾ ਹੈ।

ਐਨ.ਆਰ. ਆਈ. ਪੰਜਾਬੀਆਂ ਦੇ ਪੰਜਾਬ ਵਿੱਚ ਰਹਿੰਦੇ ਪਰਿਵਾਰਕ ਮੈਂਬਰਾਂ ਨੂੰ ਵੀ ਆਪਣੇ ਐਨ.ਆਰ. ਆਈ. ਪਰਿਵਾਰਕ ਮੈਂਬਰਾਂ ਦੇ ਪੰਜਾਬ ਆਉਣ ਦਾ ਬਹੁਤ ਚਾਅ ਹੁੰਦਾ ਹੈ। ਐਨ.ਆਰ. ਆਈ. ਪੰਜਾਬੀਆਂ ਦੀ ਪੰਜਾਬ ਫੇਰੀ ਮੌਕੇ ਹੀ ਘਰ ਅਤੇ ਜ਼ਮੀਨ ਜਾਇਦਾਦ ਨਾਲ ਸਬੰਧਿਤ ਕਈ ਤਰਾਂ ਦੇ ਜ਼ਰੂਰੀ ਕੰਮ ਧੰਦੇ ਵੀ ਕਰ ਲਏ ਜਾਂਦੇ ਹਨ। ਐਨ.ਆਰ. ਆਈ. ਪੰਜਾਬੀਆਂ ਵੱਲੋਂ ਆਪਣੇ ਪਰਿਵਾਰਕ ਮੈਂਬਰਾਂ ਅਤੇ ਹੋਰ ਰਿਸ਼ਤੇਦਾਰਾਂ ਲਈ ਲਿਆਂਦੇ ਸਮਾਨ ਨੂੰ ਵੇਖ ਕੇ ਸਬੰਧਿਤ ਮੈਂਬਰਾਂ ਦੇ ਚਿਹਰੇ ਖਿੜ ਜਾਂਦੇ ਹਨ ਅਤੇ ਉਹ ਖੁਸ਼ੀ ਵਿੱਚ ਝੂਮਦੇ ਫਿਰਦੇ ਹਨ।



ਦੀਵਾਲੀ ਮੌਕੇ ਪੰਜਾਬ ਆਏ ਐਨ.ਆਰ. ਆਈ. ਪੰਜਾਬੀ ਅਕਸਰ ਆਪਣੇ ਪਿੰਡਾਂ ਦੇ ਵਿਕਾਸ ਕੰਮਾਂ ਵਿੱਚ ਵੀ ਯੋਗਦਾਨ ਪਾਉਂਦੇ ਹਨ। ਇਸ ਤੋਂ ਇਲਾਵਾ ਕਈ ਐਨ.ਆਰ. ਆਈ. ਪੰਜਾਬੀ ਖੇਡ ਮੇਲਿਆਂ ਅਤੇ ਹੋਰ ਮੇਲਿਆਂ ਤੇ ਸਮਾਗਮਾਂ ਵਿੱਚ ਵੀ ਆਪਣੀ ਮਦਦ ਕਰਦੇ ਹਨ। ਐਨ.ਆਰ. ਆਈ. ਪੰਜਾਬੀਆਂ ਦੇ ਪੰਜਾਬ ਰਹਿੰਦੇ ਦੋਸਤਾਂ ਨੂੰ ਵੀ ਚਾਅ ਚੜ੍ਹਿਆ ਹੁੰਦਾ ਹੈ ਅਤੇ ਉਹ ਆਪਣੇ ਪਰਦੇਸੀ ਮਿੱਤਰਾਂ ਤੋਂ ਵਲੈਤ ਦੀਆਂ ਗੱਲਾਂ ਰਸ ਲੈ ਕੇ ਸੁਣਦੇ ਹਨ।

ਦੀਵਾਲੀ ਦਾ ਤਿਉਹਾਰ ਭਾਵੇਂ ਪੰਜਾਬ ਸਮੇਤ ਪੂਰੇ ਭਾਰਤ ਅਤੇ ਵਿਦੇਸ਼ਾਂ ਵਿੱਚ ਵੀ ਮਨਾਇਆ ਜਾਂਦਾ ਹੈ ਪਰ ਐਨ.ਆਰ. ਆਈ. ਪੰਜਾਬੀਆਂ ਨੂੰ ਦੀਵਾਲੀ ਮੌਕੇ ਆਪਣੇ ਪਿੰਡ, ਆਪਣੇ ਘਰਾਂ ਵਿੱਚ ਦੀਵਾਲੀ ਦਾ ਤਿਉਹਾਰ ਮਨਾ ਕੇ ਜੋ ਖੁਸ਼ੀ ਮਿਲਦੀ ਹੈ, ਉਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ।





# ਧਰਤੀ ਨੂੰ ਗਰਮ ਹੋਣ ਤੋਂ ਬਚਾ ਰਿਹੈ ਹਵਾ ਪ੍ਰਦੂਸ਼ਣ



## ਹਵਾ ਪ੍ਰਦੂਸ਼ਣ ਇੱਕ ਬਹੁਤ ਹੀ ਖ਼ਤਰਨਾਕ ਅਤੇ ਘਾਤਕ ਕਾਰਕ ਹੈ ਜੋ ਹਰ ਸਾਲ ਲੱਖਾਂ ਲੋਕਾਂ ਨੂੰ ਮਾਰਦਾ ਹੈ। ਪਰ ਇਸੇ ਹਵਾ ਪ੍ਰਦੂਸ਼ਣ ਦਾ ਅਜਿਹਾ ਫ਼ਾਇਦਾ ਹੈ ਜਿਸ ਨੇ ਵਿਗਿਆਨੀਆਂ ਨੂੰ ਦੁਚਿੱਤੀ ਵਿੱਚ ਪਾ ਦਿੱਤਾ ਹੈ।

ਹਵਾ ਪ੍ਰਦੂਸ਼ਣ, ਜੋ ਹਰ ਸਾਲ ਲੱਖਾਂ ਲੋਕਾਂ ਦੀ ਜਾਨ ਲੈਂਦਾ ਹੈ, ਧਰਤੀ ਨੂੰ ਗਰਮ ਹੋਣ ਤੋਂ ਰੋਕ ਰਿਹਾ ਹੈ ਅਤੇ ਜੇਕਰ ਇਹ ਘਟਦਾ ਹੈ ਤਾਂ ਧਰਤੀ ਦਾ ਤਾਪਮਾਨ ਇੰਨਾ ਵੱਧ ਸਕਦਾ ਹੈ ਕਿ ਲੱਖਾਂ ਲੋਕਾਂ ਦੀ ਮੌਤ ਹੋ ਸਕਦੀ ਹੈ। ਦਰਅਸਲ, ਹਵਾ ਪ੍ਰਦੂਸ਼ਣ ਕਾਰਨ ਸੂਰਜ ਦੀਆਂ ਬੇਹੱਦ ਤੇਜ਼ ਕਿਰਨਾਂ ਧਰਤੀ ਤੱਕ ਨਹੀਂ ਪਹੁੰਚ ਪਾਉਂਦੀਆਂ ਅਤੇ ਤਾਪਮਾਨ ਘੱਟ ਰਹਿੰਦਾ ਹੈ। ਜੇਕਰ ਹਵਾ ਪ੍ਰਦੂਸ਼ਣ ਘਟਾਇਆ ਗਿਆ ਤਾਂ ਜਲਵਾਯੂ ਪਰਿਵਰਤਨ ਹੋਰ ਤੇਜ਼ ਹੋ ਜਾਵੇਗਾ।

ਵਿਗਿਆਨੀਆਂ ਲਈ ਇਹ ਅਜਿਹਾ ਭੰਬਲਭੂਸਾ ਹੈ, ਜਿਸ ਕਾਰਨ ਉਹ ਦੁਚਿੱਤੀ ਵਿੱਚ ਹਨ। ਜਲਵਾਯੂ ਮਾਹਿਰਾਂ ਨੇ ਚੀਨ ਵਿੱਚ ਇੱਕ ਦਹਾਕੇ ਲੰਬੇ ਅਧਿਐਨ ਤੋਂ ਬਾਅਦ ਇਹ ਗੱਲ ਕਹੀ ਹੈ।

ਪਿਛਲੇ ਦਹਾਕੇ ਵਿੱਚ ਚੀਨ ਵਿੱਚ ਹਵਾ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਗਏ ਹਨ। ਇਸ ਕਾਰਨ, ਖਾਸ ਤੌਰ 'ਤੇ ਕੋਲਾ ਪਲਾਂਟਾਂ ਤੋਂ ਨਿਕਲਣ ਵਾਲੀ ਸਲਫਰ ਡਾਈਆਕਸਾਈਡ ਦਾ ਪੱਧਰ ਘੱਟ ਗਿਆ ਹੈ। ਚੀਨ ਦੇ ਅਧਿਕਾਰਤ ਅੰਕੜਿਆਂ ਅਤੇ ਕਈ ਅਧਿਐਨਾਂ ਦੇ ਅਨੁਸਾਰ, ਇਹ ਕਿਹਾ ਗਿਆ ਹੈ ਕਿ ਕਾਰਬਨ ਨਿਕਾਸ ਵਿੱਚ



90 ਪ੍ਰਤੀਸ਼ਤ ਦੀ ਕਮੀ ਆਈ ਹੈ। ਇਸ ਨਾਲ ਹਜ਼ਾਰਾਂ ਜਾਨਾਂ ਵੀ ਬਚ ਗਈਆਂ ਹਨ।

ਫਿਰ ਵੀ ਚੀਨ ਦਾ ਔਸਤ ਤਾਪਮਾਨ 2014 ਤੋਂ 0.7 ਡਿਗਰੀ ਸੈਲਸੀਅਸ ਵਧਿਆ ਹੈ। ਇਸ ਕਾਰਨ ਗਰਮੀ ਦੀਆਂ ਲਹਿਰਾਂ ਦੀ ਬਾਰੰਬਾਰਤਾ ਅਤੇ ਤੀਬਰਤਾ ਵਧ ਗਈ ਹੈ। ਇਸ ਦਾ ਇੱਕ ਕਾਰਨ ਵਾਯੂਮੰਡਲ ਵਿੱਚ ਫੈਲੀ ਹਵਾ ਪ੍ਰਦੂਸ਼ਣ ਦੀ ਪਰਤ ਦੀ ਘਣਤਾ ਵਿੱਚ ਕਮੀ ਹੈ। ਇਹ ਪਰਤ ਸੂਰਜ ਦੀਆਂ ਖਤਰਨਾਕ ਕਿਰਨਾਂ ਨੂੰ ਦਰਸਾਉਂਦੀ ਹੈ ਅਤੇ ਤਾਪਮਾਨ ਨੂੰ ਵਧਣ ਤੋਂ ਰੋਕਦੀ ਹੈ। ਪਰ ਇਸ ਪਰਤ ਦੇ ਕਮਜ਼ੋਰ ਹੋਣ ਕਾਰਨ ਤਾਪਮਾਨ ਵਧ ਜਾਂਦਾ ਹੈ।

ਅਮਰੀਕਾ ਦੇ ਰਾਸ਼ਟਰੀ ਸਮੁੰਦਰੀ ਅਤੇ ਵਾਯੂਮੰਡਲ ਪ੍ਰਸ਼ਾਸਨ (ਐਨ.ਓ.ਏ.ਏ.) ਦੀ ਜਲਵਾਯੂ ਵਿਗਿਆਨੀ ਪੈਟਰੀਸੀਆ ਕੁਇਨ ਦਾ ਕਹਿਣਾ ਹੈ, ਇਹ ਇੱਕ ਵੱਡੀ ਉਲਝਣ ਹੈ। ਅਸੀਂ ਹਵਾ ਨੂੰ ਸਾਫ਼ ਕਰਨ ਲਈ ਆਪਣੀ ਹਵਾ ਦੀ ਗੁਣਵੱਤਾ ਨੂੰ ਵਧਾਉਣਾ ਚਾਹੁੰਦੇ ਹਾਂ, ਪਰ ਅਜਿਹਾ ਕਰਦੇ ਹੋਏ ਅਸੀਂ ਗਰਮੀ ਨੂੰ ਵਧਾ ਰਹੇ ਹਾਂ।

ਵਿਗਿਆਨੀ ਹਵਾ ਪ੍ਰਦੂਸ਼ਣ ਨੂੰ ਘਟਾਉਣ ਨੂੰ 'ਅਨਮਾਸਕਿੰਗ' ਕਹਿੰਦੇ ਹਨ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਚੀਨ ਦੇ ਕੁਝ ਉਦਯੋਗਿਕ ਸ਼ਹਿਰਾਂ ਵਿੱਚ, ਗ੍ਰੀਨਹਾਉਸ ਗੈਸਾਂ ਤੋਂ ਵੱਧ ਮਾਸਕ ਉਤਾਰਨ ਦਾ ਪ੍ਰਭਾਵ ਵੱਧ ਰਿਹਾ ਹੈ। ਉਨ੍ਹਾਂ ਮੁਤਾਬਕ ਜੇਕਰ ਭਾਰਤ ਅਤੇ ਮੱਧ ਪੂਰਬ ਵਰਗੇ ਹੋਰ ਬਹੁਤ ਜ਼ਿਆਦਾ ਪ੍ਰਦੂਸ਼ਿਤ ਦੇਸ਼ ਚੀਨ ਦੇ ਰਸਤੇ 'ਤੇ ਚੱਲਦੇ ਹਨ ਅਤੇ ਸਲਫਰ ਡਾਈਆਕਸਾਈਡ ਨੂੰ ਘਟਾਉਂਦੇ ਹਨ, ਤਾਂ ਉੱਥੇ ਵੀ ਅਜਿਹਾ ਪ੍ਰਭਾਵ ਦੇਖਿਆ ਜਾ ਸਕਦਾ ਹੈ।

ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੀਆਂ ਕੋਸ਼ਿਸ਼ਾਂ ਦੁਨੀਆ ਨੂੰ ਵਧਦੇ ਤਾਪਮਾਨ ਵੱਲ ਧੱਕ ਸਕਦੀਆਂ ਹਨ, ਜਿਸ ਦੇ ਬਹੁਤ ਖਤਰਨਾਕ ਨਤੀਜੇ ਹੋਣਗੇ।

ਇਸ ਸਾਲ, ਸੰਯੁਕਤ ਰਾਸ਼ਟਰ ਦੀ ਵਾਤਾਵਰਣ ਮਾਮਲਿਆਂ ਦੀ ਕਮੇਟੀ ਆਈਪੀਸੀਸੀ ਨੇ ਇੱਕ ਰਿਪੋਰਟ ਜਾਰੀ ਕੀਤੀ ਹੈ। ਉਸ ਰਿਪੋਰਟ ਦੇ ਪ੍ਰਮੁੱਖ ਖੋਜਕਰਤਾ ਵਾਤਾਵਰਨ ਭੌਤਿਕ ਵਿਗਿਆਨੀ ਪਾਉਲੋ ਆਰਟੈਕਸੋ ਕਹਿੰਦੇ ਹਨ, ਏਰੋਸੋਲ ਗ੍ਰਹਿ ਦੀ ਗਰਮੀ ਦਾ ਘੱਟੋ-ਘੱਟ ਇੱਕ ਤਿਹਾਈ ਹਿੱਸਾ ਫਸਾ ਰਹੇ ਹਨ। ਜੇਕਰ ਤੁਸੀਂ ਹਵਾ ਪ੍ਰਦੂਸ਼ਣ ਘਟਾਉਣ ਵਾਲੀਆਂ ਤਕਨੀਕਾਂ ਦੀ ਵਰਤੋਂ ਕਰਦੇ ਹੋ, ਤਾਂ ਇਹ ਥੋੜ੍ਹੇ ਸਮੇਂ ਵਿੱਚ ਜਲਵਾਯੂ ਤਬਦੀਲੀ ਨੂੰ ਬਹੁਤ ਤੇਜ਼ੀ ਨਾਲ ਘਟਾ ਸਕਦਾ ਹੈ।

ਹਾਲਾਂਕਿ, 2021 ਵਿੱਚ ਵੀ ਆਈਪੀਸੀਸੀ ਨੇ ਆਪਣੀ ਰਿਪੋਰਟ ਵਿੱਚ ਸਲਫਰ ਡਾਈਆਕਸਾਈਡ ਨੂੰ ਘਟਾਉਣ ਅਤੇ ਗਲੋਬਲ ਵਾਰਮਿੰਗ ਨੂੰ ਵਧਾਉਣ ਬਾਰੇ ਚੇਤਾਵਨੀ ਦਿੱਤੀ ਸੀ। ਉਸ ਰਿਪੋਰਟ ਵਿੱਚ ਇਹ ਸਿੱਟਾ ਕੱਢਿਆ ਗਿਆ ਸੀ ਕਿ ਜੇਕਰ ਸਲਫਰ ਡਾਈਆਕਸਾਈਡ ਦੀ ਸੂਰਜੀ ਛੱਤਰੀ ਨਾ ਹੁੰਦੀ ਤਾਂ ਸੰਸਾਰ ਦਾ ਔਸਤ ਤਾਪਮਾਨ ਉਦਯੋਗੀਕਰਨ ਤੋਂ ਪਹਿਲਾਂ ਦੀ ਦੁਨੀਆਂ ਦੇ ਮੁਕਾਬਲੇ 1.6 ਫੀਸਦੀ ਵੱਧ ਗਿਆ ਹੁੰਦਾ। ਯਾਨੀ ਇਸ ਛਤਰੀ ਨੇ ਦੁਨੀਆ ਦੁਆਰਾ ਤੈਅ ਕੀਤੀ 1.5 ਡਿਗਰੀ ਸੈਲਸੀਅਸ ਸੀਮਾ ਨੂੰ ਪਾਰ ਹੋਣ ਤੋਂ ਰੋਕਣ ਵਿੱਚ ਮਦਦ ਕੀਤੀ ਹੈ।

# ਧਰਤੀ ਲਈ ਸਿਹਤ ਐਮਰਜੈਂਸੀ ਐਲਾਨੀ ਜਾਵੇ: ਵਿਗਿਆਨੀ

- ਕੁਦਰਤੀ ਸੰਸਾਰ ਦੇ ਆਪਸੀ ਤਾਲਮੇਲ ਨੂੰ ਸਮਝਣਾ ਮਹੱਤਵਪੂਰਨ
- ਕਈ ਦੇਸ਼ਾਂ ਨੇ ਸੰਸਾਰ ਨੂੰ 'ਆਫ਼ਤ ਦੀ ਦਹਿਲੀਜ਼' 'ਤੇ ਛੱਡ ਦਿੱਤਾ





ਦੋ ਸੌ ਤੋਂ ਵੱਧ ਸਿਹਤ ਅਤੇ ਵਾਤਾਵਰਣ ਰਸਾਲਿਆਂ ਦੁਆਰਾ ਪ੍ਰਕਾਸ਼ਤ ਰਿਪੋਰਟ ਵਿੱਚ ਵਿਗਿਆਨੀਆਂ ਵੱਲੋਂ ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਨੂੰ ਅਪੀਲ ਕੀਤੀ ਗਈ ਹੈ ਕਿ ਉਹ ਤਬਾਹੀ ਤੋਂ ਬਚਣ ਲਈ ਜਲਵਾਯੂ ਅਤੇ ਕੁਦਰਤੀ ਆਫ਼ਤਾਂ ਨੂੰ ਇੱਕ ਸੰਕਟ ਵਜੋਂ ਮੰਨੇ।

ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਕਾਨਫਰੰਸਾਂ 'ਚ ਇਨ੍ਹਾਂ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਇਨ੍ਹਾਂ ਵਿੱਚ ਨਵੰਬਰ ਵਿੱਚ ਦੁਬਈ ਵਿੱਚ ਜਲਵਾਯੂ ਪਰਿਵਰਤਨ ਬਾਰੇ 28ਵੀਂ ਸੰਯੁਕਤ ਰਾਸ਼ਟਰ ਕਾਨਫਰੰਸ ਆਫ ਪਾਰਟੀਜ਼ (ਸੀਓਪੀ) ਅਤੇ 2024 ਵਿੱਚ ਤੁਰਕੀ ਵਿੱਚ ਜੈਵ ਵਿਭਿੰਨਤਾ ਉੱਤੇ 16ਵੀਂ ਸੀਓਪੀ ਕਾਨਫਰੰਸ ਸ਼ਾਮਲ ਹੈ।

ਜਲਵਾਯੂ ਅਤੇ ਜੈਵ ਵਿਭਿੰਨਤਾ ਇੱਕੋ ਜਟਿਲ ਸਮੱਸਿਆ ਦੇ ਹਿੱਸੇ ਹਨ।ਸੀਓਪੀ ਨਾਲ ਜੁੜੇ ਖੋਜ ਭਾਈਚਾਰੇ ਵੱਡੇ ਪੱਧਰ 'ਤੇ ਵਿਭਿੰਨ ਹਨ। ਹਾਲਾਂਕਿ, 2020 ਵਿੱਚ ਇੱਕ ਸਾਂਝੀ ਵਰਕਸ਼ਾਪ ਨੇ ਸਿੱਟਾ ਕੱਢਿਆ ਕਿ ਦੋਵਾਂ ਨੂੰ ਜਲਵਾਯੂ ਤਬਦੀਲੀ ਅਤੇ ਜੈਵ ਵਿਭਿੰਨਤਾ ਦੇ ਮੁੱਦਿਆਂ ਨਾਲ ਨਜਿੱਠਣ ਲਈ ਮਿਲ ਕੇ ਕੰਮ ਕਰਨ ਦੀ ਲੋੜ ਹੈ।

ਸਰਫ ਇੱਕ ਇੱਕਲੀ ਗੁੰਝਲਦਾਰ ਸਮੱਸਿਆ ਦੇ ਹਿੱਸੇ ਵਜੋਂ ਜਲਵਾਯੂ ਅਤੇ ਜੈਵ ਵਿਭਿੰਨਤਾ 'ਤੇ ਵਿਚਾਰ ਕਰਨ ਨਾਲ ਹੀ ਅਜਿਹੇ ਹੱਲ ਲੱਭੇ ਜਾ ਸਕਦੇ ਹਨ ਜੋ ਜ਼ਿਆਦਾਤਰ ਨੁਕਸਾਨ ਤੋਂ ਮੁਕਤ ਹਨ ਅਤੇ ਜਿਨ੍ਹਾਂ ਦੇ ਲਾਹੇਵੰਦ ਨਤੀਜੇ ਵੱਧ ਤੋਂ ਵੱਧ ਹਨ।

ਅਜਿਹੇ ਸਮੇਂ ਜਦੋਂ ਜਲਵਾਯੂ ਪਰਿਵਰਤਨ ਨੂੰ ਜੰਗਲਾਂ ਦੀ ਕਟਾਈ ਅਤੇ ਹੋਰ ਵਾਤਾਵਰਣ ਦੇ ਨੁਕਸਾਨ ਦਾ ਸਭ ਤੋਂ ਵੱਡਾ ਕਾਰਨ ਦੱਸਿਆ ਜਾ ਰਿਹਾ ਹੈ, ਵਿਗਿਆਨੀਆਂ ਦਾ ਕਹਿਣਾ ਹੈ ਕਿ ਕੁਦਰਤੀ ਸੰਸਾਰ ਦੇ ਆਪਸੀ ਤਾਲਮੇਲ ਨੂੰ ਸਮਝਣਾ ਮਹੱਤਵਪੂਰਨ ਹੈ।

ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਪਿਛਲੇ ਸਾਲ ਕਿਹਾ ਸੀ, ਕੁਦਰਤ ਤੋਂ ਬਿਨਾਂ ਸਾਡੇ ਕੋਲ ਕੁਝ ਵੀ ਨਹੀਂ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਸੰਕਟ ਸਿੱਧੇ ਅਤੇ ਅਸਿੱਧੇ ਤੌਰ 'ਤੇ ਮਨੁੱਖੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ, ਭੋਜਨ ਅਤੇ ਪਾਣੀ ਵਰਗੀਆਂ ਬੁਨਿਆਦੀ ਲੋੜਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਅਤਿਅੰਤ ਮੌਸਮ ਅਤੇ ਬਿਮਾਰੀਆਂ ਦੇ ਜੋਖਮ ਨੂੰ ਵਧਾਉਂਦੇਹਨ।

ਮਾਹਿਰਾਂ ਦੇ ਅਨੁਸਾਰ, ਗਰੀਬੀ ਵਿੱਚ ਵਾਧੇ ਦਾ ਇੱਕ ਸੰਭਾਵੀ ਸਿੱਧਾ ਪ੍ਰਭਾਵ ਵੱਡੇ ਪੱਧਰ 'ਤੇ ਪਰਵਾਸ ਅਤੇ ਸੰਘਰਸ਼ ਹੋਵੇਗਾ। ਵਾਤਾਵਰਣ ਅਤੇ ਸਮਾਜਿਕ ਅਸਮਾਨਤਾਵਾਂ ਦੋਵਾਂ ਨੂੰ ਹੱਲ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ, ਵਿਗਿਆਨੀ ਕਹਿੰਦੇ ਹਨ ਕਿ ਕਮਜ਼ੋਰ ਭਾਈਚਾਰਿਆਂ ਨੂੰ ਜਲਵਾਯੂ ਤਬਦੀਲੀ ਅਤੇ ਜੈਵ ਵਿਭਿੰਨਤਾ ਦੁਆਰਾ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

ਦਸੰਬਰ 2022 ਵਿੱਚ, ਜੈਵ ਵਿਭਿੰਨਤਾ 'ਤੇ ਸੀਓਪੀ ਨੇ 2030 ਤੱਕ ਦੁਨੀਆ ਦੀ 30 ਪ੍ਰਤੀਸ਼ਤ ਜ਼ਮੀਨ, ਤੱਟਾਂ ਅਤੇ ਸਮੁੰਦਰਾਂ ਦੀ ਰੱਖਿਆ ਕਰਨ ਲਈ ਵਚਨਬੱਧ ਕੀਤਾ। ਪਰ ਇਹਨਾਂ ਵਿੱਚੋਂ ਬਹੁਤ ਸਾਰੇ ਵਾਅਦੇ ਅਜੇ ਵੀ ਪੂਰੇ ਨਹੀਂ ਹੋਏ ਅਤੇ ਕਈ ਦੇਸ਼ਾਂ ਨੇ ਸੰਸਾਰ ਨੂੰ 'ਆਫਤ ਦੀ ਦਹਿਲੀਜ਼' 'ਤੇ ਛੱਡ ਦਿੱਤਾ। ਰਿਪੋਰਟ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਜੈਵ ਵਿਭਿੰਨਤਾ ਨੂੰ ਬਹਾਲ ਕਰਨਾ ਅਤੇ ਜਲਵਾਯੂ ਪਰਿਵਰਤਨ ਨੂੰ ਸੰਕਟ ਵਜੋਂ ਨਜਿੱਠਣਾ ਹੀ ਅੱਗੇ ਦਾ ਇੱਕੋ ਇੱਕ ਰਸਤਾ ਹੈ।

## ਬੰਦੀ ਛੋੜ ਦਿਵਸ 'ਤੇ ਵਿਸ਼ੇਸ਼ ਲੇਖ

# ਸ਼ਬਦ ਗੁਰੂ ਦੇ ਪ੍ਰਕਾਸ਼ ਰਾਹੀਂ ਜ਼ਿੰਦਗੀ ਰੁਸ਼ਨਾਈਏ



ਹਰਜਿੰਦਰ ਸਿੰਘ ਧਾਮੀ



ਸਿੱਖ ਕੌਮ ਦੇ ਨਿਰਾਲੇ ਇਤਿਹਾਸ ਨੂੰ ਬਿਆਨ ਕਰਦਾ ਬੰਦੀ ਛੋੜ ਦਿਵਸ ਕੌਮ ਵੱਲੋਂ ਸ਼ਰਧਾ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਦਾ ਸਬੰਧ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੁੜਦਾ ਹੈ। ਛੇਵੇਂ ਪਾਤਸ਼ਾਹ ਆਪਣੇ ਨਾਲ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਕਰਵਾਉਣ ਮਗਰੋਂ ਇਸ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਪਹੁੰਚੇ ਸਨ, ਜਿਸ 'ਤੇ ਸੰਗਤਾਂ ਨੇ ਘਿਓ ਦੇ ਦੀਵੇ ਬਾਲ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਸੀ। ਇਹ ਪ੍ਰੰਪਰਾ ਅੱਜ ਵੀ ਨਿਰੰਤਰ ਜਾਰੀ ਹੈ। ਇਸ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਸੰਗਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕਰਦੀ ਹੈ। ਇਸ ਦਿਨ ਦੇ ਇਤਿਹਾਸ ਨੇ ਹੱਕ ਸੱਚ ਅਤੇ ਇਨਸਾਫ਼ ਦੀ ਇਕ ਵੱਡੀ ਉਦਾਹਰਨ ਪੇਸ਼ ਕੀਤੀ, ਜੋ ਦੁਨੀਆਂ ਅੰਦਰ ਹੋਰ ਕਿਧਰੇ ਨਹੀਂ ਮਿਲਦੀ।

ਸਮੇਂ ਦੀਆਂ ਹਕੂਮਤਾਂ ਅਕਸਰ ਮਨੁੱਖੀ ਹੱਕਾਂ ਨੂੰ ਦਬਾਉਣ ਦਾ ਯਤਨ ਕਰਦੀਆਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਵੀ ਹਕੂਮਤਾਂ ਦਾ ਜਬਰ ਸਿਖਰ 'ਤੇ ਸੀ, ਜਿਸ ਵਿਰੁੱਧ ਗੁਰੂ ਸਾਹਿਬਾਨ ਨੇ ਆਵਾਜ਼ ਬੁਲੰਦ ਕੀਤੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੀ ਹੱਕ-ਸੱਚ ਦੀ ਆਵਾਜ਼ ਨੂੰ ਬੁਲੰਦ ਕਰਦਿਆਂ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਹਕੂਮਤ ਦੇ ਜ਼ੁਲਮ ਨਾਲ ਨਜਿੱਠਣ ਲਈ ਛੇਵੇਂ ਪਾਤਸ਼ਾਹ ਨੇ ਸਿੱਖ ਕੌਮ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਦਿਆਂ ਘੋੜ ਸਵਾਰੀ ਅਤੇ ਯੁੱਧ ਕਲਾ ਵਿੱਚ ਨਿਪੁੰਨ ਹੋਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਆਜ਼ਾਦ ਹੋਂਦ ਹਸਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਜ਼ਾਦਾਨਾ ਤੇ ਬੁਲੰਦ ਸ਼ਖ਼ਸੀਅਤ ਸਮੇਂ ਦੀ ਹਕੂਮਤ ਨੂੰ ਰੜਕਣ ਲੱਗੀ। ਇਸ ਦੇ ਨਾਲ ਹੀ ਗੁਰੂ ਘਰ ਦੇ ਦੋਖੀਆਂ ਨੇ ਵੀ ਹਕੂਮਤ ਦੇ ਕੰਨ ਭਰੇ। ਬਾਦਸ਼ਾਹ ਜਹਾਂਗੀਰ ਨੇ ਕਪਟੀ ਚਾਲਾਂ ਚੱਲਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ। ਇਸ ਕਿਲ੍ਹੇ ਵਿੱਚ ਜਹਾਂਗੀਰ ਨੇ ਵੱਖ-ਵੱਖ ਰਿਆਸਤਾਂ ਦੇ 52 ਰਾਜਿਆਂ ਨੂੰ ਵੀ ਕੈਦ ਰੱਖਿਆ ਹੋਇਆ ਸੀ। ਇਹ ਰਾਜੇ ਆਪਣੀ ਆਜ਼ਾਦੀ ਦਾ ਵਿਚਾਰ ਤਿਆਗ ਕੇ ਘੋਰ ਨਿਰਾਸ਼ਾ ਵਿੱਚ ਜਾ ਚੁੱਕੇ ਸਨ। ਗੁਰੂ ਸਾਹਿਬ ਦੀ ਸੰਗਤ ਦਾ ਇਨ੍ਹਾਂ ਬੰਦੀ ਰਾਜਿਆਂ ਦੇ ਮਨਾਂ 'ਤੇ ਬਹੁਤ ਚੰਗਾ ਅਸਰ ਹੋਇਆ ਅਤੇ ਉਨ੍ਹਾਂ ਅੰਦਰ ਆਸ ਦੀ ਕਿਰਨ ਜਾਗ ਉੱਠੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੂੰ ਕਿਲ੍ਹੇ ਵਿੱਚ ਬੰਦੀ ਬਣਾਉਣ ਕਰਕੇ ਸਿੱਖ ਸੰਗਤ ਦੇ ਮਨਾਂ ਵਿੱਚ ਵੀ ਭਾਰੀ ਰੋਸ ਸੀ, ਜਿਸ ਨੂੰ ਵੇਖਦਿਆਂ ਹਕੂਮਤ ਨੂੰ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਐਲਾਨ ਕਰਨਾ ਪਿਆ। ਗੁਰੂ ਸਾਹਿਬ ਨੇ ਆਪਣੇ ਨਾਲ ਬੰਦੀ ਰਾਜਿਆਂ ਦੀ ਰਿਹਾਈ ਲਈ ਹਕੂਮਤ ਅੱਗੇ ਸ਼ਰਤ ਰੱਖੀ ਅਤੇ ਇੰਝ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮੁਕਤ ਕਰਵਾ ਕੇ ਲੋਕਾਈ ਨੂੰ ਇਕ ਨਵੀਂ ਰੋਸ਼ਨੀ ਦਿੱਤੀ। ਗੁਰੂ ਸਾਹਿਬ ਦੇ ਇਸ ਕਦਮ ਨਾਲ ਮਨੁੱਖਤਾ ਅੰਦਰ ਆਜ਼ਾਦੀ ਦੀ ਲੋਅ ਇਕ ਵਾਰ ਫਿਰ ਰੋਸ਼ਨ ਹੋ ਗਈ।

ਬੰਦੀ ਛੋੜ ਦਿਹਾੜੇ ਨਾਲ ਸਿੱਖ ਇਤਿਹਾਸ ਦਾ ਇਕ ਹੋਰ ਪੰਨਾ ਜੁੜਦਾ ਹੈ। ਸਿੱਖ ਕੌਮ 'ਤੇ ਇੱਕ ਸਮਾਂ ਅਜਿਹਾ ਆਇਆ ਜਦ ਹਕੂਮਤ ਨੇ ਸਿੱਖਾਂ ਨੂੰ ਖਤਮ ਕਰਨ ਦੇ ਮਨਸੂਬੇ ਬਣਾਏ। ਸਿੱਖ ਜੰਗਲਾਂ ਵਿੱਚ ਰਹਿ ਕੇ ਗੁਜ਼ਾਰਾ ਕਰਨ ਲਗੇ। ਇਸੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤ ਦਾ ਇਕੱਠ ਕਰਨ ਦੀ ਹਕੂਮਤ ਪਾਸੋਂ ਇਜਾਜ਼ਤ ਮੰਗੀ। ਹਕੂਮਤ ਨੇ ਮੰਦਭਾਵਨਾ ਤਹਿਤ ਟੈਕਸ ਦੀ ਅਦਾਇਗੀ ਬਦਲੇ ਇਹ ਮਨਜ਼ੂਰੀ ਦਿੱਤੀ। ਹਕੂਮਤ ਦੀ ਮਨਸ਼ਾ ਇਕੱਠੇ ਹੋਏ ਸਿੱਖਾਂ ਨੂੰ ਖ਼ਤਮ ਕਰਨ ਦੀ ਸੀ। ਭਾਈ ਮਨੀ ਸਿੰਘ ਨੂੰ ਪਤਾ ਲੱਗਣ 'ਤੇ ਉਨ੍ਹਾਂ ਸੰਗਤ ਨੂੰ ਅੰਮ੍ਰਿਤਸਰ ਆਉਣੋਂ ਰੋਕ ਦਿੱਤਾ। ਸਰਕਾਰ ਦੇ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਦੇ ਮਨਸੂਬੇ ਧਰੇ-ਧਰਾਏ ਰਹਿ ਗਏ। ਇਸ 'ਤੇ ਲੋਹੀ ਲਾਖੀ ਹੋਈ ਸਰਕਾਰ ਨੇ ਭਾਈ ਮਨੀ ਸਿੰਘ ਨੂੰ ਨਿਸ਼ਾਨਾ ਬਣਾਇਆ। ਭਾਈ ਮਨੀ ਸਿੰਘ ਨੂੰ ਟੈਕਸ ਨਾ ਤਾਰਨ ਬਦਲੇ ਇਸਲਾਮ ਜਾਂ ਮੌਤ ਕਬੂਲਣ ਦਾ ਫ਼ੁਰਮਾਨ ਜਾਰੀ ਕਰ ਦਿੱਤਾ। ਇਸ 'ਤੇ ਭਾਈ ਮਨੀ ਸਿੰਘ ਨੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ ਸ਼ਹਾਦਤ ਨੂੰ ਪ੍ਰਵਾਨ ਕੀਤਾ। ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।

ਇਸ ਤਰ੍ਹਾਂ ਬੰਦੀ ਛੋੜ ਦਿਹਾੜੇ ਦਾ ਇਤਿਹਾਸ ਮਨੁੱਖੀ ਹੱਕਾਂ ਲਈ ਸੰਘਰਸ਼ ਦੀ ਪ੍ਰੇਰਨਾ ਦਿੰਦਾ ਹੈ। ਸਿੱਖ ਕੌਮ ਦਾ ਇਹ ਖਾਸਾ ਰਿਹਾ ਹੈ ਕਿ ਇਸ ਨੇ ਹਮੇਸ਼ਾਂ ਹੀ ਸਮਾਜਿਕ ਕੁਰੀਤੀਆਂ ਦੇ ਨਾਲ-ਨਾਲ ਜ਼ਬਰ ਜ਼ੁਲਮ ਵਿਰੁੱਧ ਸੰਘਰਸ਼ ਕੀਤਾ। ਚੁਣੌਤੀਆਂ ਅਤੇ ਸੰਘਰਸ਼ ਦੇ ਦੌਰ ਵਿਚ ਸਿੱਖਾਂ ਨੇ ਕਦੇ ਵੀ ਹਿੰਮਤ ਨਹੀਂ ਹਾਰੀ। 18ਵੀਂ ਸਦੀ ਦੇ ਮੁਸ਼ਕਲ ਦੌਰ ਵਿੱਚ ਵੀ ਸਿੱਖ ਪੰਥ ਬੰਦੀ ਛੋੜ ਦਿਵਸ ਮੌਕੇ ਸ੍ਰੀ ਅੰਮ੍ਰਿਤਸਰ ਵਿਚ ਇਕੱਠੇ ਹੋ ਕੇ ਕੌਮੀ ਲੇਖਾ-ਜੋਖਾ ਕਰਿਆ ਕਰਦਾ ਸੀ। ਇਸ ਮੌਕੇ ਬੀਤੇ ਸਮੇਂ ਦੇ ਕਾਰਜਾਂ ਨੂੰ ਵਿਚਾਰ ਕੇ ਭਵਿੱਖਮੁਖੀ ਤਰਜੀਹਾਂ ਨਿਰਧਾਰਤ ਕੀਤੀਆਂ ਜਾਂਦੀਆਂ ਸਨ।

ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਅੱਜ ਵੀ ਕੌਮ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਰਪੇਸ਼ ਹਨ, ਅੱਜ ਵੀ ਸਮਾਜ ਅੰਦਰ ਕੁਰੀਤੀਆਂ ਦੀ ਭਰਮਾਰ ਦੇ ਨਾਲ-ਨਾਲ ਪੰਥ ਵਿਰੋਧੀ ਸ਼ਕਤੀਆਂ ਸਰਗਰਮ ਹਨ, ਜਿਨ੍ਹਾਂ ਸਬੰਧੀ ਵਿਚਾਰ ਕਰਨ ਲਈ ਪੰਥਕ ਇੱਕਜੁਟਤਾ ਲਾਜਮੀ ਹੈ।

ਇੱਕ ਪਾਸੇ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਨੇ ਮੁਗਲ ਹਕੂਮਤ ਵੱਲੋਂ ਕੈਦ ਕੀਤੇ ਦੇਸ਼ ਦੇ ਵੱਖ-ਵੱਖ ਰਾਜਿਆਂ ਦੀ ਬੰਦ ਖਲਾਸੀ ਕੀਤੀ ਸੀ ਜਦਕਿ ਅੱਜ ਇਸ ਦੇਸ਼ ਅੰਦਰ ਉਨ੍ਹਾਂ ਦੇ ਅਨੁਆਈ ਸਿੱਖਾਂ ਨੂੰ 30-30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਰੱਖਿਆ ਹੋਇਆ ਹੈ। ਬੰਦੀ ਸਿੰਘਾਂ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਕੀਤਾ ਜਾ ਰਿਹਾ ਵਿਤਕਰਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਰਿਹਾ ਹੈ। ਉਮਰ ਕੈਦ ਤੋਂ ਦੁੱਗਣਾ ਸਮਾਂ ਜੇਲ੍ਹਾਂ ਵਿੱਚ ਬਤੀਤ ਕਰਨ ਦੇ ਬਾਵਜੂਦ ਸਰਕਾਰਾਂ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕਰ ਰਹੀਆਂ। ਇਸ ਦੇ ਨਾਲ ਹੀ ਸਿੱਖਾਂ ਵੱਲੋਂ ਕੁਰਬਾਨੀਆਂ ਨਾਲ ਸਥਾਪਤ ਕੀਤੀਆਂ ਸਿੱਖ ਸੰਸਥਾਵਾਂ ਨੂੰ ਤੋੜਣ ਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਕੋਝੇ ਯਤਨਾਂ ਤਹਿਤ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਅੱਜ ਲੋੜ ਹੈ ਕਿ ਪੰਥ ਵਿਰੋਧੀ ਚਾਲਾਂ ਤੋਂ ਸੁਚੇਤ ਹੁੰਦੇ ਹੋਏ ਆਪਣੀਆਂ ਪੁਰਾਣੀਆਂ ਪ੍ਰੰਪਰਾਵਾਂ ਅਨੁਸਾਰ ਸਿੱਖ ਕੌਮ ਚੁਣੌਤੀਆਂ ਦੇ ਟਾਕਰੇ ਲਈ ਸਿਰਜੋੜ ਬੈਠੇ। ਬੰਦੀ ਛੋੜ ਦਿਵਸ ਦੀ ਸੰਗਤ ਨੂੰ ਵਧਾਈ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਸਿੱਖ ਕੌਮ ਇਸ ਇਤਿਹਾਸਕ ਦਿਹਾੜੇ 'ਤੇ ਆਪਣੇ ਇਤਿਹਾਸ ਤੋਂ ਵੀ ਸੇਧ ਲਵੇ। ਬੰਦੀ ਛੋੜ ਦਿਹਾੜੇ ਦਾ ਸੁਨੇਹਾ ਸਿਰਜੋੜ ਕੇ ਬੈਠਣ ਅਤੇ ਪੰਥਕ ਚੁਣੌਤੀਆਂ ਚੋਂ ਉਭਰਨ ਲਈ ਇਕਜੁੱਟ ਹੋਣ ਦਾ ਸੱਦਾ ਹੈ। ਇਸ ਮੌਕੇ 'ਤੇ ਆਪਣੇ ਘਰਾਂ ਨੂੰ ਰੁਸ਼ਨਾਉਣ ਦੇ ਨਾਲ-ਨਾਲ ਸ਼ਬਦ ਗੁਰੂ ਦੇ ਪ੍ਰਕਾਸ਼ ਰਾਹੀਂ ਆਪਣੇ ਹਿਰਦੇ ਨੂੰ ਵੀ ਰੁਸ਼ਨਾਉਣਾ ਹੈ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਹਮੇਸ਼ਾਂ ਹੀ ਤਤਪਰ ਰਹਿਣਾ ਹੈ।

# ਬੰਦੀ ਛੋੜ ਦਿਵਸ ਤੇ ਦੀਵਾਲੀ ਦਾ ਆਪਸੀ ਸਬੰਧ !

ਡਾ. ਗੁਰਦੇਵ ਸਿੰਘ



ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ॥

ਗੁਰਮੁਖਿ ਮਨ ਅਪਤੀਜੁ ਪਤੀਣਾ॥

(ਵਾਰਾਂ ਭਾਈ ਗੁਰਦਾਸ : ਵਾਰ 26 ਪਉੜੀ 20)

ਬੰਦੀਛੋੜ ਦਿਵਸ, ਮੀਰੀ-ਪੀਰੀ ਦੇ ਮਾਲਕ, ਮਾਨਵਤਾ ਦੇ ਪਿਆਰੇ, ਮਜ਼ਲੂਮਾਂ ਦੇ ਰੱਖਿਅਕ, ਛੇਵੇਂ ਨਾਨਕ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਸਬੰਧਤ ਹੈ ਜਿਸ ਨੂੰ ਹਰ ਸਾਲ ਸਿੱਖ ਸੰਗਤਾਂ ਸ਼ਰਧਾ ਭਾਵਨਾ ਨਾਲ ਮਨਾਉਂਦੀਆਂ ਹਨ। ਇਸ ਦਿਨ ਸਿੱਖ ਜਗਤ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਕਰਦਿਆਂ ਮਾਣ ਮਹਿਸੂਸ ਕਰਦਾ ਹੈ, ਕਿਉਂਕਿ ਸਿੱਖ ਧਰਮ ਅੰਦਰ ਇਸ ਦਿਨ ਦਾ ਆਪਣਾ ਖਾਸ ਮਹੱਤਵ ਹੈ।

ਸਿੱਖ ਹਵਾਲਿਆਂ ਅਨੁਸਾਰ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਆਰ ਦੇ ਕਿਲੇ ਵਿੱਚ ਕੈਦ ਕੀਤਾ ਹੋਇਆ ਸੀ ਪਰ ਸਿੱਖ ਸੰਗਤਾਂ ਦੇ ਰੋਹ ਨੂੰ ਦੇਖਦਿਆਂ ਹੋਇਆਂ ਉਸ ਨੇ ਗੁਰੂ ਸਾਹਿਬ ਨੂੰ ਆਜ਼ਾਦ ਕਰਨ ਦਾ ਫੈਸਲਾ ਕੀਤਾ ਪਰ ਗੁਰੂ ਸਾਹਿਬ ਨੇ ਕਿਹਾ ਕਿ ਪਹਿਲਾਂ ਸਾਰੇ ਕੈਦੀਆਂ ਨੂੰ ਆਜ਼ਾਦ ਕਰੋ ਤਾਂ ਹੀ ਅਸੀਂ ਜਾਵਾਂਗੇ। ਜਹਾਂਗੀਰ ਨੇ ਕਿਹਾ ਕਿ ਜਿੰਨੇ ਤੁਹਾਡਾ ਪਲਾ ਫੜ ਕੇ ਜਾ ਸਕਦੇ ਉਹ ਚਲੇ ਜਾਣ। ਗੁਰੂ ਸਾਹਿਬ ਨੇ ਵਿਸ਼ੇਸ਼ ਰੂਪ ਵਿੱਚ 52 ਕਲੀਆਂ ਵਾਲਾ ਚੋਲਾ ਪਾ ਕੇ ਜਹਾਂਗੀਰ ਦੀ ਚਲਾਕ ਬਿਰਤੀ ਦੀ ਰੱਖੀ ਸ਼ਰਤ ਨੂੰ ਪੂਰਾ ਕੀਤਾ ਤੇ ਗਵਾਲੀਅਰ ਦੇ ਕਿਲੇ ਵਿੱਚੋਂ ਸਾਰੇ ਕੈਦੀ 52 ਹਿੰਦੂ ਰਾਜਿਆਂ ਨੂੰ ਵੀ ਅਜ਼ਾਦ ਕਰਵਾਇਆ। ਇਸੇ ਕਰਕੇ ਹੀ ਆਪ ਜੀ ਨੂੰ ਬੰਦੀ ਛੋੜ ਦਾਤਾ ਵੀ ਆਖਿਆ ਜਾਂਦਾ ਹੈ। ਸਿੱਖ ਮਾਨਤਾ ਅਨੁਸਾਰ ਗਵਾਲੀਅਰ ਦੇ ਕਿਲੇ ਵਿਚੋਂ ਵਾਪਸ ਅੰਮ੍ਰਿਤਸਰ ਪਰਤਣ ਦੀ ਖੁਸ਼ੀ ਵਿੱਚ ਸਿੱਖਾਂ ਨੇ ਗੁਰੂ ਸਾਹਿਬ ਦਾ ਨਿੱਘਾ ਸਵਾਗਤ ਕੀਤਾ। ਉਦੋਂ ਤੋਂ ਹਰ ਵਰੇ ਇਸ ਦਿਨ ਨੂੰ ਬੰਦੀ ਛੋੜ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਵਰੇ ਵੀ ਸਿੱਖ ਸੰਗਤਾਂ ਇਸ ਦਿਨ ਨੂੰ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾ ਰਹੀਆਂ ਹਨ। ਇਸ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਿੱਖ ਸੰਗਤਾਂ ਦਾ ਇਕੱਠ ਦੇਖਦਿਆਂ ਹੀ ਬਣਦਾ ਹੈ। ਵਿਸ਼ੇਸ਼ ਰੂਪ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਲਾਈਟਿੰਗ ਤੇ ਆਤਿਸ਼ਬਾਜੀ ਕੀਤੀ ਜਾਂਦੀ ਹੈ। ਇਹ ਦਿਹਾੜਾ ਸਿੱਖ ਜਗਤ ਵਿੱਚ ਵਿਸ਼ੇਸ਼ ਤੇ ਮੌਲਿਕ ਸਥਾਨ ਰੱਖਦਾ ਹੈ।

ਭਾਰਤ ਵਿੱਚ ਕੁਝ ਤਿਉਹਾਰ ਅਜਿਹੇ ਹਨ ਜਿਨ੍ਹਾਂ ਨੂੰ ਦੇਸ਼ ਵਿੱਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਹਰ ਇੱਕ ਤਿਉਹਾਰ ਨੂੰ ਮਨਾਉਣ ਦੀ ਇੱਕ ਆਪਣੀ ਪਰੰਪਰਾ ਹੈ ਜੋ ਸਦੀਆਂ ਤੋਂ ਚਲਦੀ ਆ ਰਹੀ ਹੈ। ਉਨ੍ਹਾਂ ਵਿਚੋਂ ਹੀ ਇੱਕ ਤਿਉਹਾਰ ਦੀਵਾਲੀ ਹੈ ਜਿਸ ਦਾ ਹਰ ਸਾਲ ਪੂਰਾ ਦੇਸ਼ ਬਹੁਤ ਹੀ ਬੇਸਬਰੀ ਨਾਲ ਇੰਤਜਾਰ ਕਰਦਾ ਹੈ ਤੇ ਉਤਸ਼ਾਹ ਨਾਲ ਮਨਾਉਂਦਾ ਹੈ। ਇਹ ਤਿਉਹਾਰ ਸਿੱਧੇ ਰੂਪ ਵਿੱਚ ਹਿੰਦੂ ਭਾਈਚਾਰੇ ਨਾਲ ਸਬੰਧਤ ਹੈ ਜੋ ਕਿ ਸ੍ਰੀ ਰਾਮ ਚੰਦਰ ਜੀ ਦੇ 14 ਸਾਲਾ ਬਨਵਾਸ ਕੱਟਣ ਤੋਂ ਬਾਅਦ ਆਯੋਧਿਆ ਵਾਪਸੀ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ। ਸਦੀਆਂ ਤੋਂ ਇਸ ਵਿਸ਼ੇਸ਼ ਦਿਨ ਦੀ ਰਾਤ ਨੂੰ ਮਿੱਟੀ ਦੇ ਦੀਵੇ ਜਗਾਉਣ ਅਤੇ ਆਤਿਸ਼ਬਾਜੀ ਕਰਨ ਦੀ ਰੀਤ ਚੱਲੀ ਆ ਰਹੀ ਹੈ। ਦੀਵੇ ਇੰਨੇ ਵੱਡੇ ਪੱਧਰ 'ਤੇ ਬਾਲੇ ਜਾਂਦੇ ਨੇ ਕਿ ਇਸ ਦਿਨ ਦਾ ਨਾਮ ਹੀ ਦੀਵਾਲੀ ਪੈ ਗਿਆ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਦੀਵਾਲੀ ਦਾ ਜ਼ਿਕਰ ਕੁਝ ਇਸ ਤਰ੍ਹਾਂ ਕਰਦੇ ਨੇ :

ਦੀਵਾਲੀ ਕੀ ਰਾਤਿ ਦੀਵੇ ਬਾਲੀਅਨ।

ਤਾਰੇ ਜਾਤਿ ਸਨਾਤਿ ਅੰਬਰ ਭਾਲੀਅਨ।

(ਭਾਈ ਗੁਰਦਾਸ ਜੀ, ਵਾਰ 19 ਪਉੜੀ 6)

ਜਿਸ ਦੇ ਅਰਥ ਨੇ ਕਿ ਜਿਵੇਂ ਅੰਬਰ ਵਿੱਚ ਤਾਰੇ ਚਮਕਦੇ ਨੇ ਉਸੇ ਤਰ੍ਹਾਂ ਦੀਵਾਲੀ ਦੀ ਰਾਤ ਦੀਵੇ ਚਮਕਦੇ ਨੇ ਪਰ ਜਿਵੇਂ ਹੀ ਸੂਰਜ ਚੜਦਾ ਹੈ ਅੰਬਰ ਦੇ ਤਾਰੇ ਤੇ ਦਿਵਾਲੀ ਦੇ ਦੀਵਿਆਂ ਦੀ ਸਾਰੀ ਚਮਕ ਖਤਮ ਹੋ ਜਾਂਦੀ ਹੈ। ਗੁਰੂ ਦੀ ਬਾਣੀ ਤਾਂ ਅਜਿਹੇ ਸ਼ਬਦ ਰੂਪੀ ਦੀਵੇ ਬਾਲਣ ਦਾ ਉਪਦੇਸ਼ ਕਰਦੀ ਏ ਜਿਸ ਦਾ ਗਿਆਨ ਰੂਪੀ ਚਾਨਣ ਸਦਾ ਸਥਿਰ ਰਹਿਣ ਵਾਲਾ ਹੁੰਦਾ ਹੈ :

ਸਤਿਗੁਰ ਸਬਦਿ ਉਜਾਰੋ ਦੀਪਾ ॥ ॥੧॥

ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, 821)

ਵੈਸੇ ਵੀ ਗੁਰਮਤਿ ਦਾ ਸਿਧਾਂਤ ਤਾਂ ਹੈ ਹੀ ਨਿਰਾਲਾ। ਅੱਜ ਲੋੜ ਹੈ ਉਸ ਨੂੰ ਅਪਨਾਉਣ ਦੀ ਨਾ ਕਿ ਭੇਡ ਚਾਲ ਪਿੱਛੇ ਲੱਗਣ ਦੀ। ਅਜੋਕੇ ਸਮੇਂ ਜਦੋਂ ਪ੍ਰਦੂਸ਼ਣ ਹੱਦ ਤੋਂ ਜ਼ਿਆਦਾ ਹੋ ਚੁੱਕਾ ਹੈ ਅਜਿਹੇ ਵਿੱਚ ਸਾਨੂੰ ਇਸ ਤਿਉਹਾਰ ਵਾਲੇ ਦਿਨ ਕੀਤੀ ਜਾਂਦੀ ਆਤਿਸ਼ਬਾਜੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਪਾਸੇ ਸਾਡੇ ਧਾਰਮਿਕ ਅਦਾਰਿਆਂ ਤੇ ਸੰਸਥਾਵਾਂ ਨੂੰ ਵੀ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਕਾਦਰ ਦੀ ਸੋਹਣੀ ਕੁਦਰਤ ਦਾ ਧਿਆਨ ਰੱਖਿਆ ਜਾਵੇ। ਇਹ ਸਾਡਾ ਸਾਰਿਆਂ ਦਾ ਹੀ ਫਰਜ਼ ਬਣਦਾ ਹੈ। ਅਸੀਂ ਸਾਰਿਆਂ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਮੁਬਾਰਕਾਂ ਦਿੰਦੇ ਹੋਏ ਸਭ ਦੀ ਸਿਹਤਯਾਬੀ ਦੀ ਕਾਮਨਾ ਕਰਦੇ ਹਾਂ।

# ਬੰਦੀ ਛੋੜ ਦਿਵਸ ਦੀ ਇਤਿਹਾਸਕ ਮਹਾਨਤਾ

ਬਿੰਦਰ ਸਿੰਘ ਖੁੱਡੀ ਕਲਾਂ

ਸਿੱਖ ਭਾਈਚਾਰੇ ਵਿੱਚ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਉਣ ਦਾ ਸਬੰਧ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਈ ਨਾਲ ਜੁੜਿਆ ਹੋਇਆ ਹੈ। ਗੁਰੂ ਅਰਜਨ ਦੇਵ ਦੀ ਸ਼ਹਾਦਤ ਮਗਰੋਂ ਸਿੱਖਾਂ ਨੂੰ ਮੁਗਲਾਂ ਦੇ ਜਬਰ-ਜ਼ੁਲਮ ਨਾਲ ਨਜਿੱਠਣ ਦੀ ਨੀਤੀ ਵਿੱਚ ਤਬਦੀਲੀ ਦੀ ਗੱਲ ਭਲੀ ਪ੍ਰਕਾਰ ਸਪੱਸ਼ਟ ਹੋ ਚੁੱਕੀ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੁਨਿਆਵੀ ਅਤੇ ਅਧਿਆਤਮਕ ਦੋਵਾਂ ਪੱਖਾਂ ਨੂੰ ਬਰਾਬਰ ਦੀ ਮਹਾਨਤਾ ਦੇਣ ਦਾ ਸਿਧਾਂਤ ਦਿੰਦਿਆਂ ਖੁਦ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਉਨ੍ਹਾਂ ਸਿੱਖ ਕੌਮ ਨੂੰ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਰਹਿਣ ਅਤੇ ਘੋੜ ਸਵਾਰੀ ਸਮੇਤ ਯੁੱਧ ਕਲਾ 'ਚ ਨਿਪੁੰਨ ਹੋਣ ਦਾ ਸੰਦੇਸ਼ ਦਿੱਤਾ। ਗੁਰੂ ਸਾਹਿਬ ਨੇ ਨਗਰ ਦੀ ਰਖਵਾਲੀ ਲਈ ਕਿਲ੍ਹੇ ਦੀ ਉਸਾਰੀ ਦੇ ਨਾਲ ਨਾਲ ਸਿੱਖ ਕੌਮ ਦੇ ਦੁਨਿਆਵੀ ਨਿਰਣਿਆਂ ਲਈ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ।

ਗੁਰੂ ਸਾਹਿਬ ਦੀ ਸ਼ਾਹੀ, ਸੁਤੰਤਰ ਅਤੇ ਬੇਬਾਕ ਜੀਵਨ ਸ਼ੈਲੀ ਹਕੂਮਤ ਨੂੰ ਰੜਕਣ ਲੱਗੀ ਅਤੇ ਸਿੱਖ ਕੌਮ ਦੀ ਯੁੱਧ ਕਲਾ ਵਿੱਚ ਨਿਪੁੰਨਤਾ ਤੋਂ ਭੈਅ ਆਉਣ ਲੱਗਿਆ। ਗੁਰੂ ਘਰ ਦੇ ਵਿਰੋਧੀਆਂ ਨੇ ਮੁਗਲ ਸ਼ਾਸਕ ਨੂੰ ਗੁਰੂ ਸਾਹਿਬ ਬਾਰੇ ਭੜਕਾਉਣਾ ਸ਼ੁਰੂ ਕਰ ਦਿੱਤਾ। ਗੁਰੂ ਜੀ ਵੱਲੋਂ ਆਤਮ ਰੱਖਿਆ ਲਈ ਤਿਆਰ ਕੀਤੀ ਜਾਣ ਵਾਲੀ ਫ਼ੌਜ ਨੂੰ ਵਿਰੋਧੀਆਂ ਨੇ ਬਹੁਤ ਕੁੱਝ ਵਧਾ ਚੜ੍ਹਾ ਕੇ ਪੇਸ਼ ਕੀਤਾ। ਜਹਾਂਗੀਰ ਨੂੰ ਵੀ ਜਾਪਦਾ ਸੀ ਕਿ ਸ਼ਾਇਦ ਗੁਰੂ ਸਾਹਿਬ ਇਹ ਸਾਰੀ ਤਿਆਰੀ ਮੁਗਲ ਹਕੂਮਤ ਤੋਂ ਪਿਤਾ ਜੀ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਕਰ ਰਹੇ ਹਨ। ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀਆਂ ਕੋਝੀਆਂ ਸਕੀਮਾਂ ਲਗਾਉਣੀਆਂ ਸ਼ੁਰੂ ਕਰਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦੀ ਬਣਾ ਲਿਆ। ਜਹਾਂਗੀਰ ਨੇ ਬਹਾਨਾ ਬਣਾਇਆ ਕਿ ਗੁਰੂ ਅਰਜਨ ਦੇਵ ਨੂੰ ਕੀਤੇ ਜੁਰਮਾਨੇ ਦੀ ਭਰਪਾਈ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਨਹੀਂ ਕੀਤੀ ਗਈ। ਇਤਿਹਾਸਕਾਰਾਂ ਅਨੁਸਾਰ ਜਹਾਂਗੀਰ ਨੇ ਵੱਖ-ਵੱਖ ਰਿਆਸਤਾਂ ਦੇ 52 ਰਾਜਿਆਂ ਦੀਆਂ ਰਿਆਸਤਾਂ ਹਥਿਆਉਣ ਮਗਰੋਂ ਉਨ੍ਹਾਂ ਨੂੰ ਵੀ ਬੰਦੀ ਬਣਾ ਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਰੱਖਿਆ ਹੋਇਆ ਸੀ। ਇੱਥੇ ਗੁਰੂ ਸਾਹਿਬ ਵੱਲੋਂ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਭਰੇ ਸਰਕਾਰੀ ਖਜ਼ਾਨੇ 'ਚੋਂ ਆ ਰਿਹਾ ਭੋਜਨ ਖਾਣ ਤੋਂ ਇਨਕਾਰ ਕੀਤੇ ਜਾਣ ਦਾ ਹਵਾਲਾ ਮਿਲਦਾ ਹੈ। ਬੰਦੀ ਰਾਜੇ ਕਿਲ੍ਹੇ 'ਚੋਂ ਆਪਣੀ ਆਜ਼ਾਦੀ ਦਾ ਵਿਚਾਰ ਤਿਆਗ ਕੇ ਘੋਰ ਨਿਰਾਸ਼ਾ ਦੇ ਆਲਮ ਵਿੱਚ ਚਲੇ ਗਏ ਸਨ। ਗੁਰੂ ਸਾਹਿਬ ਨੇ ਕਿਲ੍ਹੇ ਵਿੱਚ ਬੰਦੀ ਦੇ ਦਿਨਾਂ ਨੂੰ ਪਰਮਾਤਮਾ ਦੀ ਮਿਹਰ ਵਜੋਂ ਕਹਿ ਕੇ ਸਵਿਕਾਰਿਆ ਅਤੇ ਬੰਦੀ ਰਾਜਿਆਂ ਨੂੰ ਸਮਝਾਇਆ ਕਿ ਇਹੋ ਜਿਹੇ ਜਾਲਮ ਸਿਰਫ਼ ਸਰੀਰਾਂ ਨੂੰ ਬੰਦੀ ਬਣਾ ਸਕਦੇ ਹਨ, ਆਤਮਾ ਨੂੰ ਨਹੀਂ। ਗੁਰੂ ਸਾਹਿਬ ਨੇ ਫੁਰਮਾਇਆ, "ਇਸ ਜਾਲਮ ਦੀ ਬੰਦੀ ਨਾਲ ਮੈਨੂੰ ਪਰਮਾਤਮਾ ਦੇ ਸਿਮਰਨ ਵਿੱਚ ਜ਼ਿਆਦਾ ਸਮਾਂ ਬਿਤਾਉਣ ਦਾ ਮੌਕਾ ਮਿਲਿਆ ਹੈ।" ਗੁਰੂ ਸਾਹਿਬ ਦੇ ਵਿਚਾਰਾਂ ਦਾ ਰਾਜਿਆਂ ਦੇ ਮਨਾਂ 'ਤੇ ਭਾਰੀ ਅਸਰ ਹੋਇਆ।

ਗੁਰੂ ਸਾਹਿਬ ਨੇ ਜੇਲ੍ਹ ਬੰਦੀ ਬਦਲੇ ਵੀ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਹਰ ਪਲ ਉਸ ਦੇ ਹੁਕਮ ਅਨੁਸਾਰ ਬਿਤਾਉਣ ਦੇ ਸਿੱਖੀ ਸਿਧਾਂਤ ਦੇ ਨਾਲ-ਨਾਲ ਪਰਉਪਕਾਰ ਦਾ ਵਿਸ਼ਵ ਅਲੋਕਾਰੀ ਕਾਰਜ ਕੀਤਾ।



ਗੁਰੂ ਸਾਹਿਬ ਦੀ ਤਰਕਹੀਣ ਕਿਲ੍ਹਾਬੰਦੀ ਦਾ ਸਿੱਖਾਂ ਸਮੇਤ ਸਭਨਾਂ ਧਰਮਾਂ ਨੇ ਵਿਰੋਧ ਕੀਤਾ, ਜਿਸ ਕਾਰਨ ਮੁਗਲ ਹਕੂਮਤ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਫ਼ੈਸਲਾ ਲਿਆ। ਗੁਰੂ ਸਾਹਿਬ ਨੇ ਮੁਗਲ ਹਕੂਮਤ ਅੱਗੇ ਖੁਦ ਦੀ ਰਿਹਾਈ ਦੇ ਨਾਲ-ਨਾਲ 52 ਰਾਜਿਆਂ ਦੀ ਰਿਹਾਈ ਦੀ ਵੀ ਸ਼ਰਤ ਰੱਖੀ। ਗੁਰੂ ਸਾਹਿਬ ਵੱਲੋਂ ਪਹਿਨੇ ਬਵੰਜਾ ਕਲੀਆਂ ਵਾਲੇ ਪਵਿੱਤਰ ਚੋਲੇ ਨਾਲ ਉਨ੍ਹਾਂ 52 ਰਾਜਿਆਂ ਦੀ ਵੀ ਰਿਹਾਈ ਹੋਈ।

ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਹੋਣ ਮਗਰੋਂ ਗੁਰੂ ਸਾਹਿਬ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਤਾਂ ਸੰਗਤ ਨੇ ਉਨ੍ਹਾਂ ਦੀ ਆਮਦ ਦੀ ਖ਼ੁਸ਼ੀ ਵਿੱਚ ਜਿੱਥੇ ਹਰਿਮੰਦਰ ਸਾਹਿਬ, ਉੱਥੇ ਹੀ ਸਮੂਹ ਸੰਗਤ ਨੇ ਆਪੋ ਆਪਣੇ ਘਰਾਂ ਦੇ ਬਨੇਰਿਆਂ 'ਤੇ ਵੀ ਦੀਪਮਾਲਾ ਕੀਤੀ। ਉਸ ਦਿਨ ਤੋਂ ਲੈ ਕੇ ਸਿੱਖ ਕੌਮ ਦਾ ਦੀਵਾਲੀ ਨਾਲ ਸਬੰਧ ਹੋਰ ਵੀ ਗਹਿਰਾ ਹੋ ਗਿਆ ਅਤੇ ਸਿੱਖਾਂ ਨੇ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਵੱਲੋਂ ਗੁਰੂ ਸਾਹਿਬ ਦੀ ਆਮਦ ਦੀ ਖ਼ੁਸ਼ੀ ਵਿੱਚ ਹਰਿਮੰਦਰ ਸਾਹਿਬ ਵਿਖੇ ਮਨਾਈ ਦੀਵਾਲੀ ਵਿਸ਼ਵ ਪ੍ਰਸਿੱਧ ਹੈ। ਇਸੇ ਲਈ ਕਿਹਾ ਜਾਂਦਾ ਹੈ, 'ਦਾਲ ਰੋਟੀ ਘਰ ਦੀ ਦੀਵਾਲੀ ਅੰਮ੍ਰਿਤਸਰ ਦੀ।'

ਸਿੱਖਾਂ ਵੱਲੋਂ ਜਬਰ ਅਤੇ ਜ਼ੁਲਮ ਨਾਲ ਟਕਰਾਉਣ 'ਚ ਵਿਖਾਏ ਗਏ ਜੋਸ਼ ਤੋਂ ਮੁਗਲ ਹਕੂਮਤ ਬਹੁਤ ਹੈਰਾਨ ਸੀ। ਮੁਗਲਾਂ ਵੱਲੋਂ ਵਿਖਾਇਆ ਜਾਂਦਾ ਭੈਅ ਸਿੱਖਾਂ ਨੂੰ ਡਰਾਉਣ ਜਾਂ ਧਮਕਾਉਣ ਵਿੱਚ ਇੱਕ ਤਰ੍ਹਾਂ ਨਾਲ ਅਸਫਲ ਹੁੰਦਾ ਵੇਖ ਮੁਗਲਾਂ ਨੇ ਸਿੱਖਾਂ ਦੀ ਸ਼ਕਤੀ ਦੇ ਸੋਮੇ ਸ੍ਰੀ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਦੀ ਦਰਬਾਰ ਸਾਹਿਬ ਵਿੱਚ ਆਮਦ 'ਤੇ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਜਾਣ ਲੱਗੀਆਂ। ਦਸਮ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਮਗਰੋਂ ਮੁਗਲਾਂ ਵੱਲੋਂ ਸਿੱਖਾਂ 'ਤੇ ਕੀਤੇ ਜਾਣ ਵਾਲੇ ਅੱਤਿਆਚਾਰਾਂ ਵਿੱਚ ਭਾਰੀ ਵਾਧਾ ਹੋਇਆ ਪਰ ਸਿੱਖ ਜੰਗਲਾਂ ਅਤੇ ਵੀਰਾਨ ਥਾਵਾਂ 'ਤੇ ਸਮਾਂ ਗੁਜ਼ਾਰਦੇ ਹੋਏ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਦੀਦਾਰਿਆਂ ਲਈ ਜ਼ਰੂਰ ਪਹੁੰਚਦੇ। ਮੁਗਲਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਬੰਦੀ ਛੋੜ ਦਿਵਸ ਮਨਾਉਣ ਲਈ ਵੀ ਸਿੱਖ ਸੰਗਤ ਦੀ ਆਮਦ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਉਸ ਸਮੇਂ ਦਰਬਾਰ ਸਾਹਿਬ ਵਿੱਚ ਮੁੱਖ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਭਾਈ ਮਨੀ ਸਿੰਘ ਨੇ ਮੁਗਲ ਹਕੂਮਤ ਤੋਂ 'ਬੰਦੀ ਛੋੜ ਦਿਵਸ' ਮਨਾਉਣ ਦੀ ਇਜਾਜ਼ਤ ਮੰਗੀ। ਮੁਗਲ ਹਕੂਮਤ ਨੇ ਦੁਸ਼ਟ ਭਾਵਨਾ ਤਹਿਤ ਟੈਕਸ ਦੀ ਅਦਾਇਗੀ ਬਦਲੇ ਇਹ ਮਨਜ਼ੂਰੀ ਦੇ ਦਿੱਤੀ। ਭਾਈ ਮਨੀ ਸਿੰਘ ਵੱਲੋਂ ਸਿੱਖ ਸੰਗਤ ਨੂੰ ਦਰਬਾਰ ਸਾਹਿਬ ਪਹੁੰਚਣ ਦੀ ਕੀਤੀ ਅਪੀਲ ਦਾ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਬੰਦੀ ਛੋੜ ਦਿਵਸ ਮੌਕੇ ਇਕੱਠੀ ਹੋਈ ਸੰਗਤ 'ਤੇ ਮੁਗਲ ਹਕੂਮਤ ਵੱਲੋਂ ਕੀਤੇ ਜਾਣ ਵਾਲੇ ਅੱਤਿਆਚਾਰ ਦੀ ਭਾਈ ਮਨੀ ਸਿੰਘ ਨੂੰ ਖ਼ਬਰ ਲੱਗੀ ਤਾਂ ਉਨ੍ਹਾਂ ਸਿੱਖਾਂ ਨੂੰ ਬੰਦੀ ਛੋੜ ਦਿਵਸ ਮਨਾਉਣ ਲਈ ਦਰਬਾਰ ਸਾਹਿਬ ਨਾ ਪਹੁੰਚਣ ਦੀ ਅਪੀਲ ਕਰ ਦਿੱਤੀ। ਭਾਈ ਮਨੀ ਸਿੰਘ ਵੱਲੋਂ ਕੀਤੀ ਅਪੀਲ ਕਬੂਲਦਿਆਂ ਬਹੁਤ ਘੱਟ ਗਿਣਤੀ 'ਚ ਸੰਗਤ ਦਰਬਾਰ ਸਾਹਿਬ ਪਹੁੰਚੀ। ਇਸ ਮਗਰੋਂ ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਨਿਸ਼ਾਨਾ ਬਣਾਉਣ ਦੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ। ਭਾਈ ਮਨੀ ਸਿੰਘ ਵੱਲੋਂ ਮੁਗਲ ਹਕੂਮਤ ਨੂੰ ਬੰਦੀ ਛੋੜ ਦਿਵਸ ਮਨਾਉਣ ਲਈ ਅਦਾ ਕੀਤੇ ਜਾਣ ਵਾਲੇ ਟੈਕਸ ਦੀ ਅਦਾਇਗੀ ਤੋਂ ਇਨਕਾਰ ਕਰ ਦਿੱਤੇ ਜਾਣ ਨਾਲ ਮੁਗਲ ਹਕੂਮਤ ਨੂੰ ਭਾਈ ਮਨੀ ਸਿੰਘ ਦੀ ਗ੍ਰਿਫਤਾਰੀ ਦਾ ਬਹਾਨਾ ਮਿਲ ਗਿਆ। ਮੁਗਲ ਹਕੂਮਤ ਵੱਲੋਂ ਭਾਈ ਸਾਹਿਬ ਨੂੰ ਗ੍ਰਿਫਤਾਰ ਕਰਕੇ ਇਸਲਾਮ ਕਬੂਲਣ ਜਾਂ ਮੌਤ ਲਈ ਤਿਆਰ ਰਹਿਣ ਦਾ ਫੁਰਮਾਨ ਸੁਣਾਇਆ ਗਿਆ। ਭਾਈ ਮਨੀ ਸਿੰਘ ਨੇ ਗੁਰੂਆਂ ਅਤੇ ਸ਼ਹੀਦਾਂ ਵੱਲੋਂ ਹੱਸ ਹੱਸ ਕੇ ਸ਼ਹਾਦਤਾਂ ਦੇਣ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ ਮੁਗਲਾਂ ਦੀਆਂ ਗਿੱਦੜ ਧਮਕੀਆਂ ਨੂੰ ਠੋਕਰ ਮਾਰ ਸ਼ਹਾਦਤ ਨੂੰ ਪ੍ਰਵਾਨ ਕੀਤਾ। ਭਾਈ ਸਾਹਿਬ ਨੇ ਗਰਜਵੀਂ ਆਵਾਜ਼ ਵਿੱਚ ਕਿਹਾ, "ਮੈਨੂੰ ਜਾਨ ਨਹੀਂ ਸਿੱਖੀ ਪਿਆਰੀ ਹੈ। ਮੇਰੀ ਜ਼ਿੰਦਗੀ ਤਾਂ ਮੇਰੇ ਗੁਰੂਆਂ ਦੀ ਅਮਾਨਤ ਹੈ। ਮੈਂ ਇਸ ਨੂੰ ਉਨ੍ਹਾਂ ਦੇ ਪਾਏ ਪੂਰਨਿਆਂ ਨੂੰ ਨਿਭਾਉਣ ਲਈ ਲੇਖੇ ਲਾ ਕੇ ਆਪਣੇ ਆਪ ਨੂੰ ਵਡਭਾਗਾ ਸਮਝਦਾ ਹਾਂ।" ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਭਾਈ ਮਨੀ ਸਿੰਘ ਵੱਲੋਂ ਸਿੱਖੀ ਸਿਦਕ ਨਿਭਾਉਣ ਲਈ ਦਿੱਤੀ ਸ਼ਹਾਦਤ ਦਾ ਦਿਨ ਬੇਸ਼ੱਕ ਦੀਵਾਲੀ ਵਾਲਾ ਨਹੀਂ ਸੀ ਪਰ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਦੀਵਾਲੀ ਮਨਾਉਣਾ ਜ਼ਰੂਰ ਬਣਿਆ।

ਇਸ ਤਰ੍ਹਾਂ ਸਿੱਖ ਕੌਮ ਦੇ ਕੁਰਬਾਨੀਆਂ ਭਰਪੂਰ ਮਾਣਮੱਤੇ ਇਤਿਹਾਸ ਦੀ ਭਾਈ ਮਨੀ ਸਿੰਘ ਦੀ ਸ਼ਹਾਦਤ ਵਾਲੀ ਦੂਜੀ ਗੌਰਵਮਈ ਘਟਨਾ ਦਾ ਸਬੰਧ ਵੀ 'ਬੰਦੀ ਛੋੜ ਦਿਵਸ' ਨਾਲ ਜੁੜ ਗਿਆ। ਕੌਮ ਵੱਲੋਂ ਬੰਦੀ ਛੋੜ ਦਿਵਸ ਮਨਾਏ ਜਾਣ ਦਾ ਮਨੋਰਥ ਗੁਰੂ ਸਾਹਿਬ ਅਤੇ ਭਾਈ ਮਨੀ ਸਿੰਘ ਵਾਂਗ ਜਬਰ ਅਤੇ ਜ਼ੁਲਮ ਨਾਲ ਜ਼ਿੰਦਗੀ ਦੀ ਕੀਮਤ 'ਤੇ ਟਕਰਾਉਣ ਦੇ ਵਿਲੱਖਣ ਜਜ਼ਬੇ ਨਾਲ ਹੀ ਪੂਰਾ ਹੋ ਸਕਦਾ ਹੈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

(ਬਾਕੀ ਸਫ਼ਾ 29 'ਤੇ)

## ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਕ੍ਰਾਂਤੀਕਾਰੀ ਰਹਿਬਰ ਭਗਤ ਨਾਮਦੇਵ ਜੀ ਮਹਾਰਾਜ

ਦਲਬੀਰ ਸਿੰਘ ਧਾਲੀਵਾਲ

ਭਗਤ ਨਾਮਦੇਵ ਜੀ ਦਾ ਆਗਮਨ ਕੱਤਕ ਸੁਦੀ 11, ਸਾਕਾ ਸੰਮਤ 1192 ਨੂੰ ਮਹਾਰਾਸ਼ਟਰ ਸੂਬੇ ਦੇ ਅਜੋਕੇ ਜ਼ਿਲ੍ਹੇ ਹਿੰਗੋਲੀ (ਪੁਰਾਣਾ ਜ਼ਿਲ੍ਹਾ ਪ੍ਰਭਣੀ) ਦੇ ਕਸਬਾ ਰੂਪ ਪਿੰਡ ਨਰਸੀ ਬਾਮਣੀ ਵਿਖੇ ਹੋਇਆ ਸੀ, ਜਿੱਥੇ ਅੱਜਕੱਲ੍ਹ ਇਕ ਆਲੀਸ਼ਾਨ ਗੁਰਦੁਆਰਾ ਸਾਹਿਬ ਦਾ ਨਿਰਮਾਣ ਹੋ ਚੁੱਕਿਆ ਹੈ । ਇਹ ਪਿੰਡ ਹਜ਼ੂਰ ਸਾਹਿਬ (ਨੰਦੇੜ) ਤੋਂ 100 ਕਿਲੋਮੀਟਰ ਤੇ ਹਿੰਗੋਲੀ ਤੋਂ 16 ਕਿਲੋਮੀਟਰ ਦੂਰ ਹੈ। ਇੱਥੋਂ ਦੀ ਸਰਕਾਰ ਨੇ ਹੁਣ ਇਸ ਦਾ ਨਾਂ ਨਰਸੀ ਨਾਮਦੇਵ ਰੱਖ ਦਿੱਤਾ ਹੈ । ਇਤਿਹਾਸਕਾਰਾਂ ਅਨੁਸਾਰ ਨਾਮਦੇਵ ਜੀ ਦੇ ਪਿਤਾ ਜੀ ਦਾ ਨਾਂ ਦਾਮਸੇਠ, ਮਾਤਾ ਦਾ ਨਾਂ ਗੋਨਾਬਾਈ ਸੀ। ਉਨ੍ਹਾਂ ਦੀ ਇੱਕੋ ਹੀ ਭੈਣ ਸੀ, ਜਿਸ ਦਾ ਨਾਂ ਔਬਾਈ ਲਿਖਿਆ ਗਿਆ ਹੈ । ਆਪ ਜੀ ਦੇ ਮਾਤਾ-ਪਿਤਾ ਛੀਂਬਾ ਜਾਤੀ ਦੇ ਹੋਣ ਕਾਰਨ ਕੱਪੜੇ ਸਿਊਂਣ ਤੇ ਰੰਗਣ ਦਾ ਕੰਮ ਕਰਦੇ ਸਨ ।ਆਪ ਜੀ ਨੇ ਸੁਰਤ ਸੰਭਾਲਦਿਆਂ ਹੀ ਆਪਣੇ ਆਸ-ਪਾਸ ਪਸਰੇ ਹੋਏ ਉਸ ਮਾਹੌਲ ਨੂੰ ਗਹੁ ਨਾਲ ਵਾਚਣਾ ਸ਼ੁਰੂ ਕਰ ਦਿੱਤਾ, ਜਿੱਥੇ ਦਲਿਤ, ਗ਼ਰੀਬ ਤੇ ਕਮਜ਼ੋਰ ਲੋਕਾਂ ਨੂੰ ਸਹੀ ਧਾਰਮਿਕ ਅਤੇ ਸਮਾਜਿਕ ਗਿਆਨ ਤੋਂ ਦੂਰ ਰੱਖਦਿਆਂ ਉਸ ਸਮੇਂ ਦੇ ਪਖੰਡੀ ਤੇ ਪੁਜਾਰੀ ਸਿਸਟਮ ਦਾ ਸ਼ਿਕਾਰ ਤਾਂ ਬਣਾਇਆ ਹੀ ਜਾ ਰਿਹਾ ਸੀ ਪਰ ਇਸ ਦੇ ਨਾਲ ਹੀ ਹੁਕਮਰਾਨਾਂ ਵੱਲੋਂ ਜੋ ਜ਼ੁਲਮ ਇਨ੍ਹਾਂ ਉੱਪਰ ਢਾਏ ਜਾ ਰਹੇ ਸਨ, ਜਿਸ ਪ੍ਰਤੀ ਭਗਤ ਨਾਮਦੇਵ ਜੀ ਨੇ ਸੱਚੀ ਪ੍ਰਭੂ ਭਗਤੀ ਦੀ ਅਰਾਧਨਾ ਕਰਦਿਆਂ ਆਪਣੇ



ਗਿਆਨ ਦਾ ਸਹੀ ਨਜ਼ਰੀਆ ਇਨ੍ਹਾਂ ਗ਼ਰੀਬ ਲੋਕਾਂ ਵਿਚ ਫੈਲਾ ਕੇ ਉਨ੍ਹਾਂ ਦੇ ਮਨਾਂ 'ਚ ਆਤਮ ਵਿਸ਼ਵਾਸ ਦੀ ਭਾਵਨਾ ਪੈਦਾ ਕੀਤੀ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਅੱਤਿਆਚਾਰੀ ਧਾਰਮਿਕ ਪਖੰਡੀਆਂ ਦੀ ਬੇਖ਼ੌਫ਼ ਤੇ ਨਿਧੜਕ ਹੋ ਕੇ ਨਿਖੇਧੀ ਕੀਤੀ ਜਿਵੇਂ ਉਨ੍ਹਾਂ ਦੀ ਬਾਣੀ ਹੈ :-

ਹਿੰਦੂ ਅੰਨ੍ਹਾ ਤੁਰਕੂ ਕਾਣਾ ॥<br>
ਦੁਹਾਂ ਤੇ ਗਿਆਨੀ ਸਿਆਣਾ ॥

ਸਮਾਜ ਸੁਧਾਰ ਦਾ ਚੁੱਕਿਆ ਬੀੜਾ

ਉਨ੍ਹਾਂ ਸਮਿਆਂ ਵਿੱਚ ਕਿਸੇ ਉੱਚ ਸ਼੍ਰੇਣੀ ਦੇ ਵਿਅਕਤੀ ਵੱਲੋਂ ਬ੍ਰਾਹਮਣਵਾਦ ਦੀ ਕੀਤੀ ਨੁਕਤਾਚੀਨੀ ਤਾਂ ਬਰਦਾਸ਼ਤ ਹੋ ਸਕਦੀ ਸੀ ਪਰ ਇਹ ਗੱਲ ਬਿਲਕੁਲ ਸਹਿਣ ਨਹੀਂ ਸੀ ਹੋ ਸਕਦੀ ਸੀ ਕਿ ਕੋਈ ਦਲਿਤ ਵਿਅਕਤੀ ਬ੍ਰਾਹਮਣਵਾਦ ਵਿਰੁੱਧ ਆਪਣੀ ਜ਼ੁਬਾਨ ਖੋਲ੍ਹਣ ਦੀ ਜੁਰਅਤ ਵੀ ਕਰੇ ਪਰ ਭਗਤ ਨਾਮਦੇਵ ਜੀ ਨੇ ਉਦੋਂ ਸਮਾਜ ਸੁਧਾਰਕ ਤੇ ਕ੍ਰਾਂਤੀਕਾਰੀ ਲਫ਼ਜ਼ ਆਪਣੀ ਬਾਣੀ ਰਾਹੀ ਕਹੇ, ਜਿਸ ਲਈ ਆਪ ਜੀ ਨੂੰ ਇਕ ਬਹੁਤ ਵੱਡੇ ਸਮਾਜ ਸੁਧਾਰਕ ਤੇ ਕ੍ਰਾਂਤੀਕਾਰੀ ਮਹਾਪੁਰਖ ਵੀ ਕਿਹਾ ਜਾ ਸਕਦਾ ਹੈ। ਆਪ ਜੀ ਦੀ ਬਾਣੀ ਦੱਸਦੀ ਹੈ ਕਿ ਅੰਨ੍ਹੀ ਧਾਰਮਿਕ ਕੱਟੜਤਾ ਈਰਖਾ ਨੂੰ ਜਨਮ ਦਿੰਦੀ ਹੈ । ਲੋਕ ਮੰਦਰ, ਮਸਜਿਦ ਤੇ ਹੋਰ ਧਰਮ ਸਥਾਨਾਂ ਦੇ ਨਾਂ 'ਤੇ ਲੜਨ ਮਰਨ ਨੂੰ ਤਿਆਰ ਹੋ ਜਾਂਦੇ ਹਨ ਪਰ ਉਨ੍ਹਾਂ ਵਿਚ ਨੈਤਿਕ ਤੇ ਦੈਵੀ ਗੁਣ ਖਤਮ ਹੋ ਜਾਂਦੇ ਹਨ, ਜਿਸ ਪ੍ਰਤੀ ਭਗਤ ਨਾਮਦੇਵ ਜੀ ਨੇ ਆਪਣੇ ਵਿਚਾਰ ਇੰਝ ਪ੍ਰਗਟ ਕੀਤੇ ਹਨ :

ਹਿੰਦੂ ਪੂਜੈ ਦੇਹੁਰਾ<br>
ਮੁਸਲਮਾਣੁ ਮਸੀਤਿ ॥<br>
ਨਾਮੇ ਸੋਈ ਸੇਵਿਆ<br>
ਜਹ ਦੇਹੁਰਾ ਨ ਮਸੀਤਿ ॥ ॥

ਮੂਰਤੀ ਪੂਜਾ ਦੇ ਸਖ਼ਤ ਖ਼ਿਲਾਫ਼

ਭਗਤ ਨਾਮਦੇਵ ਜੀ ਦੇ ਗੁਰੂ ਵਿਸ਼ੋਭਾ ਖੇਚਰ ਸਨ, ਜੋ ਮੂਰਤੀ ਪੂਜਾ ਦੇ ਸਖ਼ਤ ਵਿਰੋਧੀ ਸਨ। ਉਨ੍ਹਾਂ ਨੇ ਇਹ ਬਾਣੀ ਵੀ ਉਚਾਰੀ ਹੈ ਕਿ 'ਪਾਸ਼ਨਾ-ਚਾ ਦੇਵ ਬੋਲਚੇ ਨਾ ਕਧੀ' ਭਾਵ ਪੱਥਰ ਦੇ ਦੇਵਤੇ ਕਦੇ ਬੋਲਦੇ ਨਹੀਂ । ਗੁਰੂ ਧਾਰਨ ਉਪਰੰਤ ਭਗਤ ਨਾਮਦੇਵ ਜੀ ਨਿਰਾਕਾਰ ਪ੍ਰਭੂ ਦੀ ਹੋਰ ਦ੍ਰਿੜਤਾ ਨਾਲ ਅਰਾਧਨਾ ਵਿਚ ਲੱਗ ਗਏ, ਉਹ ਹਰ ਸ਼ੈਅ ਤੇ ਪ੍ਰਾਣੀ 'ਚ ਵਿਆਪਕ ਪ੍ਰਭੂ ਵੇਖਣ ਲੱਗੇ। ਇਸ ਲਈ ਉਨ੍ਹਾਂ ਨੇ ਸਮੁੱਚੀ ਮਨੁੱਖਤਾ ਨੂੰ ਪਿਆਰ ਕਰਨ ਤੇ ਬਰਾਬਰ ਸਮਝਣ ਦਾ ਸੰਦੇਸ਼ ਵੀ ਦਿੱਤਾ ਹੈ । ਉਨ੍ਹਾਂ ਨੇ ਆਪਣੇ ਗੁਰੂ ਜੀ ਦੀ ਵਿਚਾਰਧਾਰਾ ਤੋਂ ਪ੍ਰਾਪਤ ਕੀਤੇ ਗਿਆਨ ਅਨੁਸਾਰ ਹੀ ਇਹ ਪਾਵਨ ਬਚਨ ਉਚਾਰਨ ਕੀਤੇ ਹਨ :

ਏਕੈ ਪਾਥਰ ਕੀਜੈ ਭਾਉ ॥<br>
ਦੂਜੈ ਪਾਥਰ ਧਰੀਐ ਪਾਉ ॥<br>
ਜੇ ਓਹੁ ਦੇਉ ਤ ਓਹੁ ਭੀ ਦੇਵਾ ॥<br>
ਕਹਿ ਨਾਮਦੇਉ<br>
ਹਮ ਹਰਿ ਕੀ ਸੇਵਾ ॥ ।

ਭਾਵ ਅਜੀਬ ਗੱਲ ਹੈ ਕਿ ਇੱਕ ਪੱਥਰ ਨੂੰ ਦੇਵਤਾ ਬਣਾ ਕੇ ਪੂਜਿਆ ਜਾਂਦਾ ਹੈ ਤੇ ਦੂਜੇ ਪੱਥਰਾਂ ਉੱਤੇ ਪੈਰ ਰੱਖਿਆ ਜਾਂਦਾ ਹੈ । ਜੇ ਪੂਜਣ ਵਾਲਾ ਪੱਥਰ ਕੋਈ ਫਲ ਦੇ ਸਕਦਾ ਹੈ ਤਾਂ ਦੂਜੇ ਨੂੰ ਵੀ ਅਜਿਹਾ ਫਲ ਦੇਣਾ ਚਾਹੀਦਾ ਹੈ । ਨਾਮਦੇਵ ਜੀ ਕਹਿੰਦੇ ਹਨ ਕਿ ਪੱਥਰਾਂ ਨੂੰ ਛੱਡ ਕੇ ਸੱਚੇ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ। ਜੇ ਭਗਤ ਨਾਮਦੇਵ ਜੀ ਦੇ ਇਤਿਹਾਸ ਦੀ ਪੂਰੀ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇ ਤਾਂ ਉਨ੍ਹਾਂ ਨੇ ਆਪਣੀ ਬਾਣੀ 'ਚ ਪ੍ਰਭੂ ਦੀ ਸੱਚੀ ਭਗਤੀ ਕਰਨ ਵਾਲਿਆਂ ਨੂੰ ਤੀਰਥ ਯਾਤਰਾ, ਯੱਗਾਂ ਵਿੱਚ ਬਲੀਆਂ ਦੇਣਾ, ਵਰਤ ਰੱਖਣੇ, ਮੂਰਤੀ ਪੂਜਾ ਆਦਿ ਅੰਧ ਵਿਸ਼ਵਾਸਾਂ, ਧਾਰਮਿਕ ਭੇਖਾਂ ਤੇ ਵਰਣ ਵੰਡ 'ਤੇ ਆਧਾਰਿਤ ਜਾਤ-ਪਾਤ ਜਿਹੇ ਵਿਕਾਰਾਂ ਤੋਂ ਵਰਜਿਆ ਹੈ । ਇਸ ਤਰ੍ਹਾਂ ਆਪ ਜੀ ਦੀ ਬਾਣੀ ਵਿੱਚ ਪ੍ਰਗਟਾਏ ਵਿਚਾਰ ਗੁਰਬਾਣੀ ਨਾਲ ਮਿਲਦੇ ਜੁਲਦੇ ਹਨ ਕਿਉਂਕਿ

(ਬਾਕੀ ਸਫ਼ਾ 31 'ਤੇ)





ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ, ਗੋਬਿੰਦ ਘਾਟ

ਗੋਬਿੰਦ ਘਾਟ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਵਾਲਿਆਂ ਲਈ ਮਹੱਤਵਪੂਰਨ ਪੜਾਅ ਹੈ ਜਿਹੜਾ ਕਿ ਜੋਸ਼ੀਮੱਠ ਤੋਂ ਬਦਰੀਨਾਥ ਜਾਣ ਵਾਲੀ ਸੜਕ 'ਤੇ ਜੋਸ਼ੀਮੱਠ ਤੋਂ ਲਗ-ਪਗ 17-18 ਕਿਲੋਮੀਟਰ ਦੀ ਦੂਰੀ 'ਤੇ ਚਮੋਲੀ ਜ਼ਿਲੇ ਵਿੱਚ ਸਥਿਤ ਹੈ। ਅਲਕਨੰਦਾ ਅਤੇ ਹੇਮ ਨਦੀ ਦੇ ਮਿਲਾਪ ਅਸਥਾਨ 'ਤੇ ਸਥਿਤ ਇਹ ਗੁਰਧਾਮ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ ਅਤੇ ਮਈ ਤੋਂ ਅਕਤੂਬਰ ਮਹੀਨੇ ਵਿਚਕਾਰ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਇੱਥੇ ਭਾਰੀ ਰੌਣਕ ਲੱਗੀ ਰਹਿੰਦੀ ਹੈ। ਇੱਥੋਂ ਸ੍ਰੀ ਹੇਮਕੁੰਟ ਸਾਹਿਬ ਦੀ ਪੈਦਲ ਯਾਤਰਾ ਅਰੰਭ ਹੁੰਦੀ ਹੈ ਇਸ ਲਈ ਯਾਤਰੂ ਆਪਣੇ ਕੱਪੜੇ, ਇਲੈਕਟ੍ਰਾਨਿਕ ਆਦਿ ਬਹੁਤਾ ਸਾਮਾਨ ਇੱਥੇ ਹੀ ਜਮਾਂ ਕਰਵਾ ਜਾਂਦੇ ਹਨ। ਇੱਥੋਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਕੇ ਵਾਪਸ ਆਉਣ ਲਈ ਆਮ ਤੌਰ 'ਤੇ ਦੋ ਦਿਨ ਲੱਗ ਜਾਂਦੇ ਹਨ ਪਰ ਕਈ ਨੌਜਵਾਨ ਅਗਲੇ ਦਿਨ ਹੀ ਵਾਪਸ ਆ ਜਾਂਦੇ ਹਨ। ਇੱਥੋਂ ਅੱਗੇ ਗੋਬਿੰਦ ਧਾਮ ਵਿਖੇ ਪੜਾਅ ਕਰਨ ਵਾਲੇ ਫੁੱਲਾਂ ਦੀ ਘਾਟੀ ਦੇਖਣ ਚਲੇ ਜਾਣ ਤਾਂ ਤੀਜੇ ਦਿਨ ਤੋਂ ਪਹਿਲਾਂ ਵਾਪਸ ਨਹੀਂ ਆ ਸਕਦੇ। ਹਜ਼ਾਰਾਂ ਯਾਤਰੂਆਂ ਲਈ ਲੰਗਰ, ਰਿਹਾਇਸ਼ ਅਤੇ ਉਹਨਾਂ ਦੀ ਸਾਂਭ-ਸੰਭਾਲ ਲਈ ਬਣੇ ਹੋਏ ਇਸ ਟਿਕਾਣੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਯਾਤਰੂਆਂ ਦੇ ਮਨ ਵਿੱਚ ਬਣੀ ਰਹਿੰਦੀ ਹੈ।





ਗੋਬਿੰਦ ਘਾਟ ਕੋਈ ਇਤਿਹਾਸਕ ਅਸਥਾਨ ਨਹੀਂ ਹੈ ਬਲਕਿ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਵਾਲਿਆਂ ਲਈ ਸੁਵਿਧਾ ਪ੍ਰਦਾਨ ਕਰਨ ਹਿਤ ਇਸ ਗੁਰਧਾਮ ਦੀ ਉਸਾਰੀ ਦਾ ਫੁਰਨਾ ਬਾਬਾ ਮੋਦਨ ਸਿੰਘ ਦੇ ਮਨ ਵਿੱਚ ਪ੍ਰਗਟ ਹੋਇਆ ਸੀ। ਸ੍ਰੀ ਹੇਮਕੁੰਟ ਸਾਹਿਬ ਅਤੇ ਗੋਬਿੰਦ ਧਾਮ 'ਤੇ ਬਹੁਤ ਬਰਫ਼ ਪੈ ਜਾਣ ਕਰਕੇ ਉੱਥੇ ਸਾਰਾ ਸਾਲ ਰਹਿਣਾ ਅਸੰਭਵ ਹੁੰਦਾ ਹੈ ਇਸ ਲਈ ਇਹ ਵਿਚਾਰ ਉਹਨਾਂ ਦੇ ਮਨ ਵਿੱਚ ਆਇਆ ਕਿ ਇਕ ਅਜਿਹੇ ਸਥਾਨ ਦੀ ਉਸਾਰੀ ਕੀਤੀ ਜਾਵੇ ਜਿਹੜਾ ਕਿ ਸਾਲ ਭਰ ਸੰਗਤ ਲਈ ਖੁੱਲ੍ਹਾ ਰਹਿ ਸਕੇ ਅਤੇ ਜਿਸ ਨੂੰ ਉਪਰ ਸਸ਼ੋਭਿਤ ਗੁਰਧਾਮਾਂ ਵਿਖੇ ਲੋੜੀਂਦੀਆਂ ਵਸਤਾਂ ਭੇਜਣ ਅਤੇ ਗੁਰਮਤਿ ਪ੍ਰਚਾਰ ਦਾ ਕੇਂਦਰ ਬਣਾਇਆ ਜਾ ਸਕੇ। ਇਸ ਅਸਥਾਨ ਦੀ ਚੋਣ ਕਰਨ ਦਾ ਇਕ ਕਾਰਨ ਇਹ ਵੀ ਸੰਭਵ ਹੋ ਸਕਦਾ ਹੈ ਕਿ ਇੱਥੋਂ ਸੜਕ ਅੱਗੇ ਬਦਰੀਨਾਥ ਲਈ ਜਾਂਦੀ ਹੈ ਜਿਸ ਕਰਕੇ ਯਾਤਰੂਆਂ ਦੀ ਆਵਾਜਾਈ ਲਈ ਸਾਧਨ ਅਸਾਨੀ ਨਾਲ ਮਿਲ ਸਕਦੇ ਹਨ।

ਬਾਬਾ ਮੋਦਨ ਸਿੰਘ ਦੇ ਯਤਨਾਂ ਸਦਕਾ ਸਭ ਤੋਂ ਪਹਿਲਾਂ ਇੱਥੇ 20 ਗੁਣਾ30 ਫੁੱਟ ਦਾ ਇੱਕ ਛੋਟਾ ਜਿਹਾ ਕਮਰਾ ਬਣਵਾਇਆ ਗਿਆ ਜਿਸ ਲਈ ਮਾਇਕ ਸਹਾਇਤਾ ਭਾਈ ਵੀਰ ਸਿੰਘ ਦੇ ਯਤਨਾਂ ਸਦਕਾ ਪੁੱਜਦੀ ਰਹੀ। ਇਸ ਤੋਂ ਇਲਾਵਾ ਇੱਥੇ ਦੋ ਛੋਟੀਆਂ-ਛੋਟੀਆਂ ਕੁਟੀਆਂ ਵੀ ਬਣਵਾਈਆਂ ਗਈਆਂ ਜਿਨ੍ਹਾਂ ਵਿੱਚ ਗ੍ਰੰਥੀ ਸਿੰਘ ਆਦਿ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਜਦੋਂ ਆਵਾਜਾਈ ਦੇ ਸਾਧਨ ਸੀਮਿਤ ਸਨ ਅਤੇ ਯਾਤਰੂਆਂ ਨੂੰ ਪੈਦਲ ਹੀ ਬਦਰੀ ਨਾਰਾਇਣ, ਸ੍ਰੀ ਹੇਮਕੁੰਟ ਸਾਹਿਬ ਲਈ ਜਾਣਾ ਪੈਂਦਾ ਸੀ ਤਾਂ ਰਾਹ ਵਿੱਚ ਇਸ ਅਸਥਾਨ 'ਤੇ ਲੰਗਰ, ਨਿਵਾਸ ਆਦਿ ਲਈ ਸਹਾਇਤਾ ਮਿਲ ਜਾਂਦੀ ਸੀ। ਜਿਹੜੇ ਯਾਤਰੂ ਵਿਸ਼ੇਸ਼ ਤੌਰ 'ਤੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਆਉਂਦੇ ਸਨ, ਉਹ ਇੱਥੇ ਨਿਵਾਸ ਕਰਕੇ ਹੀ ਅੱਗੇ ਜਾਂਦੇ ਸਨ ਕਿਉਂਕਿ ਇਸ ਅਸਥਾਨ ਤੋਂ ਅੱਗੇ ਪੈਦਲ ਯਾਤਰਾ ਅਰੰਭ ਹੋ ਜਾਂਦੀ ਹੈ। ਰਾਤ ਵੇਲੇ ਇੱਥੇ ਅਰਾਮ ਕਰਨ ਅਤੇ ਰਾਹ ਵਿੱਚ ਲੋੜੀਂਦਾ ਸਾਮਾਨ ਨਾਲ ਲੈ ਕੇ ਜਾਣ ਦਾ ਇਹੀ ਆਖ਼ਰੀ ਪੜਾਅ ਹੈ।

ਲੰਮਾ ਸਮਾਂ ਇੱਥੇ ਇਕ ਹਾਲ ਕਮਰਾ ਮੌਜੂਦ ਰਿਹਾ ਜਿਹੜਾ ਕਿ ਯਾਤਰੂਆਂ ਲਈ ਨਿਵਾਸ ਅਤੇ ਰਿਹਾਇਸ਼ ਲਈ ਵਰਤਿਆ ਜਾਂਦਾ ਸੀ। ਭਾਵੇਂ ਕਿ ਇਸ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦੀ ਜਾਣਕਾਰੀ ਪ੍ਰਮਾਣਿਕ ਤੌਰ 'ਤੇ ਪ੍ਰਾਪਤ ਨਹੀਂ ਹੈ ਪਰ ਖਾਲਸਾ ਸਮਾਚਾਰ ਤੋਂ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਅਗਸਤ 1952 ਵਿੱਚ ਮਾਸਟਰ ਕਰਮ ਸਿੰਘ ਦੀ ਅਗਵਾਈ ਵਿੱਚ 35 ਯਾਤਰੂਆਂ ਦਾ ਇੱਕ ਜਥਾ ਸ੍ਰੀ ਹੇਮਕੁੰਟ ਸਾਹਿਬ ਜੀ ਦੀ ਯਾਤਰਾ ਲਈ ਆਇਆ ਸੀ ਜਿਸ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ ਵੀ ਮੌਜੂਦ ਸੀ ਜਿਹੜਾ ਕਿ ਉਹ ਸ੍ਰੀ ਗੋਬਿੰਦ ਘਾਟ ਦੇ ਅਸਥਾਨ 'ਤੇ ਸਥਾਪਿਤ ਕਰਨ ਲਈ ਨਾਲ ਲੈ ਕੇ ਆਏ ਸਨ।



ਇਸ ਅਸਥਾਨ 'ਤੇ ਜ਼ਮੀਨ ਮੌਜੂਦ ਸੀ ਜਿਹੜੀ ਕਿ ਬਾਬਾ ਮੋਦਨ ਸਿੰਘ ਨੇ ਖਰੀਦ ਕੇ ਗੁਰਦੁਆਰਾ ਸਾਹਿਬ ਦੇ ਨਾਂ ਕਰਵਾ ਦਿੱਤੀ ਸੀ। ਪਰ ਇਸ ਨੂੰ ਪੱਧਰ ਕਰਕੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਇਕ ਬਿਖਮ ਕਾਰਜ ਸੀ। ਨਦੀ ਦੇ ਪਾਣੀ ਵਿੱਚ ਮਿੱਟੀ ਅਤੇ ਹੋਰ ਕਣ ਹੋਣ ਕਰਕੇ ਇਹ ਵਰਤੋਂ ਯੋਗ ਨਹੀਂ ਸੀ। ਇਸ ਕਾਰਜ ਲਈ ਮਾਇਆ ਦੀ ਭਾਰੀ ਲੋੜ ਸੀ। ਬਾਬਾ ਮੋਦਨ ਸਿੰਘ ਕੋਲ ਜਿਹੜੀ ਵੀ ਮਾਇਆ ਆਉਂਦੀ ਸੀ ਉਸ ਨੂੰ ਉਹ ਬਹੁਤ ਸੰਜਮ ਨਾਲ ਵਰਤਦੇ ਸਨ ਅਤੇ ਫੌਜ ਵਿਚੋਂ ਮਿਲਣ ਵਾਲੀ ਪੈਨਸ਼ਨ ਵੀ ਉਹ ਇਸ ਨਾਲ ਜੋੜ ਦਿੰਦੇ ਸਨ ਪਰ ਫਿਰ ਵੀ ਸ੍ਰੀ ਹੇਮਕੁੰਟ ਸਾਹਿਬ ਦੇ ਰਸਤੇ ਨੂੰ ਪੱਧਰ ਕਰਨਾ ਅਤੇ ਯਾਤਰੂਆਂ ਲਈ ਇੱਕ ਵੱਡੇ ਨਿਵਾਸ ਦਾ ਪ੍ਰਬੰਧ ਕਰਨਾ ਕੋਈ ਸੌਖਾ ਕਾਰਜ ਨਹੀਂ ਸੀ। 1953 ਵਿੱਚ ਸਰਦਾਰ ਬਲਵੰਤ ਸਿੰਘ ਪੁਰੀ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਆਏ ਤਾਂ ਇਸ ਅਸਥਾਨ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਏ। ਉਹਨਾਂ ਦੇ ਮਨ ਵਿੱਚ ਸ਼ਰਧਾ ਪ੍ਰਗਟ ਹੋਈ ਕਿ ਇਸ ਅਸਥਾਨ ਨੂੰ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ ਜਿਸ ਲਈ ਉਹਨਾਂ ਨੇ 500/- ਅਰਦਾਸ ਕਰਾਵਾਈ ਅਤੇ ਸ੍ਰੀ ਗੁਰੂ ਸਾਹਿਬ ਲਈ ਇੱਕ ਪੁਸ਼ਾਕਾ ਭੇਟ ਕੀਤਾ। ਸਰਦਾਰ ਬਲਵੰਤ ਸਿੰਘ ਰਾਜਨੀਤਿਕ ਤੌਰ 'ਤੇ ਵੀ ਪਛਾਣ ਰੱਖਦੇ ਸਨ। ਆਪਣੇ ਰਸੂਖ ਦੀ ਵਰਤੋਂ ਕਰਦੇ ਹੋਏ ਇਹਨਾਂ ਨੇ ਉਸ ਸਮੇਂ ਦੇ ਯੂ.ਪੀ. ਦੇ ਗਵਰਨਰ ਸਾਹਿਬ ਤੱਕ ਪਹੁੰਚ ਕਰਕੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸੁਖੈਨ ਕਰਨ ਹਿਤ ਸੜਕ ਅਤੇ ਪੁਲਾਂ ਦੀ ਉਸਾਰੀ ਕਰਵਾਉਣ ਦੀ ਬੇਨਤੀ ਕੀਤੀ ਸੀ।

ਇਸ ਅਸਥਾਨ ਨੂੰ ਵਿਕਸਿਤ ਕਰਨ ਲਈ ਬਾਬਾ ਮੋਦਨ ਸਿੰਘ ਨਿਰੰਤਰ ਯਤਨਸ਼ੀਲ ਸਨ ਜਿਸ ਦੇ ਸਿੱਟੇ ਵਜੋਂ ਸਭ ਤੋਂ ਪਹਿਲਾਂ ਚਟਾਨਾਂ ਕੱਟ-ਕੱਟ ਕੇ ਲੋੜੀਂਦੀ ਜ਼ਮੀਨ ਪੱਧਰ ਕੀਤੀ ਗਈ ਤਾਂ ਕਿ ਇੱਥੇ ਇੱਕ ਆਲੀਸ਼ਾਨ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਜਾ ਸਕੇ ਅਤੇ ਉੱਥੇ ਮੌਜੂਦ ਹਾਲ ਕਮਰੇ ਦੀ ਵਰਤੋਂ ਯਾਤਰੂਆਂ ਦੇ ਅਰਾਮ ਲਈ ਕੀਤੀ ਜਾ ਸਕੇ। ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਲਈ ਸੰਗਤਾਂ ਨੂੰ ਬੇਨਤੀ ਕੀਤੀ ਗਈ ਜਿਸ ਦੇ ਫਲਸਰੂਪ ਹੋਰਨਾਂ ਸੰਗਤਾਂ ਦੇ ਨਾਲ-ਨਾਲ ਕਲਕੱਤੇ ਤੋਂ ਸ. ਇਕਬਾਲ ਸਿੰਘ ਨੇ 3000 ਰੁਪਏ ਮਾਇਆ ਭੇਟ ਕੀਤੀ। ਮਾਇਆ ਦਾ ਪ੍ਰਬੰਧ ਹੋ ਜਾਣ 'ਤੇ 65 ਗੁਣਾ 65 ਫੁੱਟ ਜਗ੍ਹਾ 'ਤੇ ਗੁਰਦੁਆਰਾ ਸਾਹਿਬ ਦੀ ਕੁਰਸੀ ਤਿਆਰ ਕੀਤੀ ਗਈ। ਇਸ ਦੇ ਨਾਲ ਹੀ ਪੀਣ ਵਾਲੇ ਪਾਣੀ ਲਈ ਚਸ਼ਮੇਂ ਦੇ ਨਿਰਮਲ ਜਲ ਦਾ ਪ੍ਰਬੰਧ ਕੀਤਾ ਗਿਆ।

ਬਾਬਾ ਮੋਦਨ ਸਿੰਘ ਦੇ ਇਸ ਕਾਰਜ ਦੀ ਸ਼ਲਾਘਾ ਚਾਰ ਚੁਫ਼ੇਰੇ ਹੋਣ ਲੱਗੀ ਅਤੇ ਉਹਨਾਂ ਦੀ ਪ੍ਰਸੰਸਾ ਦੇ ਲੇਖ ਅਖ਼ਬਾਰਾਂ ਵਿਚ ਛੱਪਣ ਲੱਗੇ। 13 ਅਕਤੂਬਰ 1955 ਨੂੰ ਖਾਲਸਾ ਅਖ਼ਬਾਰ ਦੇ ਇੱਕ ਲੇਖ ਵਿੱਚ ਬਾਬਾ ਜੀ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਗਿਆ ਕਿ 20-21 ਵਰ੍ਹੇ ਤੋਂ ਹੌਲਦਾਰ ਜੀ ਸੇਵਾ ਪੁਰ ਜੁਟੇ ਹੋਏ ਹਨ। ਸੰਗਤਾਂ ਕਹਿ ਰਹੀਆਂ ਹਨ ਕਿ ਧੰਨ ਹੌਲਦਾਰ ਮੋਦਨ ਸਿੰਘ ਜੀ ਜਿਨ੍ਹਾਂ ਨੇ ਜੰਗਲ ਵਿੱਚ ਮੰਗਲ ਬਣਾ ਦਿੱਤਾ ਹੈ। ਜੋ ਨਲਕਾ ਬਾਰਾਂ ਸੌ ਫੁੱਟ ਲੰਬਾ ਹੌਲਦਾਰ ਜੀ ਨੇ ਪਰਬਤ ਦੀ ਉਚੇਰੀ ਚੋਟੀ ਦੇ ਚਸ਼ਮੇ ਤੋਂ ਪਾਣੀ ਲੈ ਕੇ ਸ੍ਰੀ ਗੋਬਿੰਦ ਘਾਟ ਆਂਦਾ ਹੈ, ਚੰਗੇ ਚੰਗੇ ਇੰਜੀਨੀਅਰ ਉਨ੍ਹਾਂ ਦੀ ਇਸ ਸਿਆਣਪ ਤੇ ਘਾਲ ਦੀ ਦਾਦ ਦਿੰਦੇ ਹਨ। ਫਿਰ ਇੱਕ ਨਲਕਾ ਗੁਰਦੁਆਰੇ ਦੇ ਅੰਦਰ ਸੰਗਤਾਂ ਲਈ ਹੈ, ਦੂਜਾ ਸੜਕ ਪੁਰ ਆਮ ਯਾਤਰੂਆਂ ਲਈ, ਪਸ਼ੂ ਪੰਖੀ ਲਈ। ਇਸ਼ਨਾਨ ਕਰਨ ਤੇ ਕਪੜੇ ਧੋਣ ਲਈ ਸਭ ਪ੍ਰਬੰਧ ਹੈ। ਜੋ ਯਾਤਰੂ ਆਵੇ ਹੌਲਦਾਰ ਜੀ ਮੁੱਠ ਛੋਲੇ ਦੇ ਕੇ ਤੇ ਜਲ ਛਕਾ ਕੇ ਭੇਜ ਦਿੰਦੇ ਹਨ। ਜੋ ਲੰਗਰ ਤਿਆਰ ਹੋਵੇ ਤਾਂ ਫਿਰ ਦੋ ਫੁਲਕੇ ਤੇ ਕੜਛਾ ਦਾਲ ਭਾਜੇ ਦਾ ਦੇ ਕੇ, ਵਿਦਾ ਕਰ ਦਿੰਦੇ ਹਨ।

ਗੋਬਿੰਦ ਘਾਟ ਵਿਖੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਬਣਾਉਣ ਦੀ ਜ਼ਿੰਮੇਵਾਰੀ ਸੰਤ ਠੰਡੀ ਸਿੰਘ ਨੂੰ ਸੌਂਪੀ ਗਈ ਸੀ ਜਿਨ੍ਹਾਂ ਨੇ ਅਣਥੱਕ ਮਿਹਨਤ ਅਤੇ ਗੁਰੂ ਦੀ ਸੇਵਾ ਸਮਝ ਕੇ ਇਸ ਕਾਰਜ ਨੂੰ ਸੰਪੂਰਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਇਸ ਅਸਥਾਨ ਨੂੰ ਰੌਸ਼ਨ ਕਰਨ ਦਾ ਕਾਰਜ 1967 ਵਿੱਚ ਸਿੱਖ ਯੂਥ ਐਸੋਸੀਏਸ਼ਨ, ਬੰਬਈ ਵਲੋਂ ਭੇਟ ਕੀਤੇ ਗਏ ਦੋ ਜਨਰੇਟਰਾਂ ਰਾਹੀਂ ਸੰਭਵ ਹੋਇਆ। ਬਿਜਲੀ ਦੀ ਰੌਸ਼ਨੀ ਦੇਖਣ ਲਈ ਦੂਰੋਂ-ਦੂਰੋਂ ਲੋਕ ਆਉਣ ਲੱਗੇ ਜਿਸ ਨਾਲ ਇਸ ਅਸਥਾਨ ਦੀ ਸ਼ੋਭਾ ਵਿੱਚ ਹੋਰ ਵਾਧਾ ਹੋਇਆ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ 300 ਸਾਲਾ ਪ੍ਰਕਾਸ਼ ਪੁਰਬ ਮੌਕੇ ਅੰਬਾਲੇ ਦੀ ਜੰਮਪਲ ਅਤੇ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਸ੍ਰੀਮਤੀ ਸੁਚੇਤਾ ਕ੍ਰਿਪਲਾਨੀ ਨੇ ਦੋ ਲੱਖ ਰੁਪਏ ਲਗਾ ਕੇ ਇੱਥੇ ਇਕ ਹਸਪਤਾਲ ਬਣਾਉਣ ਦਾ ਐਲਾਨ ਕੀਤਾ ਸੀ।

ਸਮੇਂ ਦੇ ਨਾਲ-ਨਾਲ ਇਸ ਗੁਰਧਾਮ ਦੀ ਸੋਭਾ ਵਿੱਚ ਵਾਧਾ ਹੁੰਦਾ ਗਿਆ ਅਤੇ ਨਵੀਂ ਟੈਕਨਾਲੋਜੀ ਰਾਹੀਂ ਇਸ ਦਾ ਵਿਕਾਸ ਕੀਤਾ ਜਾਂਦਾ ਰਿਹਾ। ਮੌਜੂਦਾ ਸਮੇਂ ਵਿੱਚ ਇਹ ਅਸਥਾਨ ਸੰਗਤ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਸੰਕਟ ਸਮੇਂ ਉਹਨਾਂ ਦੀ ਸਹਾਇਤਾ ਕਰਨ ਵਿੱਚ ਪੂਰੀ ਤਰ੍ਹਾਂ ਨਾਲ ਸਮਰੱਥ ਹੈ। 2013 ਵਿਚ ਉੱਤਰਾਖੰਡ ਵਿਖੇ ਭਾਰੀ ਬਰਸਾਤ ਹੋਣ ਨਾਲ ਜਦੋਂ ਇਹ ਇਲਾਕਾ ਹੜ੍ਹ ਦੀ ਲਪੇਟ ਵਿੱਚ ਆਇਆ ਤਾਂ ਇਹ ਅਸਥਾਨ ਵੀ ਇਸੇ ਤ੍ਰਾਸਦੀ ਵਿੱਚ ਘਿਰ ਗਿਆ ਸੀ। ਲੰਗਰ ਦੀਆਂ ਵਸਤਾਂ ਅਤੇ ਹੋਰ ਭਾਰੀ ਮਾਲੀ ਨੁਕਸਾਨ ਤਾਂ ਹੋਇਆ ਪਰ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ। ਉਸ ਸਮੇਂ ਵੀ ਇਸ ਅਸਥਾਨ 'ਤੇ ਸ਼ਰਧਾਲੂਆਂ ਨੂੰ ਬਚਾਉਣ ਲਈ ਵੱਡੇ ਅਤੇ ਸ਼ਲਾਘਾਯੋਗ ਉਪਰਾਲੇ ਕੀਤੇ ਗਏ ਸਨ।




ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਬੰਦੀ ਛੋੜ ਦਿਵਸ

ਬੰਦੀ ਛੋੜ ਦਿਵਸ ਸੰਸਾਰਕ ਰਾਜਨੀਤਿਕ ਅਤੇ ਆਤਮਿਕ ਗੁਲਾਮੀ ਤੋਂ ਆਜ਼ਾਦ ਹੋਣ ਦਾ ਪ੍ਰਤੀਕ ਹੈ। ਮੁਗਲ ਹਾਕਮਾਂ ਦਾ ਧਾਰਮਿਕ ਤੇ ਸਿਆਸੀ ਜਬਰ, ਸਮਾਜ ਦੀ ਇਖਲਾਕੀ ਬਣਤਰ ਨੂੰ ਢਾਅ ਲਾ ਰਿਹਾ ਸੀ। ਸਿੱਖ ਧਰਮ ਮੂਲ ਰੂਪ ਵਿੱਚ ਇੱਕ ਸਮਾਜ ਸੁਧਾਰ ਲਹਿਰ ਹੈ, ਜਿਸ ਦਾ ਪ੍ਰਬੱਲ ਨਿਸ਼ਾਨਾ ਜਬਰ ਦੇ ਖ਼ਿਲਾਫ਼ ਲੜਨਾ ਹੈ। ਸਾਰੀ ਲੜਾਈ ਬੁਰਾਈ ਦੇ ਖ਼ਿਲਾਫ਼ ਹੈ। ਸਿੱਖ ਗੁਰੂ ਸਾਹਿਬਾਨ ਦਾ ਇਹ ਆਸ਼ਾ ਰਿਹਾ ਹੈ ਕਿ ਸਮਾਜ ਦੇ ਦਬੇ ਕੁਚਲੇ, ਲੁੱਟੇ ਪੁੱਟੇ ਨਿਖਿੱਧ, ਨਿਤਾਣੇ ਕਮਜੋਰ, ਜਿੰਨਾਂ ਨੂੰ ਮੁਗਲ ਅਨਜਾਣ ਅਤੇ ਨਿਕੰਮੇ ਸਮਝਦੇ ਸਨ, ਉਨ੍ਹਾਂ ਨੂੰ ਇਸ ਕਾਬਿਲ ਬਣਾਇਆ ਕਿ ਉਹ ਆਪਣੀ ਹੋਂਦ ਆਪ ਨਿਸ਼ਚਿਤ ਕਰਨ। ਜੁਲਮ ਦੇ ਖ਼ਿਲਾਫ਼ ਡੱਟ ਜਾਣ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਇਹ ਭਾਂਪ ਲਿਆ ਸੀ ਕਿ ਧਰਮ ਦੀ ਸੁਤੰਤਰਤਾ ਅਤੇ ਰੱਖਿਆ ਲਈ ਹਥਿਆਰਾਂ ਦੀ ਵਰਤੋ ਕੀਤੀ ਜਾਵੇਗੀ। ਗੁਰੂ ਸਾਹਿਬ ਜੀ ਨੇ ਆਪਣੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਵਾਸਤੇ ਅਧਿਆਤਮਕ ਵਿਦਿਆ ਦੇ ਨਾਲ ਨਾਲ ਹਥਿਆਰਾਂ ਦੀ ਸਿਖਲਾਈ ਅਰਥਾਤ ਸ਼ਸ਼ਤਰ ਵਿਦਿਆ ਦਾ ਪ੍ਰਬੰਧ ਕਰ ਲਿਆ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ 25 ਮਈ 1606 ਈ. ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ ’ਤੇ ਬਿਰਾਜਮਾਨ ਹੋਏ। ਜਿਹਨਾਂ ਦਾ ਜਨਮ 14 ਜੂਨ 1595 ਈ. ਨੂੰ ਵਡਾਲੀ ਵਿਖੇ ਹੋਇਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਗ੍ਰਿਫਤਾਰੀ ਲਈ ਲਾਹੌਰ ਜਾਣ ਤੋਂ ਪਹਿਲਾਂ ਆਪਣੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹਦਾਇਤ ਕੀਤੀ ਕਿ ਗੁਰਗੱਦੀ ’ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਲੋੜ ਮੁਤਾਬਿਕ ਫ਼ੌਜ ਵੀ ਰੱਖਣੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਗੁਰਗੱਦੀ ’ਤੇ ਬਿਰਾਜਮਾਨ ਹੋਏ ਤਾਂ ਉਹਨਾਂ ਨੇ ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾ ਧਾਰਨ ਕੀਤੀਆਂ। ਉਹਨਾਂ ਜੁਲਮ ਵਿਰੁੱਧ ਡੱਟ ਜਾਣ ਦਾ ਐਲਾਨ ਕੀਤਾ। ਬੁਰਾਈ ਨੂੰ ਖਤਮ ਕਰਨ ਦਾ ਫੈਸਲਾ ਨਿਸ਼ਚਿਤ ਹੋ ਗਿਆ। ਗੁਰੂ ਸਾਹਿਬ ਜੀ ਨੇ ਮਰਹੱਟਿਆ ਦੇ ਗੁਰੂ ਸਮਰਥ ਰਾਮਦਾਸ ਨੂੰ ਸਪਸ਼ਟ ਕੀਤਾ ਕਿ ਅੰਤਰਮੁੱਖੀ ਸਾਧੂ ਹਾਂ, ਬਾਹਰਮੁੱਖੀ ਰਾਜੇ ਹਾਂ। ਸ਼ਸ਼ਤਰ ਗਰੀਬਾਂ ਦੀ ਰਾਖੀ ਅਤੇ ਅੱਤਿਆਚਾਰ ਦੇ ਨਾਸ਼ ਲਈ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਲੀ ਵਾਰ ਬਕਾਇਦਾ ਫ਼ੌਜੀ ਤਾਕਤ ਦਾ ਸੰਗਠਨ ਕੀਤਾ।

ਸੰਸਾਰਕ ਰਾਜਿਆਂ ਮਹਾਰਾਜਿਆਂ ਦੇ ਦੁਨਿਆਵੀ ਰਾਜ ਤਖਤ ਦੇ ਮੁਕਾਬਲੇ ਅਕਾਲ ਤਖ਼ਤ ਸਾਹਿਬ ਜੀ ਸਥਾਪਨਾ ਕੀਤੀ। ਸੰਗਤਾਂ ਨੂੰ ਸੁਚੇਤ ਕੀਤਾ ਕਿ ਜਿਥੇ ਰਸਦ ਅਤੇ ਮਾਇਆ ਭੇਂਟ ਹੁੰਦੀ ਹੈ, ਉਥੇ ਨਾਲ ਹੀ ਵਧੀਆ ਸ਼ਸ਼ਤਰ ਅਤੇ ਚੰਗੀ ਨਸਲ ਦੇ ਘੋੜੇ ਵੀ ਭੇਂਟ ਕੀਤੇ ਜਾਣ। ਅਣਖੀਲੇ ਗੱਭਰੂ ਸ਼ਾਮਲ ਹੋਣ। ਉਹ ਜੁਆਨੀਆਂ ਕਾਇਮ ਰੱਖਣ ਲਈ ਕਸਰਤ , ਕੁਸ਼ਤੀਆਂ, ਘੋੜ ਸਵਾਰੀ ਅਤੇ ਸ਼ਿਕਾਰ ਖੇਡਣ । ਸੁਡੋਲ ਜਵਾਨਾਂ ਦੀ ਫ਼ੌਜ ਤਿਆਰ ਕਰਕੇ ਉਹਨਾਂ ਨੂੰ ਯੁੱਧ ਲਈ ਹਥਿਆਰਾਂ ਦੀ ਵਰਤੋ ਕਰਨ ਦੀ ਸਿਖਲਾਈ ਦਿੱਤੀ ਜਾਣ ਲੱਗੀ। ਚੜ੍ਹਦੀਕਲਾ ਦਾ ਦੌਰ ਸ਼ੁਰੂ ਹੋਇਆ। ਸੂਰਮਿਆਂ ਦੀਆਂ ਵਾਰਾਂ ਸਿੱਖਾਂ ਦੇ ਮਨਾਂ ਵਿੱਚ ਬੀਰ ਰਸ ਭਰਦੀਟਾਂ, ਬੀਰ-ਨਗਾਰਾ ਵੱਜਣ ਲੱਗਾ। ਨਿਸ਼ਾਨ ਝੂਲਣ ਲੱਗੇ। ਸੰਤ ਸਿਪਾਹੀ ਸੂਰਬੀਰ ਧਰਮੀ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ। ਤਖ਼ਤ ’ਤੇ ਬੈਠ ਕੇ ਗੁਰੂ ਸਾਹਿਬ ਜੀ ਸੰਗਤਾਂ ਦੇ ਫੈਸਲੇ ਆਪ ਕਰਨ ਲੱਗੇ। ਆਪਸੀ ਮੇਲ ਮਿਲਾਪ ਵਧਿਆ। ਅੰਮ੍ਰਿਤਸਰ ਨੂੰ ਖੁਦਮੁਖਤਿਆਰ ਅਤੇ ਸੁਰੱਖਿਅਕਤ ਬਣਾਉਣ ਲਈ ‘ਲੋਹਗੜ੍ਹ ਕਿਲਾ’ ਬਣਾਇਆ।

ਗੁਰੂ ਜੀ ਦੀ ਵੱਧਦੀ ਤਾਕਤ ਵੇਖ ਕੇ ਹਕੂਮਤ ਨੂੰ ਖਤਰਾ ਮਹਿਸੂਸ ਹੋਣ ਲਗਿਆ। ਗੁਰੂ ਘਰ ਦੇ ਪੁਰਾਣੇ ਦੋਖੀ ਚੰਦੂ ਅਤੇ ਮਿਹਰਬਾਨ ਨੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਸਿੱਖ ਗੁਰੂ ਖੁਦ ਤਖਤ ’ਤੇ ਬੈਠਦਾ ਹੈ ਲੋਕ ਉਸ ਨੂੰ ਸੱਚਾ ਪਾਤਾਸ਼ਾਹ ਕਹਿੰਦੇ ਹਨ। ਉਹ ਸੰਗਤਾਂ ਦੇ ਫੈਸਲੇ ਆਪ ਕਰਦਾ ਹੈ। ਉਸਦਾ ਪੂਰਾ ਸ਼ਾਹੀ ਠਾਠ ਹੈ। ਉਸਦੀ ਵੱਧਦੀ ਜਾਂਦੀ ਫ਼ੌਜੀ ਤਾਕਤ ਮੁਗਲ ਹਕੂਮਤ ਲਈ ਸਿੱਧਾ ਖ਼ਤਰਾ ਹੈ। ਬਾਦਸ਼ਾਹ ਜਹਾਂਗੀਰ ਨੇ ਆਪਣੇ ਅਧਿਕਾਰੀਆਂ ਦੇ ਪ੍ਰਭਾਵ ਹੇਠ ਆ ਕੇ ਸਿੱਖਾਂ ਦੀਆਂ ਸਰਗਰਮੀਆਂ ਨੂੰ ਦਬਾਉਣ ਦਾ ਫੈਸਲਾ ਕਰ ਲਿਆ। ਉਸ ਨੂੰ ਯਕੀਣ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ਨੇ ਸਿੱਖਾਂ ਨੂੰ ਕਮਜੋਰ ਅਤੇ ਭੈ ਭੀਤ ਕਰਨ ਦੀ ਥਾਂ ਹੋਰ ਵੀ ਦਲੇਰ ਅਤੇ ਨਿਡਰ ਕਰ ਦਿੱਤਾ ਹੈ। ਇਹ ਸੱਚਮੁੱਚ ਹੀ ਹਕੂਮਤ ਲਈ ਖ਼ਤਰਾ ਹੈ। ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਗਵਾਲੀਅਰ ਦੇ ਕਿੱਲੇ ਵਿੱਚ ਕੈਦ ਕਰ ਲਿਆ।

ਉਸ ਕਿਲੇ ਵਿੱਚ ਪਹਿਲਾਂ ਹੀ 52 ਰਾਜੇ ਕੈਦ ਵਿੱਚ ਸਨ। ਉਹ ਬਹੁਤ ਹੀ ਮੰਦੀ ਹਾਲਤ ਵਿੱਚ ਕੈਦ ਕੱਟ ਰਹੇ ਸਨ। ਗੁਰੂ ਸਾਹਿਬ ਜੀ ਦੇ ਆਗਮਨ ’ਤੇ ਉਨ੍ਹਾਂ ਦੇ ਦਿਲਾਂ ਵਿੱਚ ਆਸ ਦੀ ਕਿਰਨ ਜਾਗੀ। ਉਹ ਗੁਰੂ ਜੀ ਦੇ ਸਤਿਸੰਗੀ ਸ਼ਰਧਾਲੂ ਬਣ ਗਏ। ਗੁਰੂ ਸਾਹਿਬ ਜੀ ਨੇ ਉਹਨਾਂ ਵਾਸਤੇ ਵਧੀਆ ਪੁਸ਼ਾਕ ਅਤੇ ਚੰਗੀ ਖੁਰਾਕ ਦਾ ਪ੍ਰਬੰਧ ਕਰਵਾ ਲਿਆ। ਗੁਰੂ ਜੀ ਦੀ ਕੈਦ ਲੰਬੀ ਹੁੰਦੀ ਜਾਂਦੀ ਵੇਖ ਕੇ ਸਿੱਖਾਂ ਵਿੱਚ ਰੋਹ ਜਾਗ ਉਠਿਆ ਕਿ ਗੁਰੂ ਸਾਹਿਬ ਜੀ ਨੂੰ ਹੁਣ ਰਿਹਾਅ ਕਰਵਾਉਣਾ ਚਾਹੀਦਾ ਹੈ। ਸਿੰਘ ਥਾਂ ਥਾਂ ਤੋਂ ਜਥੇ ਬਣਾ ਕੇ ਗਵਾਲੀਅਰ ਪਹੁੰਚਣ ਲੱਗੇ ਪਰ ਅੱਗੇ ਉਹਨਾਂ ਨੂੰ ਮੁਲਾਕਾਤ ਦੀ ਇਜਾਜਤ ਨਾ ਮਿਲਦੀ। ਗੁਰੂ ਜੀ ਨੇ ਸੰਗਤਾਂ ਨੂੰ ਧੀਰਜ ਰੱਖਣ ਅਤੇ ਚੜ੍ਹਦੀਕਲਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਦੀ ਕੈਦ ਵਿਰੁੱਧ ਸ਼ਰਧਾਲੂ ਮੁਸਲਮਾਨਾਂ ਨੇ ਵੀ ਆਵਾਜ਼ ਉਠਾਈ। ਸੰਗਤਾਂ ਦਾ ਭਾਰੀ ਵਿਰੋਧ ਵੇਖ ਕੇ ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਰਿਹਾਅ ਕਰਨ ਦਾ ਮਨ ਬਣਾ ਲਿਆ।

ਗੁਰੂ ਜੀ ਨੇ ਇੱਕਲਿਆ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ ਕਿ ਜਦੋਂ ਤਕ ਉਹਨਾਂ ਦੇ ਨਾਲ 52 ਕੈਦੀ ਰਾਜੇ ਨਹੀਂ ਛੱਡੇ ਜਾਂਦੇ, ਉਹ ਰਿਹਾਅ ਨਹੀਂ ਹੋਣਗੇ। ਗੁਰੂ ਸਾਹਿਬ ਜੀ ਦੀ ਰੂਹਾਨੀ ਸ਼ਕਤੀ ਅੱਗੇ ਬਾਦਸ਼ਾਹ ਨੂੰ ਝੁੱਕਣਾ ਪਿਆ। ਇਸ ਤਰਾਂ ਗੁਰੂ ਸਾਹਿਬ ਜੀ ਗਵਾਲੀਅਰ ਦੇ ਕਿਲੇ ਦੀ ਕੈਦ ਵਿਚੋਂ 52 ਰਾਜਿਆਂ ਨੂੰ ਕੈਦ ਵਿੱਚੋਂ ਛੁਡਵਾ ਕੇ ਬੰਦੀ ਤੋੜ ਦਾਤ ਅਖਵਾਏ। ਗੁਰੂ ਜੀ ਜਦੋਂ ਗਵਾਲੀਅਰ ਦੇ ਕਿਲੇ ਤੋਂ ਰਿਹਾਅ ਹੋ ਕੇ ਗੁਰੂ ਰਾਮਦਾਸ ਜੀ ਦੀ ਨਗਰੀ ਅੰਮ੍ਰਿਤਸਰ ਪੁੱਜੇ ਤਾਂ ਬਾਬਾ ਬੁੱਢਾ ਜੀ ਦੀ ਅਗਵਾਈ ਵਿੱਚ ਸੰਗਤਾਂ ਨੇ ਨਗਰ ਵਿੱਚ ਖੁਸ਼ੀ ਨਾਲ ਘਰਾਂ ਵਿੱਚ ਘਿਓ ਦੇ ਦੀਵੇ ਜਗਾਏ। ਨਾਲ ਹੀ ਗਲੀਆਂ ਬਾਜ਼ਾਰਾਂ ਵਿੱਚ ਵੀ ਸ਼ਾਨਦਾਰ ਦੀਪਮਾਲਾ ਕੀਤੀ। ਸਬੱਬੀ ਉਸ ਦਿਨ ਦੀਵਾਲੀ ਵੀ ਸੀ। ਸੰਗਤਾਂ ਨੇ ਭਾਰੀ ਖੁਸ਼ੀ ਮਨਾਉਂਦਿਆਂ ਇਸ ਦਿਹਾੜੇ ਨੂੰ ਬੰਦੀ ਛੋੜ ਦਿਵਸ ਵਜੋਂ ਯਾਦ ਕਰਨਾ ਸ਼ੁਰੂ ਕਰ ਦਿੱਤਾ।

ਦਸਮ ਪਿਤਾ ਜੀ ਤੋਂ ਬਾਅਦ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ’ਤੇ ਬੜੀ ਮੁਸੀਬਤ ਦਾ ਸਮਾਂ ਸੀ। ਹਕੂਮਤਾਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ ’ਤੇ ਤੁਲੀਆਂ ਹੋਈਆਂ ਸਨ। ਸਿੱਖਾਂ ਲਈ ਅੰਮ੍ਰਿਤਸਰ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ’ਤੇ ਵੀ ਪਾਬੰਦੀ ਸੀ। ਪ੍ਰੰਪਰਾਗਤ ਅਠਾਰਵੀਂ ਸਦੀ ਵਿੱਚ ਸਰਬੱਤ ਖ਼ਾਲਸਾ ਦੇ ਰੂਪ ਵਿੱਚ ਸੰਗਤਾਂ ਵਿਸਾਖੀ ਤੇ ਬੰਦੀ ਛੋੜ ਦਿਵਸ ਤੇ ਅੰਮ੍ਰਿਤਸਰ ਇਕੱਠੀਆਂ ਹੋਣ ਲੱਗੀਆਂ। ਇਹਨਾਂ ਮੌਕਿਆਂ ਤੇ ਸਵੈ ਪੜਚੋਲ ਹੁੰਦੀ ਸੀ ਅਤੇ ਭਵਿੱਖ ਲਈ ਵਿਉਂਤਬੰਦੀ ਕੀਤੀ ਜਾਂਦੀ ਸੀ। ਭਾਈ ਮਨੀ ਸਿੰਘ ਜੀ ਮੁੱਖ ਗ੍ਰੰਥੀ ਨੇ 1733 ਈਸਵੀ ਦੀ ਬੰਦੀ ਛੋੜ ਦਿਵਸ ਲਈ ਵਿਸ਼ੇਸ ਮਹਿਸੂਲ ਅਦਾ ਕਰਨਾ ਮਨ ਕੇ ਹਕੂਮਤ ਤੋਂ ਇਜਾਜਤ ਲਈ ਪਰ ਨਾਲ ਹੀ ਨਵਾਬ ਜਕਰੀਆ ਖਾਨ ਨੇ ਇੱਕਠੇ ਹੋ ਰਹੇ ਸਿੱਖਾਂ ਨੂੰ ਮਾਰਨ ਦੀ ਯੋਜਨਾ ਵੀ ਬਣਾ ਲਈ ਸੀ। ਭਾਈ ਮਨੀ ਸਿੰਘ ਜੀ ਨੂੰ ਇਸ ਸਾਜਿਸ ਦਾ ਸਮੇਂ ਸਿਰ ਪਤਾ ਲੱਗ ਗਿਆ। ਉਹਨਾਂ ਨੇ ਸਿੱਖਾਂ ਨੂੰ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ।

ਬਹੁਤ ਘੱਟ ਗਿਣਤੀ ਵਿੱਚ ਸੰਗਤਾਂ ਪੁਜੀਆਂ। ਫਿਰ ਵੀ ਸਰਕਾਰ ਨੇ ਰਕਮ ਅਦਾ ਕਰਨ ਦੀ ਮੰਗ ਰੱਖ ਦਿੱਤੀ। ਭਾਈ ਮਨੀ ਸਿੰਘ ਜੀ ਨੇ ਸਪਸ਼ਟ ਕੀਤਾ ਕਿ ਦਿਵਾਨ ਤਾਂ ਭਰਿਆ ਨਹੀਂ, ਚੜਤ ਵੀ ਨਹੀਂ ਆਈ। ਅਜਿਹੇ ਹਾਲਾਤ ਵਿੱਚ ਰਕਮ ਅਦਾ ਨਹੀਂ ਹ ਸਕਦੀ। ਸਰਕਾਰ ਨੇ ਇਸ ਬ ਹਾਨੇ ਭਾਈ ਮਨੀ ਸਿੰਘ ਜੀ ਨੂੰ ਜਾਂ ਤਾਂ ਇਸਲਾਮ ਧਾਰਨ ਕਰਨ ਜਾਂ ਮੌਤ ਲਈ ਤਿਆਰ ਹੋ ਜਾਣ ਲਈ ਕਿਹਾ। ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਮੈਨੂੰ ਮੌਤ ਪ੍ਰਵਾਨ ਹੈ। ਕਾਜੀ ਨੇ ਭਾਈ ਸਾਹਿਬ ਨੂੰ ਫਤਵੇ ਅਨੁਸਾਰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਇਸ ਤਰਾਂ ਬੰਦੀ ਛੋੜ ਦਿਵਸ ਦਾ ਸਬੰਧ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨਾਲ ਜੁੜ ਗਿਆ।

ਅੰਤਿਕਾ : ਗੁਰੂ ਹਰਿਗੋਬਿੰਦ ਸਿੰਘ ਜੀ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਦ੍ਰਿੜਾਇਟਾਂ ਕ ਸਿੱਖਾਂ ਨੂੰ ਵਾਹਿਗੁਰੂ ਦੇ ਪਿਆਰ ਵਿੱਚ ਲੀਨ ਹੋ ਕੇ ਵੀ ਆਪਣੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਸੁਚੇਤ ਹੋਣਾ ਹੈ। ਗੁਰੂ ਜੀ ਨੇ ਸਿੱਖਾਂ ਵਿੱਚ ਬ ਹਾਦਰੀ ਅਤੇ ਚੜ੍ਹਦੀਕਲਾ ਦਾ ਜਜਬਾ ਭਰਿਆ ਕਿ ਉਹ ਆਪਣੀ ਹਥਿਆਰ ਬੰਦ ਤਾਕਤ ਨਾਲ ਹੀ ਆਪਣੀ ਆਜ਼ਾਦੀ ਅਤੇ ਆਪਣੇ ਸਵੈਮਾਣ ਵਾਲੇ ਜੀਵਨ ਦੀ ਰੱਖਿਆ ਕਰ ਸਕਦੇ ਹਨ। ਬੰਦੀ ਛੋੜ ਦਿਵਸ ਦਾ ਸੁਨੇਹਾ ਹੈ ਕਿ ਹਰ ਮਨੁੱਖ ਦੀ ਪੂਰਨ ਆਜ਼ਾਦੀ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

TRANS-ALLIANCE
TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035




# ਗਲਤ ਖਾਣ ਪੀਣ ਨਾਲ ਹੁੰਦਾ ਹੈ ਸਿਹਤ ਦਾ ਨੁਕਸਾਨ

## ਖਾਣ ਪੀਣ ਦੀਆਂ ਆਦਤਾਂ 'ਚ ਕਰੋ ਸੁਧਾਰ



ਆਪਣੇ ਆਪ ਨੂੰ ਸਿਹਤਮੰਦ ਰੱਖਣ ਲਈ, ਇਹ ਜ਼ਰੂਰੀ ਹੈ ਕਿ ਤੁਸੀਂ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰੋ ਅਤੇ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਆਪਣੇ ਆਪ ਨੂੰ ਬਚਾਓ। ਭੋਜਨ ਖਾਣ ਅਤੇ ਆਪਣੀ ਖੁਰਾਕ ਦੀ ਯੋਜਨਾ ਬਣਾਉਣ ਦੀਆਂ ਹਰ ਕਿਸੇ ਦੀਆਂ ਵੱਖੋ ਵੱਖਰੀਆਂ ਆਦਤਾਂ ਹੁੰਦੀਆਂ ਹਨ, ਜਿਸ ਵਿੱਚ ਕੁਝ ਦੀਆਂ ਗਲਤ ਆਦਤਾਂ ਅਤੇ ਕੁਝ ਦੀਆਂ ਸਹੀ ਆਦਤਾਂ ਸ਼ਾਮਲ ਹੁੰਦੀਆਂ ਹਨ। ਇਸੇ ਤਰ੍ਹਾਂ, ਜਦੋਂ ਤੁਸੀਂ ਕੁਝ ਖਾਣ ਦੀਆਂ ਗਲਤੀਆਂ ਆਪਣੇ ਕੋਲ ਰੱਖਦੇ ਹੋ, ਤਾਂ ਤੁਸੀਂ ਆਪਣਾ ਨੁਕਸਾਨ ਕਰ ਰਹੇ ਹੋ. ਤੁਸੀਂ ਅਕਸਰ ਦੇਖਿਆ ਹੋਵੇਗਾ ਕਿ ਲੋਕਾਂ ਨੂੰ ਖਾਣਾ ਖਾਣ ਦੀ ਆਦਤ ਹੁੰਦੀ ਹੈ ਜਾਂ ਆਪਣੀ ਡਾਈਟ ਨੂੰ ਵੱਖ-ਵੱਖ ਤਰੀਕੇ ਨਾਲ ਤਿਆਰ ਕਰਨਾ ਹੁੰਦਾ ਹੈ, ਜਦੋਂ ਕਿ ਇਹ ਸਹੀ ਤਰੀਕਾ ਨਹੀਂ ਹੈ ਸਗੋਂ ਗਲਤ ਤਰੀਕਾ ਹੈ ਜਿਸ ਕਾਰਨ ਤੁਹਾਡੀ ਸਿਹਤ ਨੂੰ ਨੁਕਸਾਨ ਹੋ ਰਿਹਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਸਿਹਤਮੰਦ ਰੱਖਣ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੀ ਖੁਰਾਕ ਜਾਂ ਖਾਣ-ਪੀਣ ਦੀਆਂ ਆਦਤਾਂ 'ਚ ਸੁਧਾਰ ਕਰੋ ਤਾਂ ਜੋ ਤੁਸੀਂ ਆਪਣੇ ਆਪ ਨੂੰ ਲੰਬੇ ਸਮੇਂ ਤੱਕ ਸਿਹਤਮੰਦ ਰੱਖ ਸਕੋ। ਪਰ ਇਹ ਉਨ੍ਹਾਂ ਲਈ ਨੁਕਸਾਨਦੇਹ ਹੈ ਜੋ ਆਪਣੇ ਖਾਣ-ਪੀਣ ਦੀਆਂ ਆਦਤਾਂ ਵਿੱਚ ਗਲਤੀਆਂ ਕਰਦੇ ਹਨ। ਜੀ ਹਾਂ, ਮਾਹਿਰਾਂ ਅਨੁਸਾਰ ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਦੀਆਂ ਗਲਤ ਖਾਣ-ਪੀਣ ਦੀਆਂ ਆਦਤਾਂ ਕਾਰਨ ਸਟ੍ਰੋਕ ਅਤੇ ਹਾਰਟ ਅਟੈਕ ਵਰਗੀਆਂ ਗੰਭੀਰ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਹੁਣ ਤੁਹਾਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਅਸੀਂ ਹੈਲਥਾਈਫਾਈ ਸਲਿਊਸ਼ਨ ਦੇ ਸੰਸਥਾਪਕ, ਸੰਪੂਰਨ ਅਤੇ ਕਲੀਨਿਕਲ ਡਾਈਟੀਸ਼ੀਅਨ ਡਾ. ਸ਼ੀਨੂ ਸੰਜੀਵ ਨਾਲ ਇਸ ਵਿਸ਼ੇ ਬਾਰੇ ਗੱਲ ਕੀਤੀ ਹੈ। ਕਿਸਨੇ ਦੱਸਿਆ ਕਿ ਲੋਕ ਕਿਹੜੀਆਂ ਗਲਤੀਆਂ ਕਰਦੇ ਹਨ ਜਿਸ ਨਾਲ ਸਿਹਤ ਸੰਬੰਧੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਪ੍ਰੋਟੀਨ ਨਾਲ ਭਰਪੂਰ ਹੋਣ ਕਾਰਨ ਲੋਕ ਅਕਸਰ ਆਪਣੀ ਰੋਜ਼ਾਨਾ ਦੀ ਖੁਰਾਕ 'ਚ ਰੈੱਡ ਮੀਟ ਨੂੰ ਸ਼ਾਮਲ




ਕਰਦੇ ਹਨ ਤਾਂ ਜੋ ਉਹ ਖੁਦ ਨੂੰ ਸਿਹਤਮੰਦ ਅਤੇ ਬੀਮਾਰੀਆਂ ਤੋਂ ਦੂਰ ਰੱਖ ਸਕਣ। ਪਰ ਕੀ ਤੁਸੀਂ ਜਾਣਦੇ ਹੋ ਕਿ ਇੱਕ ਸਮੇਂ ਵਿੱਚ ਬਹੁਤ ਜ਼ਿਆਦਾ ਰੈੱਡ ਮੀਟ ਦਾ ਸੇਵਨ ਤੁਹਾਡੇ ਲਈ ਨੁਕਸਾਨਦੇਹ ਹੋ ਸਕਦਾ ਹੈ। ਜੀ ਹਾਂ, ਮਾਹਿਰਾਂ ਦਾ ਕਹਿਣਾ ਹੈ ਕਿ ਰੈੱਡ ਮੀਟ ਤੁਹਾਨੂੰ ਵੱਖ-ਵੱਖ ਤਰ੍ਹਾਂ ਦਾ ਪੋਸ਼ਣ ਪ੍ਰਦਾਨ ਕਰਦਾ ਹੈ ਅਤੇ ਤੁਹਾਨੂੰ ਕਈ ਤਰ੍ਹਾਂ ਦੇ ਵਿਟਾਮਿਨ ਵੀ ਪ੍ਰਦਾਨ ਕਰਦਾ ਹੈ ਪਰ ਜਦੋਂ ਤੁਸੀਂ ਇਸ ਦਾ ਜ਼ਿਆਦਾ ਸੇਵਨ ਕਰਦੇ ਹੋ ਤਾਂ ਇਹ ਤੁਹਾਡੀ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਵਧਾ ਸਕਦਾ ਹੈ। ਮਾਹਿਰਾਂ ਅਤੇ ਖੋਜਕਰਤਾਵਾਂ ਦੀ ਸਲਾਹ ਹੈ ਕਿ ਤੁਹਾਨੂੰ ਹਮੇਸ਼ਾ ਸੀਮਤ ਮਾਤਰਾ ਵਿੱਚ ਲਾਲ ਮੀਟ ਦਾ ਸੇਵਨ ਕਰਨਾ ਚਾਹੀਦਾ ਹੈ।

ਬਹੁਤ ਜ਼ਿਆਦਾ ਠੋਸ ਚਰਬੀ ਦਾ ਸੇਵਨ ਤੁਹਾਡੀ ਸਿਹਤ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰ ਸਕਦਾ ਹੈ ਮਾਹਿਰ ਸ਼ੀਨੂ ਸੰਜੀਵ ਦਾ ਕਹਿਣਾ ਹੈ ਕਿ ਲੰਬੇ ਸਮੇਂ ਤੱਕ ਠੋਸ ਚਰਬੀ ਦੀ ਜ਼ਿਆਦਾ ਮਾਤਰਾ ਦਾ ਸੇਵਨ ਤੁਹਾਨੂੰ ਕਈ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਬਣਾ ਸਕਦਾ ਹੈ। ਇੱਕ ਅਧਿਐਨ ਦੇ ਅਨੁਸਾਰ, ਬਹੁਤ ਸਾਰੇ ਲੋਕਾਂ ਦੀ ਮੌਤ ਠੋਸ ਚਰਬੀ ਵਾਲੀ ਉੱਚ ਖੁਰਾਕ ਖਾਣ ਨਾਲ ਹੋਈ ਹੈ, ਜੋ ਬਾਅਦ ਵਿੱਚ ਸਟ੍ਰੋਕ, ਦਿਲ ਦੀ ਬਿਮਾਰੀ ਜਾਂ ਟਾਈਪ-2 ਡਾਇਬਟੀਜ਼ ਵਰਗੀਆਂ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੀ ਹੈ। ਇਸ ਲਈ ਮਾਹਿਰਾਂ ਦੀ ਸਲਾਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਇਸ ਤਰ੍ਹਾਂ ਦੀ ਚਰਬੀ ਦਾ ਸੇਵਨ ਕਰਨ ਦੀ ਆਦਤ ਹੈ, ਉਨ੍ਹਾਂ ਨੂੰ ਇਸ ਆਦਤ ਨੂੰ ਛੱਡ ਦੇਣਾ ਚਾਹੀਦਾ ਹੈ।

ਫਲ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ, ਇਨ੍ਹਾਂ ਦਾ ਸੇਵਨ ਸਾਡੀ ਸਿਹਤ ਨੂੰ ਸਿਹਤਮੰਦ ਰੱਖਣ ਲਈ ਉਤਸ਼ਾਹਿਤ ਕਰਦਾ ਹੈ ਅਤੇ ਇਹ ਤੁਹਾਨੂੰ ਕਈ ਗੰਭੀਰ ਬਿਮਾਰੀਆਂ ਦੇ ਖਤਰੇ ਤੋਂ ਵੀ ਦੂਰ ਰੱਖਣ ਵਿਚ ਮਦਦ ਕਰਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਕਈ ਲੋਕਾਂ ਦੀ ਅਜਿਹੀ ਆਦਤ ਹੁੰਦੀ ਹੈ ਕਿ ਉਹ ਫਲਾਂ ਦੇ ਨਾਂ ਤੋਂ ਭੱਜ ਜਾਂਦੇ ਹਨ। ਇੰਨਾ ਹੀ ਨਹੀਂ ਬੱਚਿਆਂ ਵਿੱਚ ਅਜਿਹੀ ਆਦਤ ਵੀ ਦੇਖਣ ਨੂੰ ਮਿਲਦੀ ਹੈ ਕਿ ਉਹ ਫਲਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਕਿ ਤੁਹਾਨੂੰ ਅਜਿਹਾ ਨਹੀਂ ਕਰਨਾ ਚਾਹੀਦਾ, ਸਗੋਂ ਰੋਜ਼ਾਨਾ ਫਲਾਂ ਦਾ ਸੇਵਨ ਕਰਨਾ ਚਾਹੀਦਾ ਹੈ ਅਤੇ ਆਪਣੇ ਬੱਚਿਆਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦੱਸ ਕੇ ਫਲਾਂ ਦਾ ਸੇਵਨ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਮਾਹਿਰ ਸ਼ੀਨੂ ਸੰਜੀਵ ਦਾ ਕਹਿਣਾ ਹੈ ਕਿ ਫਲਾਂ 'ਚ ਬਹੁਤ ਜ਼ਿਆਦਾ ਪੋਸ਼ਣ ਹੁੰਦੇ ਹਨ ਜੋ ਤੁਹਾਨੂੰ ਆਸਾਨੀ ਨਾਲ ਸਿਹਤਮੰਦ ਰੱਖ ਸਕਦੇ ਹਨ। ਪਰ ਜੋ ਲੋਕ ਫਲਾਂ ਦਾ ਸੇਵਨ ਨਹੀਂ ਕਰਦੇ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਜਾਂ ਪੋਸ਼ਣ ਦੀ ਕਮੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਫਲਾਂ ਦਾ ਸੇਵਨ ਬੱਚਿਆਂ ਲਈ ਵੀ ਜ਼ਰੂਰੀ ਹੈ ਕਿਉਂਕਿ ਇਹ ਬੱਚੇ ਦੇ ਸਰੀਰਕ ਵਿਕਾਸ 'ਚ ਕਾਫੀ ਮਦਦ ਕਰਦਾ ਹੈ। ਤੁਹਾਨੂੰ ਦੱਸ ਦੇਈਏ ਕਿ ਤੁਹਾਨੂੰ ਆਪਣੀ ਰੋਜ਼ਾਨਾ ਦੀ ਖੁਰਾਕ ਵਿੱਚ ਵਿਟਾਮਿਨ ਸੀ ਨਾਲ ਭਰਪੂਰ ਫਲਾਂ ਅਤੇ ਮੌਸਮੀ ਫਲਾਂ ਦਾ ਸੇਵਨ ਕਰਨਾ ਚਾਹੀਦਾ ਹੈ।

ਤੁਹਾਨੂੰ ਇੱਕ ਨਹੀਂ ਬਲਕਿ ਹਜ਼ਾਰਾਂ ਲੋਕ ਅਜਿਹੇ ਮਿਲਣਗੇ ਜੋ ਸਬਜ਼ੀਆਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਸ ਦੀ ਬਜਾਏ ਅਜੀਬ ਚੀਜ਼ਾਂ ਖਾਂਦੇ ਰਹਿੰਦੇ ਹਨ। ਪਰ ਕੀ ਤੁਸੀਂ ਜਾਣਦੇ ਹੋ ਕਿ ਸਬਜ਼ੀਆਂ ਵਿੱਚ ਬਹੁਤ ਜ਼ਿਆਦਾ ਮਾਤਰਾ ਵਿੱਚ ਪੋਸ਼ਣ ਅਤੇ ਜ਼ਰੂਰੀ ਖਣਿਜ ਹੁੰਦੇ ਹਨ ਜੋ ਤੁਹਾਨੂੰ ਲੰਬੇ ਸਮੇਂ ਤੱਕ ਸਿਹਤਮੰਦ ਰੱਖਣ ਵਿੱਚ ਮਦਦ ਕਰਦੇ ਹਨ। ਫਲਾਂ ਅਤੇ ਸਬਜ਼ੀਆਂ ਵਿੱਚ ਬਹੁਤ ਘੱਟ ਮਾਤਰਾ ਵਿੱਚ ਫੈਟ ਅਤੇ ਕੈਲੋਰੀ ਹੁੰਦੀ ਹੈ ਜੋ ਤੁਹਾਨੂੰ ਕਈ ਬਿਮਾਰੀਆਂ ਤੋਂ ਬਚਾ ਸਕਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਰੋਜ਼ਾਨਾ ਆਪਣੀ ਖੁਰਾਕ 'ਚ ਅਜਿਹੀਆਂ ਸਬਜ਼ੀਆਂ ਨੂੰ ਸ਼ਾਮਲ ਕਰੋ ਜਿਨ੍ਹਾਂ 'ਚ ਪੋਟਾਸ਼ੀਅਮ, ਫਾਈਬਰ, ਫੋਲਿਕ ਐਸਿਡ ਅਤੇ ਹੋਰ ਖਣਿਜ ਜ਼ਿਆਦਾ ਮਾਤਰਾ 'ਚ ਮੌਜੂਦ ਹੋਣ। ਤੁਹਾਨੂੰ ਦੱਸ ਦੇਈਏ ਕਿ ਬਹੁਤ ਸਾਰੇ ਅਖਰੋਟ ਅਤੇ ਬੀਜਾਂ ਵਿੱਚ ਭਾਰੀ ਮਾਤਰਾ ਵਿੱਚ ਪ੍ਰੋਟੀਨ ਦੇ ਨਾਲ ਜ਼ਰੂਰੀ ਪੌਸ਼ਟਿਕ ਤੱਤ ਹੁੰਦੇ ਹਨ, ਜੋ ਤੁਹਾਨੂੰ ਸਿਹਤਮੰਦ ਰੱਖਣ ਅਤੇ ਤੁਹਾਨੂੰ ਲੋੜੀਂਦੀ ਊਰਜਾ ਦੇਣ ਵਿੱਚ ਮਦਦ ਕਰਦੇ ਹਨ। ਇਹਨਾਂ ਗਿਰੀਆਂ ਅਤੇ ਬੀਜਾਂ ਵਿੱਚ ਫਾਈਬਰ, ਮੈਗਨੀਸ਼ੀਅਮ ਅਤੇ ਪੌਲੀਅਨਸੈਚੁਰੇਟਿਡ ਫੈਟ ਹੁੰਦੇ ਹਨ।

# ਰੋਜ਼ਾਨਾ ਕਸਰਤ ਕਰਕੇ ਰਹੋ ਤੰਦਰੁਸਤ



ਇੱਕ ਰਿਸਰਚ ਮੁਤਾਬਕ ਲੰਬੇ ਸਮੇਂ ਤੱਕ ਬੈਠੇ ਰਹਿਣ ਨਾਲ ਹੋਣ ਵਾਲੇ ਮੌਤ ਦੇ ਖਤਰੇ ਨੂੰ ਸਿਰਫ 20-25 ਮਿੰਟ ਦੀ ਸਰੀਰਕ ਗਤੀਵਿਧੀ ਜਿਵੇਂ ਸਾਈਕਲਿੰਗ, ਪ੍ਰਤੀਰੋਧ ਸਿਖਲਾਈ, ਬਾਗਬਾਨੀ ਨਾਲ ਘੱਟ ਕੀਤਾ ਜਾ ਸਕਦਾ ਹੈ।

ਬ੍ਰਿਟਿਸ਼ ਜਰਨਲ ਆਫ਼ ਸਪੋਰਟਸ ਮੈਡੀਸਨ ਵਿੱਚ ਔਨਲਾਈਨ ਪ੍ਰਕਾਸ਼ਿਤ ਅਧਿਐਨ ਨੇ ਦਿਖਾਇਆ ਕਿ ਸਰੀਰਕ ਗਤੀਵਿਧੀ ਦੇ ਉੱਚ ਪੱਧਰਾਂ ਨੂੰ ਘੱਟ ਜੋਖਮ ਨਾਲ ਜੋੜਿਆ ਗਿਆ ਸੀ, ਭਾਵੇਂ ਹਰ ਰੋਜ਼ ਬੈਠਣ ਵਿੱਚ ਕਿੰਨਾ ਸਮਾਂ ਬਿਤਾਇਆ ਗਿਆ ਹੋਵੇ।

ਨਾਰਵੇ ਦੀ ਟ੍ਰੋਮਸੋ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਕਿਹਾ ਕਿ ਇੱਕ ਬਹੁਤ ਜ਼ਿਆਦਾ ਬੈਠਣ ਵਾਲੀ ਜੀਵਨ ਸ਼ੈਲੀ ਮੌਤ ਦੇ ਵਧੇ ਹੋਏ ਜੋਖਮ ਨਾਲ ਜੁੜੀ ਹੋਈ ਹੈ।

ਘੱਟੋ-ਘੱਟ 50 ਸਾਲ ਦੀ ਉਮਰ ਦੇ ਲਗਭਗ 12,000 ਲੋਕਾਂ ਦੇ ਅਧਿਐਨ ਨੇ ਦਿਖਾਇਆ ਕਿ ਰੋਜ਼ਾਨਾ ਅੱਠ ਘੰਟੇ ਦੀ ਗਿਣਤੀ ਦੇ ਮੁਕਾਬਲੇ ਦਿਨ ਵਿੱਚ 12 ਘੰਟੇ ਤੋਂ ਵੱਧ ਬੈਠਣ ਨਾਲ ਮੌਤ ਦਾ ਖ਼ਤਰਾ 38 ਪ੍ਰਤੀਸ਼ਤ ਵੱਧ ਜਾਂਦਾ ਹੈ।

ਪ੍ਰਤੀ ਦਿਨ 22 ਮਿੰਟ ਤੋਂ ਵੱਧ ਦਰਮਿਆਨੀ ਤੋਂ ਜ਼ੋਰਦਾਰ ਸਰੀਰਕ ਗਤੀਵਿਧੀ ਮੌਤ ਦੇ ਘੱਟ ਜੋਖਮ ਨਾਲ ਜੁੜੀ ਹੋਈ ਸੀ। ਜਦੋਂ ਕਿ ਜ਼ੋਰਦਾਰ ਸਰੀਰਕ ਗਤੀਵਿਧੀ ਮੌਤ ਦੇ ਘੱਟ ਜੋਖਮ ਨਾਲ ਜੁੜੀ ਹੋਈ ਸੀ, ਇੱਕ ਬੈਠੀ ਜੀਵਨਸ਼ੈਲੀ ਅਤੇ ਮੌਤ ਦੇ ਵਿਚਕਾਰ ਸਬੰਧ ਜ਼ਿਆਦਾਤਰ ਸਰੀਰਕ ਗਤੀਵਿਧੀ ਦੁਆਰਾ ਚਲਾਏ ਜਾ ਸਕਦੇ ਹਨ।



ਉਦਾਹਰਨ ਲਈ, ਇੱਕ ਦਿਨ ਵਿੱਚ 10 ਮਿੰਟ ਦੀ ਸਰੀਰਕ ਗਤੀਵਿਧੀ 10.5 ਘੰਟਿਆਂ ਤੋਂ ਘੱਟ ਸਮਾਂ ਬਿਤਾਉਣ ਵਾਲਿਆਂ ਵਿੱਚ ਮੌਤ ਦੇ 15 ਪ੍ਰਤੀਸ਼ਤ ਘੱਟ ਜੋਖਮ ਨਾਲ ਜੁੜੀ ਹੋਈ ਸੀ। ਇਸ ਦੇ ਨਾਲ ਹੀ, ਇਹ ਜੋਖਮ ਉਨ ਾਂ ਲੋਕਾਂ ਵਿੱਚ 35 ਪ੍ਰਤੀਸ਼ਤ ਘੱਟ ਸੀ ਜੋ ਪ੍ਰਤੀ ਦਿਨ 10.5 ਘੰਟਿਆਂ ਤੋਂ ਵੱਧ ਸਮਾਂ ਬਿਤਾਉਂਦੇ ਸਨ।



ਇਸ ਦੇ ਨਾਲ ਹੀ, ਜੋ ਲੋਕ ਸਰੀਰਕ ਗਤੀਵਿਧੀ ਦੁਆਰਾ ਜ਼ਿਆਦਾ ਕੈਲੋਰੀ ਬਰਨ ਕਰਦੇ ਹਨ ਅਤੇ ਦਿਨ ਵਿੱਚ 12 ਘੰਟੇ ਤੋਂ ਵੱਧ ਕੰਮ ਕਰਦੇ ਹਨ, ਉਨ ਾਂ ਵਿੱਚ ਮੌਤ ਦਾ ਜੋਖਮ ਘੱਟ ਸੀ।

ਖੋਜਕਰਤਾਵਾਂ ਨੇ ਕਿਹਾ ਕਿ ਇਹ ਇੱਕ ਨਿਰੀਖਣ ਅਧਿਐਨ ਹੈ ਅਤੇ ਇਸ ਤਰ ਾਂ, ਕਾਰਨ ਅਤੇ ਪ੍ਰਭਾਵ ਸਥਾਪਤ ਨਹੀਂ ਕੀਤਾ ਜਾ ਸਕਦਾ ਹੈ।

ਖੋਜਕਰਤਾਵਾਂ ਨੇ ਕਿਹਾ, ਘੱਟ ਸਰੀਰਕ ਗਤੀਵਿਧੀ ਵੀ ਮੌਤ ਦਰ ਦੇ ਜੋਖਮ ਨੂੰ ਘਟਾਉਣ ਲਈ ਇੱਕ ਪ੍ਰਭਾਵੀ ਰਣਨੀਤੀ ਹੋ ਸਕਦੀ ਹੈ। ਹਾਲਾਂਕਿ, ਜੇਕਰ 22 ਮਿੰਟ ਤੋਂ ਵੱਧ ਸਰੀਰਕ ਗਤੀਵਿਧੀ ਕੀਤੀ ਜਾਂਦੀ ਹੈ, ਤਾਂ ਇਹ ਜੋਖਮ ਨੂੰ ਖਤਮ ਕਰ ਦਿੰਦੀ ਹੈ।

ਖੋਜਕਰਤਾਵਾਂ ਨੇ ਕਿਹਾ, ਸਰੀਰਕ ਗਤੀਵਿਧੀ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਨਾਲ ਵਿਅਕਤੀਆਂ ਲਈ ਕਾਫ਼ੀ ਸਿਹਤ ਲਾਭ ਹੋ ਸਕਦੇ ਹਨ।




ਸਮੁੰਦਰ ਅੱਜ ਕਲ ਬੜਾ ਤੁਫ਼ਾਨੀ ਹੋਇਆ ਹੋਇਆ ਸੀ। ਜਹਾਜ਼ ਵਿਚ ਡੈੱਕ ਦੇ ਮੁਸਾਫ਼ਰ ਤਾਂ ਬਹੁਤ ਹੀ ਤਕਲੀਫ਼ ਵਿਚ ਸਨ। ਜਹਾਜ਼ ਨੇ ਦੂਜੇ ਦਿਨ ਤੋਂ ਹੀ ਬੜਾ ਡੋਲਣਾ ਸ਼ੁਰੂ ਕਰ ਦਿੱਤਾ। ਸਮੁੰਦਰ ਵਿਚ ਏਡੀ-ਏਡੀ ਛਲ ਉਠਦੀ ਕਿ ਜਹਾਜ਼ ਤੋਂ ਆਰ ਪਾਰ ਲੰਘ ਜਾਂਦੀ।

ਤੀਜੇ ਦਿਨ ਬਚਨੋ ਨੂੰ ਉਲਟੀਆਂ ਆਉਣੀਆਂ ਸ਼ੁਰੂ ਹੋ ਗਈਆਂ। ਸੰਤ ਸਿੰਘ ਤੇ ਉਹਦੀ ਵਹੁਟੀ ਦਾ ਜੀਅ ਦੂਜੇ ਦਿਨ ਤੋਂ ਹੀ ਬਹੁਤ ਕੱਚਾ ਹੋਣ ਲੱਗ ਪਿਆ ਸੀ। ਸਿਰਫ਼ ਮਤਾਬ ਨੇ ਈ ਸੁਰਤ ਸੰਭਾਲੀ ਰੱਖੀ ਸੀ ਤੇ ਉਹੀ ਬਚਨੋ ਨੂੰ ਕੁਛੜ ਲਈ ਬੈਠਾ ਰਹਿੰਦਾ, ਛੱਲਾਂ ਦੀ ਮਾਰ ਤੋਂ ਬਚਾਂਦਾ ਤੇ ਜਦੋਂ ਉਹ ਉਲਟੀ ਕਰਦੀ ਤਾਂ ਉਹਨੂੰ ਕੁਰਲੀ ਕਰਾ ਕੇ ਉਹਦਾ ਮੂੰਹ ਧੋਂਦਾ।

ਕੁਛੜ ਵਿਚ ਬੇਸੁਰਤ ਲੇਟੀ ਬਚਨੋ ਉਹਨੂੰ ਕਈ ਵਾਰ ਤਾਜੋ ਜਾਪਣ ਲੱਗ ਪੈਂਦੀ। 'ਕਬੂਤਰੀ' ਉਹ ਆਪਣੀ ਨਿੱਕੀ ਜਿਹੀ ਤਾਜੋ ਨੂੰ ਲਾਡ ਨਾਲ ਕਹਿੰਦਾ ਹੁੰਦਾ ਸੀ, ਤੇ ਹੁਣ ਤੇ ਉਹ ਵੀ ਸੁਖ ਨਾਲ ਬਚਨੋ ਜਿਡੀ ਹੋ ਗਈ ਹੋਵੇਗੀ। ਜਦੋਂ ਉਹ ਦੇਸੋਂ ਆਇਆ ਸੀ, ਉਦੋਂ ਦੀ ਤੇ ਉਹਨੂੰ ਕੋਈ ਸੰਭਾਲ ਨਹੀਂ ਹੋਣ ਲੱਗੀ! ਹੁਣ ਜਦੋਂ ਉਹ ਉਹਦੇ ਨਿੱਕੇ ਗੋਰੇ ਪੈਰਾਂ ਵਿਚ-ਉਹਦਾ ਰੰਗ ਆਪਣੀ ਮਾਂ ਤੇ ਸੀ-ਰਬੜ ਦੀਆਂ ਜੁਤੀਆਂ ਪੁਆਏਗਾ, ਤਾਂ ਉਹ ਮਾਣ ਨਾਲ ਸਾਰੇ ਪਿੰਡ ਦੇ ਨਿਆਣਿਆਂ ਨੂੰ ਤਕਾਂਦੀ ਫਿਰੇਗੀ। ਪਰ ਉਹ ਉਹਨੂੰ ਦੱਸੇਗੀ, "ਤਾਜੀਏ, ਤੇਰਾ ਅੱਬਾ ਈ! ਤੇ ਉਹਦੀ ਮਾਂ ਚੀਨੀ ਰੇਸ਼ਮ ਦੀ ਸੁੱਥਣ ਪਾ ਕੇ ਕਿੰਨੀ ਖੁਸ਼ ਹੋਏਗੀ! ਕਿਡੀ ਕੂਲੀ ਸੁੱਥਣ! ਜਦੋਂ ਉਹ ਆਇਆ ਸੀ ਤਾਂ ਉਹਨੇ ਅੱਥਰੂਆਂ ਵਿਚੋਂ ਤਕਦਿਆਂ ਉਹਨੂੰ ਕਿਹਾ ਸੀ, ਵੇਖਣਾ ਕਿਤੇ ਓਥੋਂ ਦੇ ਹੀ ਨਾ ਹੋ ਜਾਣਾ। ਤੁਹਾਨੂੰ ਮੇਰੀ ਕਸਮ, ਤਾਜੋ ਦੀ ਕਸਮ। ਤੇ ਹੁਣ ਉਹ ਉਹਦੇ ਕੋਲ ਜਾ ਰਿਹਾ ਸੀ ਤੇ ਉਹ ਉਹਦੀ ਕਸਮ ਤੇ ਪੱਕਾ ਰਿਹਾ ਸੀ। ਉਹ ਤੇ ਪਹਿਲੀਆਂ ਵਾਂਗ ਹਾਲੀ ਮੁਟਿਆਰ ਈ ਹੋਏਗੀ, ਉਹਦੀਆਂ ਅੱਖਾਂ ਵਿਚ ਸੁਰਮਾ ਓਨਾ ਹੀ ਕਾਲਾ ਹੋਏਗਾ, ਤੇ ਪਿੰਡਾ ਓਨਾ ਈ ਗੋਰਾ! ਅਚੇਤ ਹੀ ਉਹਨੇ ਆਪਣੇ ਝੁਰੜੇ ਮੂੰਹ ਤੇ ਉਂਗਲਾਂ ਫੇਰੀਆਂ , ਅਣਮੁੰਨੀ ਦਾੜ੍ਹੀ ਰੜਕੀ, ਅੱਖਾਂ ਥੱਲੇ ਕਾਲਖ਼ ਦੀਆਂ ਛਾਈਆਂ ਕੁਝ ਗਰਮ ਜਿਹੀਆਂ ਹੋ ਗਈਆਂ ਜਾਪੀਆਂ...

ਇਕ ਬੜੀ ਵੱਡੀ ਛੱਲ ਸਮੁੰਦਰ ਵਿਚੋਂ ਉਠ ਕੇ ਸਾਰੇ ਡੈੱਕ ਵਿਚ ਖਿੱਲਰ ਗਈ ਸੀ। ਤੂਫ਼ਾਨਾਂ ਕਰ ਕੇ ਜਹਾਜ਼ ਦੋ ਦਿਨ ਪਛੜ ਕੇ ਕਲਕੱਤੇ ਲਗਿਆ। ਇਥੇ ਫ਼ਸਾਦਾਂ ਦਾ ਜ਼ੋਰ ਸੀ। ਸੰਤ ਸਿੰਘ, ਉਹਦਾ ਟੱਬਰ, ਤੇ ਮਤਾਬ ਰਾਤ ਨੂੰ ਈ ਗੱਡੀ ਚੜ੍ਹ ਗਏ। ਗੱਡੀ ਵਿਚ ਵੀ ਸਫ਼ਰ ਜਹਾਜ਼ ਜਿੰਨਾ ਹੀ ਔਖਾ ਸੀ, ਪੰਧ ਵੀ ਓਨਾ ਈ ਸੀ, ਪਰ ਹੁਣ ਉਨ੍ਹਾਂ ਨੂੰ ਕੋਈ ਏਡਾ ਤੌਖ਼ਲਾ ਨਹੀਂ ਸੀ-ਉਹ ਆਪਣੇ ਦੇਸ ਦੀ ਧਰਤੀ ਤੇ ਜੁ ਸਨ। ਰਾਹ ਵਿਚ ਉਨ੍ਹਾਂ ਕੁਝ ਅੰਬ ਖ਼ਰੀਦੇ। ਕੁਝ ਉਨ੍ਹਾਂ ਖਾ ਲਏ ਤੇ ਕੁਝ ਆਪੋ ਆਪਣੀ ਘਰੀਂ ਸੁਗਾਤ ਵਜੋਂ ਲਿਜਾਣ ਲਈ ਬੰਨ੍ਹ ਲਏ।

ਬਚਨੋ ਮਲਾਇਆ ਵਿਚ ਹੀ ਜੰਮੀ ਸੀ, ਤੇ ਪਹਿਲੀ ਵਾਰ ਦੇਸ ਆਈ ਸੀ। ਉਹਨੇ ਅੱਜ ਅੰਬ ਪਹਿਲੀ ਵਾਰ ਚੱਖਿਆ ਸੀ, ਉਹਨੂੰ ਇਹ ਬੜਾ ਹੀ ਸੁਆਦ ਲਗਿਆ। ਉਹਨੇ ਮਤਾਬ ਨੂੰ ਕਿਹਾ, ਚਾਚਾ, ਸਾਡਾ ਦੇਸ ਬੜਾ ਈ ਚੰਗਾ ਏ, ਓਨਾ ਈਓਂ ਚੰਗਾ ਜਿੰਨਾ ਤੂੰ ਕਹਿੰਦਾ ਸੀ।

ਮਤਾਬ ਨੇ ਉਹਨੂੰ ਚੁੰਮ ਲਿਆ। ਉਹਦੇ ਮੂੰਹ ਵਿਚੋਂ ਅੰਬ ਦੀ ਵਾਸ਼ਨਾ ਆ ਰਹੀ ਸੀ। ਮਤਾਬ ਨੂੰ ਇਹ ਸੋਚ ਕੇ ਅਜੀਬ ਸੁਖ ਹੋਇਆ ਕਿ ਤਾਜੋ ਨੂੰ ਵੀ ਇਹ ਏਨਾ ਈ ਚੰਗਾ ਲਗੇਗਾ, ਤੇ ਉਹਦੀ ਮਾਂ ਨੂੰ ਵੀ, ਤੇ ਉਨ੍ਹਾਂ ਦੇ ਮੂੰਹਾਂ ਵਿਚੋਂ ਵੀ ਇੰਜ ਦੀ ਵਾਸ਼ਨਾ ਆਏਗੀ....

ਅਖ਼ੀਰ ਗੱਡੀ ਏਡਾ ਪੰਧ ਚੀਰ ਕੇ ਓਸ ਸਟੇਸ਼ਨ 'ਤੇ ਪੁਜ ਗਈ ਜਿਥੇ ਮਤਾਬ ਤੇ ਸੰਤ ਸਿੰਘ ਨੇ ਉਤਰਨਾ ਸੀ। ਸਟੇਸ਼ਨ ਤੇ ਅਜੀਬ ਘੁਟੀ ਘੁਟੀ ਫ਼ਿਜ਼ਾ ਸੀ। ਸਿੱਖ ਤੇ ਹਿੰਦੂ ਸਵਾਰੀਆਂ ਦੀਆਂ ਟੋਲੀਆਂ ਵੱਖ ਬੈਠੀਆਂ ਹੋਈਆਂ ਸਨ, ਮੁਸਲਮਾਨ ਸਵਾਰੀਆਂ ਦੀਆਂ ਵੱਖ। ਬੜੇ ਪੁਲਸੀਏ ਇਧਰ ਉਧਰ ਫਿਰ ਰਹੇ ਸਨ। ਮਤਾਬ ਤੇ ਸੰਤ ਸਿੰਘ ਨੇ ਅੱਗੇ ਕਦੇ ਸਟੇਸ਼ਨ ਤੇ ਏਨੀ ਪੁਲਿਸ ਨਹੀਂ ਸੀ ਵੇਖੀ, ਤੇ ਉਨ੍ਹਾਂ ਤਕਿਆ ਕਿ ਭੀਖ ਮੰਗਦੇ ਫ਼ਕੀਰ ਮੰਗਣ ਤੋਂ ਪਹਿਲਾਂ ਟੀਰੀ ਅੱਖ ਨਾਲ ਜਾਂਚ ਲੈਂਦੇ ਸਨ ਕਿ ਕਿਤੇ ਉਹ ਗ਼ੈਰ-ਮਜ਼ਹਬ ਵਾਲੇ ਕੋਲੋਂ ਤਾਂ ਨਹੀਂ ਸਨ ਮੰਗ ਰਹੇ।

ਸਟੇਸ਼ਨੋਂ ਬਾਹਰ ਨਿਕਲ ਕੇ ਸੰਤ ਸਿੰਘ ਨੇ ਇਕ ਟਾਂਗੇ ਵਾਲੇ ਨੂੰ ਬੁਲਾਇਆ। ਇਕ ਸਿੱਖ ਟਾਂਗੇ ਵਾਲਾ ਆ ਗਿਆ।

"ਭਾਈ, ਮੋਟਰਾਂ ਦੇ ਅੱਡੇ ਤੇ ਚਲਣਾਂ। ਤਿੰਨ ਸਵਾਰੀਆਂ ਤੇ ਇਕ ਬਾਲ ਊ। ਕੀ ਲਵੇਂਗਾ?

ਟਾਂਗੇ ਵਾਲੇ ਨੇ ਮਤਾਬ ਵਲ ਇਸ਼ਾਰਾ ਕਰ ਕੇ ਪੁਛਿਆ, ਇਹ ਮੁਸਲਮਾਨ ਆ?

ਹਾਂ, ਹੈਰਾਨ ਸੰਤ ਸਿੰਘ ਨੇ ਹੁੰਗਾਰਾ ਭਰਿਆ।

"ਇਹਨੂੰ ਇਸ ਟਾਂਗੇ ਵਿਚ ਨਾ ਬਿਠਾਓ। ਜਿਧਰੋਂ ਮੈਂ ਜਾਣਾ ਏਂ, ਉਧਰੋਂ ਇਹਦੇ ਲਈ ਚੰਗਾ ਨਹੀਂ। ਤੁਸੀਂ ਜੰਮ ਜੰਮ ਚਲੋ।

ਏਨੇ ਨੂੰ ਇਕ ਮੁਸਲਮਾਨ ਟਾਂਗੇ ਵਾਲਾ ਵੀ ਮਤਾਬ ਦੀਨ ਕੋਲ ਆ ਗਿਆ:

ਮੋਟਰਾਂ ਦੇ ਅੱਡੇ ਜਾਣਾ ਜੇ? ਤੁਸੀਂ ਮੇਰੇ ਨਾਲ ਬਹਿ ਜਾਓ। ਸਰਦਾਰ ਦੇ ਟਾਂਗੇ ਨੇ ਜਿਧਰੋਂ ਲੰਘਣਾ ਏ, ਓਧਰ ਬਹੁਤੇ ਹਿੰਦੂ ਰਹਿੰਦੇ ਨੇ। ਮੈਂ ਮੁਸਲਮਾਨ ਮਹੱਲੇ ਵਿਚੋਂ ਲੰਘਾ ਲਜਾਊਂ। ਭਾਵੇਂ ਇੰਝ ਵਲਾ ਤਾਂ ਪਊ-ਪਰ ਬਚਾਅ ਏਸੇ ਵਿਚ ਈ ਆ।

ਮਜਬੂਰੀਂ ਦੋਵੇਂ ਵੱਖ ਵੱਖ ਟਾਂਗਿਆਂ ਵਿਚ ਬਹਿ ਗਏ।

ਬਚਨੋ ਆਪਣੇ ਟਾਂਗੇ ਵਿਚ ਰੋਣ ਲੱਗ ਪਈ, ਚਾਚਾ, ਤੂੰ ਕਿਥੇ ਚਲਿਐਂ? ਤੂੰ ਤੇ ਕਹਿੰਦਾ ਸੀ, ਤੂੰ ਮੈਨੂੰ ਤਾਜੋ ਕੋਲ ਲੈ ਚਲੇਂਗਾ ਤੇ ਤਾਜੋ ਤੇ ਮੈਂ ਪੱਕੀਆਂ ਸਹੇਲੀਆਂ ਬਣ ਜਾਵਾਂਗੀਆਂ।

ਸਿੱਖ ਟਾਂਗੇ ਵਾਲੇ ਨੇ ਘੋੜੇ ਨੂੰ ਚਾਬਕ ਮਾਰੀ। ਟਾਂਗਾ ਤੁਰ ਪਿਆ। ਬਚਨੋ ਹਾਲੀ ਵੀ ਮਤਾਬ ਚਾਚੇ ਨੂੰ ਬੁਲਾ ਰਹੀ ਸੀ।

ਭਾਵੇਂ ਮਤਾਬ ਦੇ ਟਾਂਗੇ ਨੂੰ ਵਲਾ ਪਾ ਕੇ ਵੀ ਆਉਣਾ ਪਿਆ ਸੀ। ਪਰ ਉਹ ਸੰਤ ਸਿੰਘ ਦੇ ਟਾਂਗੇ ਨਾਲੋਂ ਪਹਿਲਾਂ ਅੱਡੇ 'ਤੇ ਪੁਜ ਗਿਆ ਤੇ ਲਾਰੀ ਵਿਚ ਉਨ੍ਹਾਂ ਦੀ ਥਾਂ ਰਖਵਾ ਕੇ ਇਧਰ ਉਧਰ ਫਿਰਨ ਲਗ ਪਿਆ। ਸਾਹਮਣੇ ਹੀ ਇਕ ਆਟੇ ਦਾਣੇ ਦੀ ਦੁਕਾਨ ਸੀ। ਮਤਾਬ ਨੇ ਸੋਚਿਆ ਦੋ ਦੇਗ਼ਾਂ ਚੌਲਾਂ ਦੀਆਂ ਜੁ ਖੁਆਣੀਆਂ ਨੇ, ਭਾ ਹੀ ਪੁਛ ਲਵਾਂ। ਪਰ ਦੁਕਾਨਦਾਰ ਨੇ ਉਹਦੇ ਨਾਲ ਗਲ ਵੀ ਨਾ ਕੀਤੀ, ਸਿਰਫ਼ ਸਿਰ ਹਿਲਾ ਕੇ ਦੱਸ ਦਿੱਤਾ ਕਿ ਚੌਲ ਹੈ ਨਹੀਂ।ਮਤਾਬ ਫੇਰ ਲਾਰੀ ਵਿਚ ਆ ਬੈਠਾ। ਹੁਣ ਤਾਜੋ ਤੇ ਉਹਦੀ ਮਾਂ ਸਮੁੰਦਰਾਂ ਦੀ ਵਿਥ ਤੇ ਨਹੀਂ ਸਨ। ਉਹਦਾ ਕਰਜ਼ਾ ਲਹਿ ਚੁਕਿਆ ਸੀ। ਹੁਣ ਪਿੰਡ ਵਿਚ ਉਹ ਅੱਗੇ ਨਾਲੋਂ ਬਹੁਤ ਸੁਖੀ ਹੋਣਗੇ। ਦਰਿਆ ਵੀ ਉਨ੍ਹਾਂ ਦੀ ਜ਼ਮੀਨ ਤੋਂ ਲਥ ਗਿਆ ਸੀ, ਜ਼ਮੀਨ ਵਾਹਵਾ ਹੋ ਗਈ ਹੋਊ, ਤੇ ਨਾਲੇ ਲੋਕੀ ਆਖਦੇ ਸਨ ਹੁਣ ਆਜ਼ਾਦੀ ਮਿਲਣ ਵਾਲੀ ਆ, ਫ਼ਰੰਗੀਆਂ ਮਹੀਨੇ ਡੂਢ ਨੂੰ ਤੁਰ ਜਾਣਾਂ.......

ਕਾਫ਼ੀ ਦੇਰ ਹੋ ਗਈ ਸੀ, ਪਰ ਸੰਤ ਸਿੰਘ ਦਾ ਟਾਂਗਾ ਹਾਲੀ ਵੀ ਕਿਧਰੇ ਦਿਖਾਈ ਨਹੀਂ ਸੀ ਦੇ ਰਿਹਾ। ਲਾਰੀ ਵਾਲੇ ਨੇ ਦੱਸਿਆ ਕਿ ਉਹਨੇ ਘੰਟੇ ਨੂੰ ਚਲਣਾ ਹੈ। ਮਤਾਬ ਨੇ ਸੋਚਿਆ, ਕਾਫ਼ੀ ਵਕਤ ਹੈ, ਰਤਾ ਅਗੇਰੇ ਹੋ ਕੇ ਵੱਡੀ ਸੜਕ ਤਕ ਵੇਖ ਆਵਾਂ।

ਅਗਲੀ ਸੜਕ ਤੇ ਜਾ ਕੇ ਦੂਰ ਮੋੜ ਕੋਲੋਂ ਉਹਨੂੰ ਪਹਿਲਾਂ ਇਕ ਜ਼ੋਰ ਦੇ ਧਮਾਕੇ ਦੀ ਵਾਜ ਆਈ। ਫੇਰ ਓਥੇ ਉਹਨੂੰ ਇੱਕ ਟਾਂਗਾ ਡਿਗਿਆ ਪਿਆ ਦਿਸਿਆ। ਸੜਕ ਖਾਲੀ ਸੀ। ਉਹ ਓਧਰ ਨੂੰ ਤੇਜ਼-ਤੇਜ਼ ਤੁਰ ਪਿਆ। ਉਹਦਾ ਦਿਲ ਡਰ ਨਾਲ ਜੰਮ ਗਿਆ ਸੀ।

ਕੋਲ ਪੁਜ ਕੇ ਉਹਨੇ ਤਕਿਆ, ਸੰਤ ਸਿੰਘ ਤੇ ਉਹਦੀ ਵਹੁਟੀ ਦੀਆਂ ਲਾਸ਼ਾਂ ਭੈੜੀ ਤਰ੍ਹਾਂ ਕੱਟੀਆਂ ਵਢੀਆਂ ਪਈਆਂ ਸਨ। ਸੰਤ ਸਿੰਘ ਦੀਆਂ ਲੱਤਾਂ ਕੁਝ ਵਿਥ 'ਤੇ ਜਾ ਡਿਗੀਆਂ ਸਨ। ਬਚਨੋ ਦੀ ਮਾਂ ਦੀ ਛਾਤੀ ਵਿਚ ਇਕ ਲੋਹੇ ਦਾ ਟੁਕੜਾ ਵਜਿਆ ਹੋਇਆ ਸੀ, ਲਹੂ ਦੀ ਛਪੜੀ ਉਹਦੇ ਦੁਆਲੇ ਲਗੀ ਹੋਈ ਸੀ, ਤੇ ਉਹਦੀਆਂ ਬਾਹਵਾਂ ਇਕ ਪਾਸੇ ਨੂੰ ਟੱਡੀਆਂ ਹੋਈਆਂ ਸਨ। ਏਸ ਪਾਸੇ ਕੁਝ ਦੂਰ ਬਚਨੋ ਬੇਸੁਧ ਪਈ ਸੀ। ਉਹਦੀਆਂ ਬਾਹਵਾਂ ਤੇ ਮੱਥੇ ਤੋਂ ਲਹੂ ਸਿੰਮ ਰਿਹਾ ਸੀ। ਮਤਾਬ ਨੇ ਝਟ ਪਟ ਡਡਿਆ ਕੇ ਬਚਨੋ ਨੂੰ ਚੁਕ ਲਿਆ, ਉਹਦਾ ਪਿੰਡਾ ਹਾਲੀ ਨਿਘਾ ਸੀ ਤੇ ਉਹਨੂੰ ਸਾਹ ਆ ਰਿਹਾ ਸੀ।

ਮਤਾਬ ਬੇਹੋਸ਼ ਬਚਨੋ ਨੂੰ ਲੈ ਕੇ ਤੇਜ਼ੀ ਨਾਲ ਅੱਡੇ ਵਲ ਤੁਰ ਪਿਆ। ਮਾਂ ਪਿਓ ਮਹਿੱਟਰ ਬਚਨੋ ਉਤੇ ਮਤਾਬ ਦੇ ਅੱਥਰੂ ਫਰਨ ਫਰਨ ਡੁੱਲ੍ਹ ਰਹੇ ਸਨ। ਇਹ ਪਹਿਲੀ ਵਾਰੀ ਆਪਣੇ ਦੇਸ ਆਈ ਸੀ, ਮਤਾਬ ਨੇ ਸੋਚਿਆ, ਤੇ ਕਿਵੇਂ ਸੰਤ ਸਿੰਘ ਤੇ ਉਹ ਦੇਸ ਆਉਣ ਦੀ ਤਾਂਘ ਵਿੱਚ ਇਕੱਠੇ ਰਿਕਸ਼ਾ ਚਲਾਂਦੇ ਰਹੇ ਸਨ, ਕਿਵੇਂ ਸੰਤ ਸਿੰਘ ਦੇਸ ਦੀ ਘੋਨੀ ਕਣਕ ਦੀ ਰੋਟੀ ਲਈ ਸਹਿਕਦਾ ਹੁੰਦਾ ਸੀ! ਬਚਨੋ ਦੀ ਮਾਂ ਨੇ ਹਾਲੀ ਉਹ ਰੇਸ਼ਮੀ ਸੁੱਥਣ ਸੁਆਣੀ ਸੀ! ਕਿਵੇਂ ਚਿਰਾਂ ਵਿਛੁੰਨੇ ਦੇਸ਼ ਦੀ ਹਰ ਸ਼ੈ ਬੜੇ ਚਾਅ ਨਾਲ ਉਹ ਆਪਣੀਆਂ ਅੱਖਾਂ ਵਿਚ ਰਚਾ ਲੈਣਾ ਚਾਹੁੰਦੇ ਸਨ! ਹੁਣੇ ਈ ਉਹ ਦੋਵੇਂ ਜਿਉਂਦੇ ਸਨ, ਜ਼ਿੰਦਗੀ ਦੀਆਂ ਨਿੱਕੀਆਂ ਵੱਡੀਆਂ ਆਸਾਂ ਨਾਲ ਧੜਕਦੇ, ਤੇ ਹੁਣ ਸਿਰਫ਼ ਬਚਨੋ ਏਸ ਸਭ ਕਾਸੇ ਦੀ ਕਬਰ ਤੇ ਇਕੋ ਇਕ ਜ਼ਿੰਦਗੀ ਦੀ ਚਿਣਗ ਬਾਕੀ ਰਹਿ ਗਈ ਸੀ,... ਉਹ ਇਹਨੂੰ ਕਦੇ ਬੁਝਣ ਨਹੀਂ ਦਏਗਾ, ਕਦੇ ਵੀ ਨਹੀਂ....

ਬਚਨੋ, ਮੈਂ ਮਤਾਬ, ਤੈਨੂੰ ਪਾਲੂੰ। ਆਪਣੀ ਤਾਜੋ ਵਾਂਗ। ਤੁਸੀਂ ਪੱਕੀਆਂ ਸਹੇਲੀਆਂ ਨਹੀਂ, ਭੈਣਾਂ ਬਣੋਗੀਆਂ, ਮਤਾਬ ਉੱਚੀ ਉੱਚੀ ਬੇਹੋਸ਼ ਬਚਨੋ ਨੂੰ ਸੁਣਾ ਰਿਹਾ ਸੀ।

ਸ਼ੈਦ ਬਚਨੋ ਨੇ ਸੁਣ ਲਿਆ, ਉਹਨੇ ਅੱਖਾਂ ਫਰਕੀਆਂ, ਚਾਚਾ....ਤੂੰ....

ਅਚਾਨਕ ਪਿਛੋਂ ਮਤਾਬ ਦੇ ਕਿਸੇ ਛੁਰਾ ਖੋਭ ਦਿੱਤਾ। ਬੇਸੁਰਤ ਬਚਨੋ ਉਹਦੀਆਂ ਬਾਹਵਾਂ ਵਿਚੋਂ ਡਿਗ ਪਈ।

ਏਸ ਛੋਟੇ ਸੱਪ ਨੂੰ ਵੀ ਝਟਕਾ ਛਡੋ, ਮਤਾਬ ਦੇ ਮਰਦੇ ਕੰਨਾਂ ਨੇ ਸੁਣਿਆ-ਤੇ ਫੇਰ ਇਕ ਬਾਲੜੀ ਚੀਕ।

ਮਤਾਬ ਨੇ ਅੰਤਾਂ ਦੀ ਪੀੜ ਜਰ ਕੇ ਵੀ ਬਚਨੋ ਵਲ ਆਪਣੀਆਂ ਬਹਾਵਾਂ ਵਧਾਣ ਦਾ ਜਤਨ ਕੀਤਾ, ਪਰ ਇਹ ਉਹਦੀ ਵਿਤੋਂ ਵਧ ਸੀ, ਬਚਨੋ....ਤਾਜੋ.... ਤੇ ਉਹਦੀਆਂ ਬਾਹਵਾਂ ਓਸ ਪਾਸੇ ਵੱਲ ਨੂੰ ਡਿਗ ਪਈਆਂ।

ਕਰਫ਼ਿਊ ਦਾ ਸਾਇਰਨ ਚੀਕ ਰਿਹਾ ਸੀ, ਉਸ ਪਿੰਡ ਦੇ ਕੁੱਤਿਆਂ ਦੇ ਰੋਣ ਵਾਂਗ ਜਿਦ੍ਹੇ ਉਤੇ ਮੌਤ ਆਣ ਵਾਲੀ ਹੋਵੇ। ਸੜਕ ਉਤੇ ਗੋਰਾ ਫ਼ੌਜ ਦੇ ਸਿਵਾ ਕੋਈ ਨਹੀਂ ਸੀ।

---

ਰੂਸੀ ਬਾਲ ਕਹਾਣੀ

# ਮਹਾਂ-ਮੂਰਖ

ਪਿਆਰੇ ਬੱਚਿਓ! ਬਹੁਤ ਪੁਰਾਣੇ ਸਮੇਂ ਦੀ ਗੱਲ ਹੈ, ਕਿਸੇ ਰਾਜ ਦੇ ਇੱਕ ਪਿੰਡ ਵਿੱਚ ਇੱਕ ਗ਼ਰੀਬ ਪਰਿਵਾਰ ਰਹਿੰਦਾ ਸੀ । ਪਰਿਵਾਰ ਦਾ ਮੁਖੀਆ ਮਿਹਨਤ-ਮਜ਼ਦੂਰੀ ਕਰਕੇ ਗੁਜ਼ਾਰਾ ਕਰਦਾ ਸੀ । ਔਲਾਦ ਦੇ ਨਾਂਅ 'ਤੇ ਉਸਦੇ ਘਰ ਇੱਕ ਪੁੱਤਰ ਅਤੇ ਧੀ ਸੀ ਤੇ ਦੋਵੇਂ ਹੀ ਵਿਆਹੇ ਹੋਏ ਸਨ । ਘਰ ਦਾ ਮੁਖੀਆ ਜਿੱਥੇ ਦਿਨ-ਰਾਤ ਮਿਹਨਤ ਕਰਦਾ ਸੀ, ਉੱਥੇ ਉਸਦਾ ਪੁੱਤਰ ਸਿਰੇ ਦਾ ਨਿਕੰਮਾ ਅਤੇ ਆਲਸੀ ਸੀ । ਜਦੋਂ ਦੀ ਉਸਦੀ ਸੁਰਤ ਸੰਭਲੀ ਸੀ, ਉਸਨੇ ਕਦੇ ਡੱਕਾ ਦੂਹਰਾ ਕਰਕੇ ਨਹੀਂ ਸੀ ਵੇਖਿਆ । ਉਹ ਬਿਨਾ ਨ੍ਹਾਤੇ-ਧੋਤੇ ਜੰਗਲ ਵੱਲ ਨਿੱਕਲ ਜਾਂਦਾ ਤੇ ਸਾਰੀ ਦਿਹਾੜੀ ਬੇਰੀਆਂ ਦੇ ਬੇਰ ਆਦਿ ਖਾਂਦਾ ਰਹਿੰਦਾ ਤੇ ਮੂੰਹ-ਹਨ੍ਹੇਰੇ ਹੀ ਘਰ ਵੜਦਾ । ਜਦੋਂ ਵੀ ਕਦੇ ਉਸਦਾ ਪਿਤਾ ਉਸਨੂੰ ਕੋਈ ਕੰਮ-ਧੰਦਾ ਕਰਨ ਲਈ ਕਹਿੰਦਾ ਤਾਂ ਉਹ ਘੜਿਆ-ਘੜਾਇਆ ਬੱਸ ਇੱਕੋ ਜਵਾਬ ਹੀ ਦਿੰਦਾ ਕਿ ਮੈਂ ਤਾਂ ਬਿਨਾ ਹੱਥ ਹਿਲਾਇਆਂ ਹੀ ਅਮੀਰ ਬਣਨਾ ਹੈ ।

ਇੰਜ ਦਿਨ ਬਤੀਤ ਹੁੰਦੇ ਗਏ, ਪਰਿਵਾਰ ਦਾ ਮੁਖੀਆ ਇੱਕ ਦਿਨ ਅਚਾਨਕ ਅਕਾਲ ਚਲਾਣਾ ਕਰ ਗਿਆ । ਬਜ਼ੁਰਗ ਪਿਤਾ ਦੀਆਂ ਅੰਤਿਮ ਰਸਮਾਂ ਕਰਨ ਤੋਂ ਬਾਅਦ ਹੁਣ ਉਸਦੀ ਘਰ ਵਾਲੀ ਉਸਨੂੰ ਕੋਈ ਕੰਮ-ਕਾਰ ਕਰਕੇ ਪੈਸਾ ਕਮਾਕੇ ਲਿਆਉਣ ਲਈ ਕਹਿੰਦੀ, ਪ੍ਰੰਤੂ ਉਹ ਆਪਣੀ ਅੜੀ ਤੋਂ ਟੱਸ ਤੋਂ ਮੱਸ ਨਾ ਹੁੰਦਾ । ਉਸਦੀ ਘਰਵਾਲੀ ਉਸਨੂੰ ਕੰਮ ਕਰਨ ਲਈ ਕਹਿੰਦੀ ਤਾਂ ਘਰ ਵਿੱਚ ਕਲੇਸ਼ ਰਹਿਣ ਲੱਗ ਪਿਆ । ਅਖੀਰ ਇੱਕ ਦਿਨ ਅਜਿਹਾ ਵੀ ਆਇਆ ਜਦੋਂ ਉਹ ਇਹ ਸੋਚ ਕੇ ਘਰੋਂ ਨਿੱਕਲ ਗਿਆ ਕਿ ਉਹ ਘਰ ਉਦੋਂ ਹੀ ਪਰਤੇਗਾ ਜਦੋਂ ਅਮੀਰ ਹੋ ਜਾਵੇਗਾ ।

ਪਿਆਰੇ ਬੱਚਿਓ! ਮੰਜ਼ਿਲ ਤਾਂ ਉਸਦੀ ਕੋਈ ਹੈ ਹੀ ਨਹੀਂ ਸੀ, ਉਹ ਨੱਕ ਦੀ ਸੇਧ ਘਰੋਂ ਤੁਰ ਪਿਆ । ਤੁਰਦਿਆਂ-ਤੁਰਦਿਆਂ ਉਹ ਇੱਕ ਜੰਗਲ ਵਿੱਚੋਂ ਲੰਘ ਰਿਹਾ ਸੀ ਕਿ ਉਸਨੂੰ ਇੱਕ ਬਘਿਆੜ ਮਿਲ ਗਿਆ । ਬਘਿਆੜ ਨੇ ਉਸਨੂੰ ਪੁੱਛਿਆ- ਦੋਸਤ ਕਿੱਥੇ ਜਾ ਰਿਹੈਂ? ਉਸਨੇ ਬਘਿਆੜ ਨੂੰ ਆਪਣੇ ਸਫ਼ਰ 'ਤੇ ਜਾਣ ਦਾ ਮਨੋਰਥ ਦੱਸਦਿਆਂ ਕਿਹਾ ਕਿ ਉਹ ਕਿਸੇ ਅਜਿਹੇ ਮਨੁੱਖ ਦੀ ਭਾਲ ਵਿੱਚ ਹੈ ਜੋ ਉਸਨੂੰ ਇਹ ਗੁਰ ਦੱਸ ਸਕੇ ਕਿ ਬਿਨਾ ਹੱਥ ਹਿਲਾਇਆਂ ਅਮੀਰ ਕਿਵੇਂ ਬਣਿਆ ਜਾ ਸਕਦਾ ਹੈ । ਬਘਿਆੜ ਨੇ ਉਸਨੂੰ ਕਿਹਾ ਕਿ ਜੇ ਤੈਨੂੰ ਕੋਈ ਅਜਿਹਾ ਮਨੁੱਖ ਮਿਲ ਜਾਵੇ ਤਾਂ ਤੂੰ ਮੇਰੇ ਬਾਰੇ ਵੀ ਜ਼ਰੂਰ ਪੁੱਛ ਕੇ ਆਵੀਂ ਕਿ ਮੇਰੇ ਢਿੱਡ ਵਿੱਚ ਹਮੇਸ਼ਾ ਹੀ ਮਿੰਨ੍ਹਾ-ਮਿੰਨ੍ਹਾ ਦਰਦ ਕਿਉਂ ਹੁੰਦਾ ਰਹਿੰਦਾ ਹੈ? ਇਹ ਕਿਵੇਂ ਠੀਕ ਹੋਵੇਗਾ? ਅੱਛਾ! ਕਹਿਕੇ ਉਹ ਅੱਗੇ ਤੁਰ ਪਿਆ ।

ਜੰਗਲ ਲੰਘਕੇ ਅੱਗੇ ਉਹ ਇੱਕ ਤਲਾਬ ਕੋਲ ਦੀ ਲੰਘ ਰਿਹਾ ਸੀ ਤਾਂ ਤਲਾਬ ਦੀ ਇੱਕ ਮੱਛੀ ਨੇ ਪਾਣੀ ਵਿੱਚੋਂ ਉੱਚੀ ਛਲਾਂਗ ਲਾਉਂਦਿਆਂ ਉਸਨੂੰ ਪੁੱਛਿਆ ਕਿ ਰਾਹੀਆ ਤੂੰ ਕਿੱਧਰ ਜਾ ਰਿਹੈਂ? ਤਾਂ ਉਸਨੇ ਮੱਛੀ ਨੂੰ ਆਪਣੇ ਸਫ਼ਰ ਦੇ ਮਕਸਦ ਬਾਰੇ ਦੱਸਿਆ ਤਾਂ ਮੱਛੀ ਨੇ ਝੱਟਪੱਟ ਉਸਨੂੰ ਕਿਹਾ ਕਿ ਜੇਕਰ ਤੈਨੂੰ ਕੋਈ ਅਜਿਹਾ ਕਰਾਮਾਤੀ ਇਨਸਾਨ ਮਿਲ ਜਾਵੇ ਤਾਂ ਫਿਰ ਮੇਰੇ ਬਾਰੇ ਵੀ ਪੁੱਛਕੇ ਆਵੀਂ- ਮੇਰੇ ਗਲੇ ਵਿੱਚ ਹਮੇਸ਼ਾ ਦਰਦ ਕਿਉਂ ਰਹਿੰਦਾ ਹੈ? ਅੱਛਾ! ਕਹਿਕੇ ਉਹ ਨੌਜਵਾਨ ਫਿਰ ਅੱਗੇ ਤੁਰ ਪਿਆ ।

ਤੁਰਦਿਆਂ-ਤੁਰਦਿਆਂ ਉਸ ਨੂੰ ਰਾਤ ਪੈ ਗਈ । ਰਾਤ ਦੇ ਹਨ੍ਹੇਰੇ ਵਿੱਚ ਉਹ ਇੱਕ ਵੱਡੇ ਸਾਰੇ ਜਾਮਣ ਦੇ ਦਰੱਖਤ ਦੇ ਟਾਹਣੇ 'ਤੇ ਚੜ੍ਹਕੇ ਬੈਠ ਗਿਆ ਤਾਂ ਕਿ ਕੋਈ ਮਾਸਾਹਾਰੀ ਜਾਨਵਰ ਹੀ ਨਾ ਮਾਰ ਕੇ ਖਾ ਜਾਵੇ । ਜਦੋਂ ਸਵੇਰ ਹੋਣ 'ਤੇ ਉਹ ਉੱਥੋਂ ਤੁਰਨ ਲੱਗਾ ਤਾਂ ਉਸ ਜਾਮਣ ਦੇ ਦਰੱਖਤ ਨੇ ਉਸਨੂੰ ਪੁੱਛਿਆ ਕਿ ਹੇ ਰਾਹੀਆ ਤੂੰ ਕਿੱਧਰ ਜਾ ਰਿਹੈਂ? ਤਾਂ ਉਸਨੇ ਦਰੱਖਤ ਨੂੰ ਵੀ ਆਪਣੇ ਸਫਰ 'ਤੇ ਜਾਣ ਦਾ ਮਕਸਦ ਦਸ ਦਿੱਤਾ । ਉਸਦੀ ਗੱਲ ਸੁਣਕੇ ਜਾਮਣ ਦਾ ਦਰੱਖਤ ਵੀ ਉਸਨੂੰ ਕਹਿਣ ਲੱਗਾ- ਹੇ ਭਲੇ ਮਨੁੱਖ ਜੇ ਤੈਨੂੰ ਕੋਈ ਅਜਿਹਾ ਦਰਵੇਸ਼ ਮਨੁੱਖ ਸੱਚਮੁੱਚ ਹੀ ਮਿਲ ਜਾਵੇ ਤਾਂ ਮੇਰੇ ਬਾਰੇ ਜਰੂਰ ਪੁੱਛਕੇ ਆਵੀਂ ਕਿ ਮੈਨੂੰ ਕਦੇ ਫੁੱਲ, ਫਲ ਕਿਉਂ ਨਹੀਂ ਲੱਗਦੇ? ਅੱਛਾ! ਕਹਿਕੇ ਉਹ ਫਿਰ ਅੱਗੇ ਤੁਰ ਪਿਆ ।

ਉਹ ਤੁਰੀ ਜਾ ਰਿਹਾ ਸੀ ਤੇ ਅਗਲੀ ਰਾਤ ਪੈਣ 'ਤੇ ਅਚਾਨਕ ਉਸਨੂੰ ਕੁਝ ਦੂਰੀ 'ਤੇ ਇੱਕ ਝੁੱਗੀ ਦਿਸੀ । ਜਿਸ 'ਚੋਂ ਦੀਵੇ ਦੀ ਰੌਸ਼ਨੀ ਵੀ ਦਿਖਾਈ ਦੇ ਰਹੀ ਸੀ । ਉਹ ਉਸ ਝੁੱਗੀ ਦੇ ਨੇੜੇ ਗਿਆ ਤਾਂ ਕੀ ਦੇਖਦਾ ਹੈ ਕਿ ਝੁੱਗੀ ਅੰਦਰ ਇੱਕ ਸਾਧੂ ਸਮਾਧੀ ਲਾਈ ਬੈਠਾ ਭਗਤੀ ਕਰ ਰਿਹਾ ਹੈ । ਉਹ ਝੁੱਗੀ ਦੇ ਅੰਦਰ ਗਿਆ ਤੇ ਸਾਧੂ ਨੂੰ ਮੱਥਾ ਟੇਕ ਕੇ ਝੁੱਗੀ ਦੇ ਇੱਕ ਕੋਨੇ ਵਿੱਚ ਬੈਠ ਗਿਆ । ਕੁਝ ਦੇਰ ਬਾਅਦ ਜਦੋਂ ਸਾਧੂ ਸਮਾਧੀ 'ਚੋਂ ਉੱਠਿਆ ਤਾਂ ਉਸਨੇ ਉਸ ਨੌਜਵਾਨ ਨੂੰ ਆਉਣ ਦਾ ਕਾਰਨ ਪੁੱਛਿਆ ਤਾਂ ਉਸਨੇ ਸਾਧੂ ਨੂੰ ਬੜੀ ਨਿਮਰਤਾ ਨਾਲ ਆਪਣੀ ਸਾਰੀ ਕਹਾਣੀ ਸੁਣਾਈ ਕਿ ਉਹ ਕਿਸੇ ਅਜਿਹੇ ਮਹਾਤਮਾ ਦੀ ਭਾਲ ਵਿੱਚ ਹੈ ਜੋ ਉਸਨੂੰ ਇਹ ਗੁਰ ਦੱਸ ਦੇਵੇ ਕਿ ਬਿਨਾਂ ਹੱਥ ਹਿਲਾਇਆ ਅਮੀਰ ਕਿਵੇਂ ਬਣਿਆ ਜਾ ਸਕਦਾ ਹੈ ? ਇਸਦੇ ਨਾਲ ਹੀ ਉਸਨੇ ਆਪਣੇ ਸਫਰ ਦੌਰਾਨ ਬਘਿਆੜ, ਮੱਛੀ ਅਤੇ ਜਾਮਣ ਦੇ ਦਰੱਖਤ ਵਾਲੀ ਗੱਲ ਵੀ ਦੱਸੀ । ਸਾਧੂ ਫਿਰ ਸਮਾਧੀ 'ਚ ਲੀਨ ਹੋ ਗਿਆ ਕੁਝ ਦੇਰ ਬਾਅਦ ਉਸਨੇ ਸਮਾਧੀ ਖੋਲ੍ਹਦਿਆਂ ਕਿਹਾ ਕਿ ਜਿਹੜੇ ਜਾਮਣ ਦੇ ਦਰੱਖਤ ਨੂੰ ਫੁੱਲ, ਫਲ ਨਾ ਲੱਗਣ ਦੀ ਗੱਲ ਹੈ; ਉਸਦਾ ਦਾ ਉਪਾਅ ਤਾਂ ਇਹ ਹੈ ਕਿ ਉਸ ਦੀਆਂ ਜੜ੍ਹਾਂ ਹੇਠ ਹੀਰੇ ਜਵਾਹਰਾਤ ਦਾ ਖਜ਼ਾਨਾ ਦੱਬਿਆ ਹੋਇਆ ਹੈ, ਜੇਕਰ ਉਸਨੂੰ ਕੱਢ ਦਿੱਤਾ ਜਾਵੇ ਤਾਂ ਉਸਨੂੰ ਫਲ ਲੱਗਣ ਲੱਗ ਪਵੇਗਾ । ਮੱਛੀ ਦੇ ਗਲੇ ਵਿੱਚ ਹੀਰਾ ਫਸਿਆ ਹੋਇਆ ਹੈ ਤੇ ਉਸਦੇ ਨਿੱਕਲਣ ਤੋਂ ਬਾਅਦ ਹੀ ਉਹ ਠੀਕ ਹੋ ਸਕਦੀ ਹੈ । ਰਹੀ ਗੱਲ ਬਘਿਆੜ ਦੀ ਉਸਦੇ ਢਿੱਡ ਦਾ ਦਰਦ ਤਾਂ ਹੀ ਠੀਕ ਹੋਵੇਗਾ ਜੇਕਰ ਉਹ ਕਿਸੇ ਮਹਾਂ-ਮੂਰਖ ਨੂੰ ਮਾਰ ਕੇ ਖਾ ਜਾਵੇ । ਸਾਰਾ ਕੁਝ ਸੁਣਨ ਤੋਂ ਬਾਅਦ ਉਸਨੇ ਆਪਣੇ ਬਾਰੇ ਪੁੱਛਿਆ ਕਿ ਮਹਾਰਾਜ! ਮੇਰੇ ਬਾਰੇ ਵੀ ਕੁਝ ਦੱਸੋ ਤਾਂ ਮਹਾਤਮਾ ਜੀ ਨੇ ਕਿਹਾ ਕਿ ਤੂੰ ਘਰ ਪਹੁੰਚ ਤੇਰਾ ਕੰਮ ਵੀ ਹੋ ਜਾਵੇਗਾ?

ਸਾਧੂ ਦੀ ਕੁਟੀਆ 'ਚ ਰਾਤ ਰਹਿਣ ਉਪਰੰਤ ਸਵੇਰ ਹੁੰਦਿਆਂ ਹੀ ਉਸ ਨੌਜਵਾਨ ਨੇ ਘਰ ਨੂੰ ਚਾਲੇ ਪਾ ਦਿੱਤੇ । ਹੁਣ ਉਹ ਛੇਤੀ ਤੋਂ ਛੇਤੀ ਘਰ ਪਹੁੰਚ ਜਾਣਾ ਚਾਹੁੰਦਾ ਸੀ ।

ਜਾਮਣ ਦੇ ਦਰੱਖਤ ਕੋਲ ਪੁੱਜਦਿਆਂ ਹੀ ਉਸਨੇ ਦਰੱਖਤ ਨੂੰ ਕਿਹਾ ਕਿ ਤੇਰੀਆਂ ਜੜ੍ਹਾਂ ਦੇ ਹੇਠ ਹੀਰੇ-ਜਵਾਹਰਾਤ ਦਾ ਖਜ਼ਾਨਾ ਦੱਬਿਆ ਹੋਇਆ ਹੈ ਜੇ ਉਹ ਨਿੱਕਲ ਜਾਵੇ ਤਾਂ ਤੈਨੂੰ ਫਲ ਲੱਗਣ ਲੱਗ ਪਵੇਗਾ । ਦਰੱਖਤ ਨੇ ਬੜੀ ਨਿਮਰਤਾ ਨਾਲ ਉਸਨੂੰ ਕਿਹਾ ਕਿ ਹੇ ਭਲੇ ਪੁਰਸ਼ ਜੇ ਇਹ ਕਰਮ ਤੂੰ ਆਪਣੇ ਹੱਥੀਂ ਆਪ ਹੀ ਕਰ ਦੇਵੇਂ ਤਾਂ ਇਹ ਖਜ਼ਾਨਾ ਤੈਨੂੰ ਹੀ ਪ੍ਰਾਪਤ ਹੋ ਜਾਵੇਗਾ । ਦਰੱਖਤ ਦੀ ਗੱਲ ਸੁਣਕੇ ਉਹ ਇੱਕਦਮ ਬੋਲਿਆ- ਨਹੀਂ ਨਹੀਂ ਮੈਂ ਤਾਂ ਬਿਨਾ ਹੱਥ ਹਿਲਾਇਆਂ ਹੀ ਅਮੀਰ ਬਣਨਾ ਹੈ ਕਹਿਕੇ ਉਹ ਅੱਗੇ ਤੁਰ ਗਿਆ ।

ਉਹ ਨੌਜਵਾਨ ਤੇਜ਼ ਕਦਮੀ ਤੁਰਿਆ ਜਾਂਦਾ ਜਦੋਂ ਤਲਾਬ ਨੇੜੇ ਪੁੱਜਾ ਤਾਂ ਮੱਛੀ ਨੇ ਪਾਣੀ 'ਚੋਂ ਛਲਾਂਗ ਲਾਉਂਦਿਆਂ ਉਸਨੂੰ ਪੁੱਛਿਆ- ਰਾਹੀਆ! ਕੁਝ ਪਤਾ ਲੱਗਾ ਮੇਰੇ ਗਲ ਦੇ ਦਰਦ ਬਾਰੇ?

(ਬਾਕੀ ਸਫ਼ਾ 29 'ਤੇ)

# ਮੇਰੀ ਕਲਮ

## ਹੁੰਦੇ ਨੇ ਕੁਝ ਕੁ ਚਾਨਣ ਚਿਰਕਾਲ ਰਹਿਣ ਵਾਲੇ

ਸੁਖਵਿੰਦਰ ਅੰਮ੍ਰਿਤ

ਹੁੰਦੇ ਨੇ ਕੁਝ ਕੁ ਚਾਨਣ ਚਿਰਕਾਲ ਰਹਿਣ ਵਾਲੇ,
ਮੇਰੇ ਦਿਲ ਦਿਆ ਓ ਚੰਨਾਂ ਇਹ ਨਾਂ ਦਾਗ਼ ਲਹਿਣ ਵਾਲੇ
ਤੂੰ ਹੈਂ ਸੱਚ ਦਾ ਮੁਸਾਫ਼ਿਰ ਤੇ ਇਹ ਹੈ ਕੂੜ ਦਾ ਪਸਾਰਾ,
ਕਿਤੇ ਬਹਿ ਨਾਂ ਜਾਈਂ ਛਾਵੇਂ ਇਹ ਮੀਨਾਰ ਢਹਿਣ ਵਾਲੇ
ਕਹਿ ਕੇ ਗਿਆ ਹੈ ਸੂਰਜ ਦੀਵੇ ਨੂੰ ਜਾਣ ਲੱਗਿਆਂ,
ਜਗਦੇ ਨੇਂ ਅੰਤ ਕਾਇਆ 'ਤੇ ਸੇਕ ਸਹਿਣ ਵਾਲੇ
ਮੇਰੇ ਨਾਮ ਕਰ ਗਿਆ ਹੈ ਕੋਈ ਖ਼ੁਦਕੁਸ਼ੀ ਤੋਂ ਪਹਿਲਾਂ,
ਉਹਦੀ ਜ਼ਿੰਦਗੀ 'ਤੇ ਰਹਿੰਦੇ ਸੀ ਜੋ ਕਹਿਰ ਢਹਿਣ ਵਾਲੇ
ਮੇਰੀ ਪਿਆਸ ਦਾ ਸਫ਼ਰ ਹੈ ਨਿਰਛਾਵਾਂ ਅੰਤਹੀਣਾਂ,
ਤੇ ਮੁਹੱਬਤਾਂ ਦੇ ਪਾਣੀਂ ਪਲ-ਛਿਣ 'ਚ ਲਹਿਣ ਵਾਲੇ
ਡਾਢਾ ਹੈ ਸੇਕ ਸੱਚ ਦਾ ਬਚ ਜਾਏ ਕੁਝ ਜੇ ਬਚਦਾ,
ਹਟ ਕੇ ਜ਼ਰਾ ਕੁ ਬਹਿੰਦੇ ਸੀਨੇਂ 'ਚ ਰਹਿਣ ਵਾਲੇ
ਵਰ੍ਹਿਆਂ ਦੇ ਬਾਅਦ ਫੁੱਟੇ ਕਾਇਆ ਮੇਰੀ 'ਚੋਂ ਪੱਤੇ,
ਪਰਤੇ ਮੁਸਾਫ਼ਰੀ ਤੋਂ ਮੇਰੀ ਛਾਂ 'ਚ ਬਹਿਣ ਵਾਲੇ

## ਤੇਰੇ ਵਾਸਤੇ

ਕਮਲਦੀਪ ਕੌਰ 'ਸੋਨਟ'



ਦੱਸ ਮੈਨੂੰ ਮੇਰੀ ਧਰਤਿ ਕੀ ਕਰ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਜਿਹੜੀ ਚੀਜ਼ ਦਾ ਬੋਝ ਹੈ ਤੈਨੂੰ ਉਹ ਚੀਜ਼ ਚੁੱਕ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਜੋ ਕੋਈ ਤੈਨੂੰ ਤੰਗ ਕਰੇ ਉਸ ਨੂੰ ਸਮਝਾਂ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਦੱਸ ਖਾਂ ਮੈਨੂੰ ਮੇਰੀ ਧਰਤਿ ਕੀ ਕਰ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਤੇਰੇ ਸੀਨੇ 'ਚ ਜੋ ਛੇਦ ਕਰੇ,ਦੱਸ ਮੈਨੂੰ ਰੋਕ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਤੇਰੀ ਰੂਹ ਨੂੰ ਜੋ ਜ਼ਖ਼ਮੀ ਕਰੇ,ਤੇਰੀ ਰੂਹ 'ਤੇ ਮੱਲ੍ਹਮ ਲਾ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਕੁਝ ਤਾਂ ਬੋਲ ਮੇਰੀ ਪਿਆਰੀ ਧਰਤਿ,ਕੀ ਕਰ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਕੀ ਕਰ ਸਕਦਾ ਹਾਂ ਮੈਂ ਤੇਰੇ ਵਾਸਤੇ...!

### ਧਰਤ ਦਾ ਜਵਾਬ

ਗੱਲ ਸੁਣ ਵੇ ਮੇਰੇ  ਨਾਦਾਨ ਪੰਛੀਆ,,
ਨਾ ਬੋਝ ਮੈਨੂੰ ਪਰਬਤ,ਪਹਾੜਾਂ ਦਾ,
ਨਾ ਬੋਝ ਮੈਨੂੰ ਨਦੀਆਂ ਸਮੁੰਦਰਾਂ ਦਾ,,!
ਤਕੜਾ ਹੋ ਕੇ ਸੁਣੀਂ ਬੰਦਿਆ...!
ਮੈਨੂੰ ਬੋਝ ਨਹੀਂ ਕਿਸੇ ਵੀ ਚੀਜ਼ ਦਾ,,,
ਬੋਝ ਤਾਂ ਹੈ ਅਕ੍ਰਿਤਘਣਾ ਦਾ!
ਮੈਨੂੰ ਤੰਗੀ ਹੈ ਕਿਸੇ ਚੀਜ਼ ਦੀ,,
ਤਾਂ ਤੰਗੀ ਹੈ ਅਕ੍ਰਿਤਘਣਾ ਦੀ...!
ਮੇਰੇ ਸੀਨੇ 'ਚ ਛੇਦ ਹੋਇਆ ਕਿਸੇ ਕਾਰਣ,,
ਤਾਂ ਹੈ ਉਹ ਅਕ੍ਰਿਤਘਣ...!
ਮੇਰੀ ਰੂਹ ਨੂੰ ਜ਼ਖ਼ਮੀ ਕਰਿਆ ਕਿਸੇ ਨੇ,,
ਤਾਂ ਹੈ ਉਹ ਅਕ੍ਰਿਤਘਣ...!
ਇਹ ਅਕ੍ਰਿਤਘਣਾ ਨੂੰ ਮਿਟਾ ਦੇ ਬੰਦਿਆ ,,
ਮੇਰੇ ਵਾਸਤੇ ਏਨਾ ਕੁ ਕਰ ਦੇ ਬੰਦਿਆ ...!
ਮੇਰੇ ਵਾਸਤੇ ਏਨਾ ਕੁ ਕਰ ਦੇ ਬੰਦਿਆ...!

## ਹੱਥਕੜੀਆਂ ਜ਼ੰਜੀਰਾਂ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308

ਹੱਥਕੜੀਆਂ ਜ਼ੰਜੀਰਾਂ ਵਿੱਚ, ਹਰ ਤਰ੍ਹਾਂ ਨਾਲ਼ ਤੇ ਹਰ ਪਾਸੋਂ।
ਆਜ਼ਾਦ ਮਨੁੱਖਤਾ ਕੈਦੀ ਹੈ, ਆਪਣੀਆਂ ਹੀ ਕਰਤੂਤਾਂ ਤੋਂ।

ਕਿਉਂ ਕੌਣ ਕਿਸੇ ਨੂੰ ਕੈਦ ਕਰੇ, ਜੇ ਫ਼ਰਜ਼ ਕੋਈ ਪਛਾਣ ਲਵੇ,
ਜੀਓ ਤੇ ਹੋਰਾਂ ਨੂੰ ਜੀਵਣ ਦੇ, ਜੇ ਫਲਸਫੇ ਨੂੰ ਕੋਈ ਮਾਣ ਦਵੇ।

ਅੰਧੇਰ ਨਗਰੀ ਨੇ ਹਰ ਪਾਸੇ, ਕੱਸਿਆ ਐਸਾ ਸ਼ਿਕੰਜਾ ਹੈ,
ਮਨੁੱਖ ਦੀਆ ਹਰਕਤਾਂ ਦੇਖ ਦੇਖ, ਦਰਿੰਦਾ ਵੀ ਸ਼ਰਮਿੰਦਾ ਹੈ।

ਖ਼ੁਦੀ ਦੇ ਬੇੜੇ 'ਤੇ ਚੜ੍ਹ ਕੇ, ਇਹ ਚੱਪੂ ਆਪਣਾ ਗਵਾ ਬੈਠਾ,
ਮੰਝਧਾਰ 'ਚ ਫਸ ਹੁਣ ਰੋਂਦਾ ਹੈ, ਅਤੇ ਡੁੱਬਣ ਕੰਢੇ ਆ ਬੈਠਾ।

ਚਤਰਾਈਆਂ ਕਰਨੋਂ ਝਕਦਾ ਨਹੀਂ, ਭਾਵੇਂ ਮੂੰਹ ਦੀ ਖਾਣੀ ਪੈ ਜਾਵੇ,
ਦੂਜੇ ਦੇ ਮਹਿਲ ਗਿਰਾਵਣ ਲਈ, ਭਾਵੇਂ ਅਪਣੀ ਕੁੱਲੀ ਢਹਿ ਜਾਵੇ।

ਹੋਰਾਂ ਦੀ ਗੱਲ ਤਾਂ ਦੂਰ ਰਹੀ, ਰੱਬ ਨੂੰ ਵੀ ਠੁੱਠ ਵਿਖਾਉਂਦਾ ਹੈ,
ਵੇਚੇ ਰੱਬ ਨੂੰ ਹਰ ਥਾਂ 'ਤੇ, ਅਤੇ ਮਰਜ਼ੀ ਦੀ ਕੀਮਤ ਲਾਉਂਦਾ ਹੈ।

ਅਸੂਲ, ਕਾਨੂੰਨ ਕੋਈ ਚੀਜ਼ ਨਹੀਂ, ਕਲਯੁੱਗੀ ਕਾਲ਼ੇ ਯੁਗ ਅੰਦਰ,
ਹਰ ਢੋਂਗ ਤਮਾਸ਼ਾ ਚੱਲਦਾ ਹੈ, ਗੁਰਦਵਾਰੇ, ਮਸੀਤ ਜਾਂ ਵਿੱਚ ਮੰਦਰ।

ਢੀਠਾਂ ਅੰਦਰ ਢੀਠ ਜਾਤ, ਢੀਠਾ ਹੈ ਬੱਸ ਅਸਲੋਂ ਢੀਠ,
ਬਾਂਹ ਉਲਾਰ ਕੇ ਕਹਿੰਦਾ ਹੈ, ਹੈ ਕੋਈ ਕਰੇ ਜੋ ਮੇਰੀ ਰੀਸ?

ਉਹ ਦਿਨ ਬਹੁਤੇ ਹੁਣ ਦੂਰ ਨਹੀਂ, ਜਦੋਂ ਖੇਲ੍ਹ ਉਲਟਾ ਪੈ ਜਾਵੇਗਾ,
ਦੂਰ ਦੂਰ ਤੱਕ ਦੇਖਣ ਲਈ, ਕੋਈ ਟਾਵਾਂ ਮਨੁੱਖ ਰਹਿ ਜਾਵੇਗਾ।

## ਅਸਾਡੀ ਤੁਹਾਡੀ ਮੁਲਾਕਾਤ ਹੋਈ

ਸੁਰਜੀਤ ਪਾਤਰ



ਅਸਾਡੀ ਤੁਹਾਡੀ ਮੁਲਾਕਾਤ ਹੋਈ
ਜਿਵੇਂ ਬਲਦੇ ਜੰਗਲ 'ਤੇ ਬਰਸਾਤ ਹੋਈ

ਸੀ ਚਾਰੇ ਦਿਸ਼ਾ ਰਾਤ ਹੀ ਰਾਤ ਹੋਈ
ਤੇਰਾ ਮੁਖੜਾ ਦਿਸਿਆ ਤਾਂ ਪਰਭਾਤ ਹੋਈ

ਤੂੰ ਤੱਕਿਆ ਤਾਂ ਰੁੱਖਾਂ ਨੂੰ ਫੁੱਲ ਪੈ ਗਏ ਸਨ
ਮੇਰੇ ਤੱਕਦੇ ਤੱਕਦੇ ਕਰਾਮਾਤ ਹੋਈ

ਮੈਂ ਉਸਦਾ ਹੀ ਲਫਜ਼ਾਂ ਅਨੁਵਾਦ ਕੀਤਾ
ਜੁ ਰੁੱਖਾਂ ਤੇ ਪੌਣਾਂ 'ਚ ਗੱਲਬਾਤ ਹੋਈ

ਉਦੇ ਨੈਣਾਂ ਵਿੱਚੋਂ ਮੇਰੇ ਹੰਝੂ ਸਿੰਮੇ
ਅਜਬ ਗੱਲ ਖਵਾਤੀਨੋ-ਹਜ਼ਰਾਤ ਹੋਈ

ਪਲਕ ਤੇਰੀ ਮਿਜ਼ਰਾਬ, ਦਿਲ ਸਾਜ਼ ਮੇਰਾ
ਸੀ ਅਨੁਰਾਗ ਦੀ ਇਉਂ ਸ਼ੁਰੂਆਤ ਹੋਈ

ਉਹ ਓਨਾ ਕੁ ਖੁਰਿਆ ਪਿਘਲਿਆ ਤੇ ਰੁਲਿਆ
ਹੈ ਜਿੰਨੀ ਕੁ ਜਿਸ ਜਿਸ ਦੀ ਔਕਾਤ ਹੋਈ

ਉਨ੍ਹੇ ਜ਼ਹਿਰ ਪੀਤੀ ਜਿਵੇਂ ਹੋਵੇ ਅੰਮ੍ਰਿਤ
ਨਹੀਂ ਐਵੇਂ ਸੁਕਰਾਤ ਸੁਕਰਾਤ ਹੋਈ

ਰਗਾਂ ਰਾਗ ਹੋਈਆਂ ਲਹੂ ਲਫਜ਼ ਬਣਿਆਂ
ਕਵੀ ਦੀ ਤੇ ਕਵਿਤਾ ਦੀ ਇਕ ਜ਼ਾਤ ਹੋਈ

## ਚੰਦਰੀ ਜੰਗ

ਡੇਜ਼ੀ ਆਹਲੂਵਾਲੀਆ



ਧਰਤੀ ਬੋਲੀ-
ਹਰ ਜੰਗ ਵਿੱਚ ਲਾਲ ਮੈਂ ਹੋਈ
ਮੈਨੂੰ ਕਦੇ ਸਮਝ ਨਾ ਆਇਆ
ਕੌਣ ਸੀ ਅੱਲਾ ਦਾ ਪਿਆਰਾ
ਕੌਣ ਸੀ ਈਸਾ ਦਾ ਜਾਇਆ
ਜੰਗ ਵਿੱਚ ਜਦ ਕੋਈ ਵੀ ਮਰਿਆ
ਮੇਰੇ ਉੱਤੇ ਇਕੋ ਰੰਗ ਚੜ੍ਹਿਆ
ਚਾਹੇ ਜਲਾਇਆ ਚਾਹੇ ਦਫਨਾਇਆ
ਮੇਰੇ ਅੰਦਰ ਹਰ ਇੱਕ ਸਮਾਇਆ

ਰੱਬ ਬੋਲਿਆ -
ਹੁਕਮਰਾਣ ਚਾਹੇ ਕੋਈ ਵੀ ਬਨਦਾ
ਧਰਮੀ ਜਾਂ ਸੀਆਸੀ
ਸੱਬ ਆਪਣੀ ਅਣਖ ਦੀ ਖਾਤਰ
ਮੈਨੂੰ ਦਾ 'ਤੇ ਲਾਂਦੇ
ਅੱਜ ਤੱਕ ਕਿਸ ਨੂੰ ਕੁਝ ਨਾ ਲੱਬਿਆ
ਲੱਖਾ ਮਾਰੇ ਜਾਂਦੇ
ਜਿਨੇ ਗੋਲੇ ਵੀ ਦਾਗ ਰਹੇ ਹਨ।
ਹਰ ਪਲ ਮੈਨੂੰ ਮਾਰ ਰਹੇ ਹਨ।
ਜਦ ਵੀ ਸ਼ਰੀਰ 'ਚੋਂ ਲਹੂ ਹੈ ਵੱਗਦਾ
ਹਰ ਸ਼ਰੀਰ ਵਿੱਚ ਮੈਂ ਹੀ ਮਰਦਾ।
ਮੈਂ ਤਾਂ ਲਾਈ ਸੀ ਇੱਕ ਫੁਲਵਾਰੀ
ਕਿੱਥੇ ਗਿਆ ਮੇਰਾ ਬਗੀਚਾ
ਲੱਭ ਲਈ ਮੈਂ ਦੁਨੀਆਂ ਸਾਰੀ
ਕਿੰਝ ਦਸਾਂ ਜੰਗਾਂ ਨਾਲ ਨਾ ਹੱਲ ਨਿਕਲਦੇ
ਅੰਤ ਜਾਉਗੀ ਬਾਜੀ ਹਾਰੀ

ਧਰਤੀ ਬੋਲੀ -
ਮੈਂ ਤਾਂ ਇੱਕ ਸੀ
ਆਪੇ ਸੱਬ ਨੇ ਵੰਡ ਪਾ ਲਈ
ਫਿਰ ਮੇਰਾ ਸੀਨ੍ਹਾਂ ਚੀਰ ਕੇ
ਆਪਣੀ ਆਪਣੀ ਲਕੀਰ ਬਣਾ ਲਈ
ਕਿਸੀ ਦੇ ਹੱਥ ਵਿੱਚ ਤੇਲ ਆ ਗਿਆ
ਕਿਸੀ ਦੇ ਹੱਥ ਵਿੱਚ ਸੋਣਾ
ਕਿਸੀ ਦੇ ਹਿੱਸੇ ਖੇਤ ਆ ਗਏ
ਕਿਸੀ ਦੇ ਹਿੱਸੇ ਕੋਲਾ
ਆਪਣੇ ਹਿੱਸੇ ਵਿੱਚ ਸਬਰ ਨਾ ਆਇਆ
ਕੁਝ ਦੇਸ਼ਾਂ ਨੇ ਧਰਮ ਦੀ ਖਾਤਰ
ਕੁਝ ਨੇ ਵਪਾਰ ਦੀ ਖਾਤਰ
ਹਰ ਬਾਰ ਜੰਗ ਕਰਾਈ
ਹਰ ਜੰਗ ਵਿੱਚ ਮੈਂ ਲਹੂ ਹੋ ਗਈ
ਤਦ ਵੀ ਸਮਝ ਨਾ ਆਈ

ਰੱਬ ਬੋਲਿਆ -
ਮੈਨੂੰ ਚਾਹੇ ਅੱਲਾ ਪੁਕਾਰੋ।
ਯਾ ਪੁਕਾਰੋ ਈਸਾ
ਮੈਨੂੰ ਚਾਹੇ ਰਾਮ ਪੁਕਾਰੋ
ਯਾ ਪੁਕਾਰੋ ਮੂਸਾ
ਰੱਬ ਇੱਕ ਹੈ ਕਹਿ ਗਏ ਨਾਨਕ
ਫੇਰ ਜੰਗ ਕਿਧਰੋਂ ਆਈ
ਮੈਂ ਹਰ ਵੇਲੇ ਉੱਥੇ ਹੀ ਹੁੰਦਾ
ਜਿਸ ਵੀ ਆਵਾਜ਼ ਲਗਾਈ।

## ਵੇ ਪਰਦੇਸੀਆ

ਅੰਮ੍ਰਿਤਾ ਪ੍ਰੀਤਮ

ਪੂਰਬ ਨੇ ਕੁਝ ਲੱਭਿਆ
ਕਿਹੜੇ ਅੰਬਰ ਫੋਲ!

ਜਿਉਂ ਹੱਥ ਕਟੋਰਾ ਦੁੱਧ ਦਾ
ਵਿੱਚ ਕੇਸਰ ਦਿੱਤਾ ਘੋਲ।

ਚਾਨਣ ਲਿੱਪੀ ਰਾਤ ਨੇ
ਸੱਤ ਸਰਗੰਧਾਂ ਡੋਹਲ

ਅੰਬਰ ਫ਼ਸਲਾਂ ਪੱਕੀਆਂ
ਤਾਰਿਆਂ ਲਾ ਲਏ ਬੋਹਲ

ਆਸਾਂ ਕੱਤਣ ਬੈਠੀਆਂ
ਤੰਦ ਸੁਬਕ ਤੇ ਸੋਹਲ

ਭਰ ਭਰ ਲੱਛੇ ਪੈਣ ਵੇ
ਰੇਸ਼ਮੀ ਅੱਟੀ ਝੋਲ

ਅਰਪੀ ਕਿਸ ਨੇ ਜਿੰਦੜੀ
ਚਾਰੇ ਕੰਨੀਆਂ ਖੋਹਲ

ਬੱਦਲਾਂ ਭਰ ਲਈ ਅੱਖ ਵੇ
ਪੌਣਾਂ ਭਰ ਲਈ ਝੋਲ

ਪੰਛੀ ਤੋਲੇ ਪਰਾਂ ਨੂੰ
ਟਾਹਣਾ ਗਾਈਆਂ ਡੋਲ

ਲੈ ਦੇ ਖੰਭ ਵਿਕੰਦੜੇ
ਜਾਂ ਰਹਿ ਪਉ ਸਾਡੇ ਕੋਲ
ਵੇ ਪਰਦੇਸੀਆ !



# ਬਾਲੀਵੁੱਡ ਦੀ ਦੀਵਾਲੀ





ਦੀਵਾਲੀ ’ਤੇ ਹਰ ਪਾਸੇ ਧੂਮ-ਧਾਮ ਦੇਖਣ ਨੂੰ ਮਿਲਦੀ ਹੈ। ਬਾਲੀਵੁੱਡ ਵੀ ਇਸ ਤਿਉਹਾਰ ਨੂੰ ਮਨਾਉਣ ’ਚ ਪਿੱਛੇ ਨਹੀਂ ਹੈ ਅਤੇ ਇਸ ਦਾ ਅਸਰ ਸਿਨੇਮਾ ’ਚ ਪਰਦੇ ’ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਤੀਜ ਅਤੇ ਤਿਉਹਾਰਾਂ ਨੂੰ ਅਕਸਰ ਫਿਲਮਾਂ ਵਿੱਚ ਦਰਸਾਇਆ ਜਾਂਦਾ ਹੈ। ਅਜਿਹੀਆਂ ਕਈ ਫਿਲਮਾਂ ਹਨ, ਜਿਨ੍ਹਾਂ ਵਿੱਚ ਹੋਲੀ ਤੋਂ ਲੈ ਕੇ ਰੱਖੜੀ ਤੱਕ ਦੇ ਤਿਉਹਾਰਾਂ ਨੂੰ ਦਿਖਾਇਆ ਗਿਆ ਹੈ ਅਤੇ ਉਨ੍ਹਾਂ ’ਤੇ ਸ਼ਾਨਦਾਰ ਗੀਤ ਵੀ ਫਿਲਮਾਏ ਗਏ ਹਨ। ਹਾਲਾਂਕਿ ਦੀਵਾਲੀ ’ਤੇ ਬਹੁਤ ਘੱਟ ਗੀਤ ਦੇਖਣ ਨੂੰ ਮਿਲਦੇ ਹਨ। ਤਾਂ ਆਓ ਜਾਣਦੇ ਹਾਂ ਅਜਿਹੀਆਂ ਫਿਲਮਾਂ ਬਾਰੇ ਜਿਨ੍ਹਾਂ ਵਿੱਚ ਦੀਵਾਲੀ ਮਨਾਈ ਗਈ ਸੀ ਅਤੇ ਉਨ੍ਹਾਂ ਦੇ ਗੀਤ ਤੁਹਾਡੀ ਦੀਵਾਲੀ ਦੀ ਰੌਣਕ ਵਧਾ ਦੇਣਗੇ।





ਇਨ੍ਹਾਂ ਫਿਲਮਾਂ ’ਚ ਦੀਵਾਲੀ ਦੇ ਜਸ਼ਨ ਨੂੰ ਬਾਲੀਵੁੱਡ ਦੇ ਗੀਤ ਦੀਵਾਲੀ ਨੂੰ ਹੋਰ ਖਾਸ ਬਣਾਉਂਦੇ ਹਨ

**ਕਭੀ ਖ਼ੁਸ਼ੀ, ਕਭੀ ਗਮ**

ਸ਼ਾਹਰੁਖ ਖਾਨ, ਅਮਿਤਾਭ ਬੱਚਨ, ਜਯਾ ਬੱਚਨ, ਕਾਜੋਲ, ਰਿਤਿਕ ਰੋਸ਼ਨ ਅਤੇ ਕਰੀਨਾ ਕਪੂਰ ਵਰਗੇ ਕਲਾਕਾਰਾਂ ਵਾਲੀ ਇਸ ਫ਼ਿਲਮ ਨੇ ਪਰਿਵਾਰ ਅਤੇ ਰਿਸ਼ਤਿਆਂ ਦੀ ਮਹੱਤਤਾ ਨੂੰ ਸ਼ਾਨਦਾਰ ਢੰਗ ਨਾਲ ਦਿਖਾਇਆ ਹੈ। ਹਰ ਕਿਸੇ ਨੂੰ ਇਸ ਫ਼ਿਲਮ ਦਾ ਇੱਕ ਸੀਨ ਯਾਦ ਹੈ, ਜਦੋਂ ਜਯਾ ਬੱਚਨ ਆਪਣੇ ਬੇਟੇ ਯਾਨੀ ਸ਼ਾਹਰੁਖ ਖਾਨ ਲਈ ਆਰਤੀ ਦੀ ਥਾਲੀ ਲੈ ਕੇ ਦਰਵਾਜ਼ੇ ’ਤੇ ਖੜ੍ਹੀ ਹੈ। ਇਹ ਸੀਨ ਦੀਵਾਲੀ ਦੇ ਮੌਕੇ ’ਤੇ ਫਿਲਮਾਇਆ ਗਿਆ ਹੈ।

**ਆਮਦਨੀ ਅੱਠਨੀ ਖਰਚਾ ਰੁਪਇਆ**

ਸਾਲ 2021 ’ਚ ਰਿਲੀਜ਼ ਹੋਈ ਫ਼ਿਲਮ ‘ਆਮਦਨੀ ਅਠੰਨੀ ਖਰਚਾ ਰੁਪਈਆ’ ’ਚ ਘਰੇਲੂ ਸਮੱਸਿਆਵਾਂ ਵਿਚਾਲੇ ਪਤੀ-ਪਤਨੀ ਦਾ ਰਿਸ਼ਤਾ ਅਤੇ ਜ਼ਬਰਦਸਤ ਕਾਮੇਡੀ ਦਿਖਾਈ ਗਈ ਹੈ।

ਇਸ ਫ਼ਿਲਮ ਦਾ ਗੀਤ ‘ਆਏ ਰੇ ਦੀਵਾਲੀ ਸੁਣੋ ਜੀ ਘਰਵਾਲੀ’ ਦੀਵਾਲੀ ’ਤੇ ਫ਼ਿਲਮਾਇਆ ਗਿਆ ਗੀਤ ਹੈ, ਜੋ ਤੁਹਾਡੇ ਤਿਉਹਾਰ ਦੀ ਖ਼ੂਬਸੂਰਤੀ ਨੂੰ ਹੋਰ ਵਧਾਏਗਾ । ਇਸ ਫ਼ਿਲਮ ’ਚ ਜੌਨੀ ਲੀਵਰ ਅਤੇ ਕੇਤਕੀ ਡੇਵ ਵਿਚਾਲੇ ਦੀਵਾਲੀ ਦਾ ਸੀਨ ਹੈ, ਜਿਸ ਨੂੰ ਦੇਖ ਕੇ ਹਾਸਾ ਰੋਕਣਾ ਮੁਸ਼ਕਿਲ ਹੈ।

**ਸ਼ਿਰਡੀ ਕੇ ਸਾਈਂ ਬਾਬਾ**

ਬਾਲੀਵੁੱਡ ’ਚ ਅਜਿਹੇ ਕਈ ਗੀਤ ਬਣੇ ਹਨ ਜੋ ਨਾ ਸਿਰਫ ਖ਼ੂਬਸੂਰਤੀ ਨਾਲ ਗਾਏ ਗਏ ਹਨ ਸਗੋਂ ਦਿਲ ਨੂੰ ਛੂਹ ਲੈਂਦੇ ਹਨ। ਦੀਵਾਲੀ ’ਤੇ ਰਚਿਆ ਗਿਆ ਇੱਕ ਅਜਿਹਾ ਹੀ ਭਗਤੀ ਗੀਤ ਹੈ ਜੋ ਲਗਭਗ ਹਰ ਕਿਸੇ ਨੇ ਸੁਣਿਆ ਹੋਵੇਗਾ। 1977 ਦੀ ਫ਼ਿਲਮ ‘ਸ਼ਿਰਡੀ ਕੇ ਸਾਈਂ ਬਾਬਾ’ ’ਚ ਦੀਵਾਲੀ ’ਤੇ ਫਿਲਮਾਇਆ ਗਿਆ ਗੀਤ ‘ਦੀਪਾਵਲੀ ਮਨਾਓ ਸੁਹਾਨੀ’ ਕਾਫੀ ਗੂੰਜਿਆ ਹੈ।

**ਫ਼ਿਲਮ ਜੁਗਨੂੰ**

1973 ’ਚ ਆਈ ਫ਼ਿਲਮ ਜੁਗਨੂੰ ’ਚ ਦੀਵਾਲੀ ’ਤੇ ਇੱਕ ਬਹੁਤ ਹੀ ਖ਼ੂਬਸੂਰਤ ਗੀਤ ਵੀ ਸ਼ੂਟ ਕੀਤਾ ਗਿਆ ਹੈ। ਇਸ ਗੀਤ ਦੇ ਬੋਲ ਹਨ ਦੀਪ ਦੀਵਾਲੀ ਕੇ ਝੂਟੇ...ਇਹ ਗੀਤ ਬਹੁਤ ਖਾਸ ਹੈ, ਜੋ ਲੋਕਾਂ ਦੇ ਦਿਲਾਂ ਨੂੰ ਛੂਹ ਜਾਂਦਾ ਹੈ। ਕਿਸ਼ੋਰ ਕੁਮਾਰ ਦੁਆਰਾ ਗਾਏ ਇਸ ਗੀਤ ਵਿੱਚ ਅਭਿਨੇਤਾ ਧਰਮਿੰਦਰ ਅਤੇ ਕਾਮੇਡੀਅਨ ਮਹਿਮੂਦ ਨੂੰ ਕਈ ਬੱਚਿਆਂ ਨਾਲ ਮਸਤੀ ਕਰਦੇ ਦਿਖਾਇਆ ਗਿਆ ਹੈ।

# ਪੰਜਾਬੀ ਫ਼ਿਲਮਾਂ, ਰੰਗਮੰਚ ਰਾਹੀਂ ਆਪਣੀ ਅਦਾਕਾਰੀ ਦਾ ਲੋਹਾ ਮਨਵਾਉਣ ਵਾਲੀ ਜਤਿੰਦਰ ਕੌਰ





ਪੰਜਾਬੀ ਫ਼ਿਲਮਾਂ, ਰੰਗਮੰਚ ਅਤੇ ਟੀ.ਵੀ. ਲੜੀਵਾਰਾਂ ਰਾਹੀਂ ਆਪਣੀ ਲਾਮਿਸਾਲ ਅਦਾਕਾਰੀ ਦਾ ਲੋਹਾ ਮਨਵਾਉਣ ਵਾਲੀ ਜਤਿੰਦਰ ਕੌਰ ਦਾ ਜੀਵਨ ਸੰਘਰਸ਼ ਦੀ ਜ਼ਿੰਦਾ ਮਿਸਾਲ ਹੈ। ਸਾਲ 1941 ਵਿੱਚ ਜਨਮੀ ਜਤਿੰਦਰ ਕੌਰ ਅੰਮ੍ਰਿਤਸਰ ਦੀ ਵਸਨੀਕ ਹੈ ਤੇ ਵਡੇਰੀ ਉਮਰ ਵਿੱਚ ਵੀ ਪੂਰੇ ਜੋਸ਼ ਅਤੇ ਠਾਠ ਨਾਲ ਪੰਜਾਬੀ ਨਾਟਕਾਂ ਅਤੇ ਫ਼ਿਲਮਾਂ ਵਿੱਚ ਸਰਗਰਮ ਹੈ। ਆਪਣੇ ਪਿਤਾ ਨੂੰ ਇਕ ਸੰਤ ਸੁਭਾਅ ਵਾਲਾ ਸ਼ਖ਼ਸ ਅਤੇ ਮਾਤਾ ਨੂੰ ਕਲਾ ਦੀ ਪੁਜਾਰਨ ਦੱਸਦਿਆਂ ਜਤਿੰਦਰ ਕੌਰ ਇਸ ਗੱਲ ’ਤੇ ਫ਼ਖ਼ਰ ਮਹਿਸੂਸ ਕਰਦੀ ਹੈ ਕਿ ਮਹਾਨ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਉਸ ਨੂੰ ਪ੍ਰੇਰਿਤ ਕਰਕੇ ਰੰਗਮੰਚ ਵੱਲ ਲੈ ਕੇ ਆਏ ਸਨ ਤੇ ਉਨ੍ਹਾਂ ਦੀ ਪ੍ਰੇਰਨਾ ਅਤੇ ਮਾਰਗ ਦਰਸ਼ਨ ਨੇ ਉਸ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਸੀ। ਜਤਿੰਦਰ ਕੌਰ ਅਨੁਸਾਰ ਉਸ ਦੇ ਰੰਗਮੰਚ ’ਤੇ ਪੇਸ਼ਕਾਰੀ ਕਰਨ ਤੋਂ ਉਸ ਦੇ ਪਰਿਵਾਰ ਨੂੰ ਕੋਈ ਇਤਰਾਜ਼ ਨਹੀਂ ਸੀ ਪਰ ਮੁਹੱਲੇ ਦੇ ‘ਘੜੰਮ ਚੌਧਰੀ’ ਅਤੇ ਕੁਝ ਰਿਸ਼ਤੇਦਾਰ ਉਸ ਦੇ ਅਦਾਕਾਰੀ ਦੇ ਕੰਮ ਨੂੰ ‘ਘਟੀਆ’ ਸਮਝਦੇ ਸਨ ਤੇ ਮੰਨਦੇ ਸਨ ਕਿ ‘ਇੱਜ਼ਤਦਾਰ ਘਰਾਂ ਦੀਆਂ ਕੁੜੀਆਂ ਨੂੰ ਇਹ ਕੰਮ ਨਹੀਂ ਕਰਨਾ ਚਾਹੀਦਾ ਹੈ।’ ਭਾਅ ਜੀ ਗੁਰਸ਼ਰਨ ਸਿੰਘ ਹੁਰਾਂ ਦੀ ਅਗਵਾਈ ਵਿੱਚ ਨਿੱਤ ਮੱਲਾਂ ਮਾਰਦੀ ਜਤਿੰਦਰ ਨਿਰੰਤਰ ਅੱਗੇ ਵਧਦੀ ਗਈ ਤੇ ਰੰਗਮੰਚ ਤੋਂ ਰੇਡੀਓ ਤੇ ਫਿਰ ਟੀ.ਵੀ. ਰਾਹੀਂ ਫ਼ਿਲਮੀ ਪਰਦੇ ’ਤੇ ਆਪਣੀ ਬਾਕਮਾਲ ਅਦਾਕਾਰੀ ਦਾ ਕਮਾਲ ਵਿਖਾ ਕੇ ਉਸ ਨੇ ਆਲੋਚਨਾ ਕਰਨ ਵਾਲੀਆਂ ਸਾਰੀਆਂ ਜ਼ੁਬਾਨਾਂ ’ਤੇ ਤਾਲੇ ਲਗਾ ਦਿੱਤੇ।

ਹਕੀਕਤ ਵਿੱਚ ਪ੍ਰੇਮ ਵਿਆਹ ਕਰਨ ਵਾਲੀ ਜਤਿੰਦਰ ਕੌਰ ਆਪਣੇ ਪਤੀ ਦੀ ਰਿਣੀ ਮਹਿਸੂਸ ਕਰਦੀ ਹੈ ਕਿ ਸਹੁਰਾ ਪਰਿਵਾਰ ਵੱਲੋਂ ਉਸ ਨੂੰ ਅਪਨਾਉਣ ਤੋਂ ਇਨਕਾਰ ਕਰਨ ਦੇ ਬਾਵਜੂਦ ਉਸ ਦੇ ਪਤੀ ਨੇ ਉਸ ਦਾ ਸਾਥ ਨਹੀਂ ਛੱਡਿਆ ਤੇ ਉਸ ਨੂੰ ਤਰੱਕੀ ਦੀਆਂ ਬੁਲੰਦੀਆਂ ਤੱਕ ਪੁੱਜਣ ਵਿੱਚ ਉਸ ਦੀ ਭਰਪੂਰ ਮਦਦ ਵੀ ਕੀਤੀ। ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ 12 ਸਾਲ ਤੱਕ ਨਾਟਕ ਖੇਡਣ ਪਿੱਛੋਂ ਸਾਲ 1976 ਵਿੱਚ ਉਸ ਨੇ ਰੇਡੀਓ ਅਤੇ ਟੀ.ਵੀ. ਦਾ ਰੁਖ਼ ਕਰ ਲਿਆ ਤੇ ਦੂਰਦਰਸ਼ਨ ਜਲੰਧਰ ਦੇ ਲੜੀਵਾਰ ਸੁਪਨੇ ਤੇ ਪਰਛਾਵੇਂ ਵਿੱਚ ਇਕ ਬੇਹੱਦ ਜਜ਼ਬਾਤੀ ਭੂਮਿਕਾ ਅਦਾ ਕਰਕੇ ਪ੍ਰਸਿੱਧੀ ਖੱਟਣ ਵਾਲੀ ਇਸ ਅਦਾਕਾਰਾ ਨੇ ਅਗਲੇ ਕਈ ਸਾਲ ਤੱਕ ਦੂਰਦਰਸ਼ਨ ਦੇ ਵੱਖ-ਵੱਖ ਨਾਟਕਾਂ ਵਿੱਚ ਜਾਨਦਾਰ ਭੂਮਿਕਾਵਾਂ ਨਿਭਾਈਆਂ ਤੇ ਸਾਲ 1998 ਵਿੱਚ ਬਣੀ ਫ਼ਿਲਮ ‘ਪੁਰਜ਼ਾ ਪੁਰਜ਼ਾ ਕਟ ਮਰੇ’ ਰਾਹੀਂ ਉਸ ਨੇ ਪੰਜਾਬੀ ਸਿਨੇਮਾ ਦੇ ਵਿਹੜੇ ’ਚ ਪੈਰ ਜਾ ਧਰਿਆ। ਅਦਾਕਾਰ ਹਰਭਜਨ ਜੱਬਲ ਨਾਲ ਉਸ ਦੀ ਜੋੜੀ ਸੁਪਰਹਿੱਟ ਰਹੀ ਸੀ ਤੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਤਾਂ ਲੋਕ ਹਰਭਜਨ ਜੱਬਲ ਨੂੰ ਹੀ ਉਸ ਦਾ ਅਸਲ ਪਤੀ ਸਮਝਦੇ ਤੇ ਮੰਨਦੇ ਰਹੇ ਸਨ। ਦਰਅਸਲ ਲੋਕਾਂ ਦਾ ਇੰਜ ਸੋਚਣਾ ਇਸ ਜੋੜੀ ਦੀ ਬਾਕਮਾਲ ਤੇ ਕੁਦਰਤੀ ਅਦਾਕਾਰੀ ਦਾ ਪ੍ਰਤੱਖ ਪ੍ਰਮਾਣ ਸੀ।



ਪੰਜਾਬੀ ਸਿਨੇਮਾ ਦੀ ਸਨਮਾਨਯੋਗ ਅਦਾਕਾਰਾ ਬਣ ਚੁੱਕੀ ਇਹ ਅਦਾਕਾਰਾ ਹੁਣ ਤੱਕ -ਜੀ ਆਇਆਂ ਨੂੰ, ਅਸਾਂ ਨੂੰ ਮਾਣ ਵਤਨਾਂ ਦਾ, ਨਾਲਾਇਕ, ਦਿਲਦਾਰਾ, ਇੱਕ ਜਿੰਦ ਇਕ ਜਾਨ, ਮੁੰਡੇ ਕਮਾਲ ਦੇ, ਸੁਪਰ ਸਿੰਘ, ਸਰਦਾਰ ਮੁਹੰਮਦ, ਝੱਲੇ, ਖਾਓ ਪੀਓ ਐਸ਼ ਕਰੋ, ਮੁੰਡਾ ਹੀ ਚਾਹੀਦਾ, ਖਿੱਦੋ ਖੂੰਡੀ, ਸਰਦਾਰ ਜੀ-

**ਪਰਮਜੀਤ ਸਿੰਘ**

2, ਕਾਲਾ ਸ਼ਾਹ ਕਾਲਾ, ਬਿਊਟੀਫੁੱਲ ਬਿੱਲੋ, ਕਾਲੀ ਖੂਹੀ, ਨਿਸ਼ਾਨਾ ਅਤੇ ਮੈਂ ਵਿਆਹ ਨਹੀਂ ਕਰਵਾਉਣਾ ਤੇਰੇ ਨਾਲ ਸਣੇ ਕਈ ਹੋਰ ਫ਼ਿਲਮਾਂ ’ਚ ਦਮਦਾਰ ਕਿਰਦਾਰ ਅਦਾ ਕਰ ਚੁੱਕੀ ਹੈ। ਤਰਸੇਮ ਜੱਸੜ ਦੀ ਫ਼ਿਲਮ ਸਰਦਾਰ ਮੁਹੰਮਦ ਵਿੱਚ ਉਸ ਵੱਲੋਂ ਨਿਭਾਈ ਗਈ ਇਕ ਅੰਨ੍ਹੀ ਤੇ ਗੂੰਗੀ ਬਜ਼ੁਰਗ ਮਾਂ ਦੀ ਛੋਟੀ ਜਿਹੀ ਭੂਮਿਕਾ ਦਰਸ਼ਕਾਂ ਨੂੰ ਧੁਰ ਅੰਦਰ ਤੱਕ ਝੰਜੋੜ ਗਈ ਸੀ। ਉਮਰ ਦੇ 70 ਵਰ੍ਹੇ ਪਾਰ ਕਰ ਚੁੱਕੀ ਅਤੇ ਕਈ ਵੱਡੇ ਪੁਰਸਕਾਰ ਹਾਸਿਲ ਕਰ ਚੁੱਕੀ ਜਤਿੰਦਰ ਕੌਰ, ਪੰਜਾਬ ਦੇ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨਾਲ ਅੱਜ ਵੀ ਰੰਗਮੰਚ ’ਤੇ ਪੂਰੇ ਜੋਸ਼ ਅਤੇ ਜਨੂੰਨ ਨਾਲ ਅਦਾਕਾਰੀ ਕਰਨ ਵਿੱਚ ਮਸਰੂਫ਼ ਹੈ। ਪਾਕਿਸਤਾਨ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਅਤੇ ਕੈਨੇਡਾ ਵਿੱਚ ਵੀ ਆਪਣੀ ਦਮਦਾਰ ਅਦਾਕਾਰੀ ਦਾ ਮੁਜ਼ਾਹਰਾ ਕਰ ਚੁੱਕੀ ਜਤਿੰਦਰ ਕੌਰ ਆਪਣੀ ਕਾਮਯਾਬੀ ਪਿੱਛੇ ਭਾਅ ਜੀ ਗੁਰਸ਼ਰਨ ਸਿੰਘ ਅਤੇ ਆਪਣੇ ਪਤੀ ਦਾ ਵੱਡਾ ਯੋਗਦਾਨ ਮੰਨਦੀ ਹੈ। ਉਸ ਦਾ ਮੰਨਣਾ ਹੈ ਕਿ ਫ਼ਿਲਮਾਂ ਵਿੱਚ ਕੰਮ ਕਰਨ ਦੇ ਚਾਹਵਾਨ ਅਜੋਕੇ ਨੌਜਵਾਨ ਮੁੰਡੇ-ਕੁੜੀਆਂ ਨੂੰ ਪਹਿਲਾਂ ਰੰਗਮੰਚ ’ਤੇ ਕੰਮ ਕਰਕੇ ਅਦਾਕਾਰੀ ਦੀ ਕਲਾ ਦੀਆਂ ਬਾਰੀਕੀਆਂ ਸਿੱਖਣੀਆਂ ਚਾਹੀਦੀਆਂ ਹਨ।

## ‘ਕੈਰੀ ਆਨ ਜੱਟੀਏ’ ਅਗਲੇ ਸਾਲ 26 ਜੁਲਾਈ ਨੂੰ ਹੋਵੇਗੀ ਰਿਲੀਜ਼




ਪੰਜਾਬੀ ਫਿਲਮ ‘ਕੈਰੀ ਆਨ ਜੱਟੀਏ’ ਅਗਲੇ ਸਾਲ 26 ਜੁਲਾਈ ਨੂੰ ਰਿਲੀਜ਼ ਹੋਵੇਗੀ। ਇਸ ਫਿਲਮ ਵਿੱਚ ਮੁੱਖ ਅਦਾਕਾਰ ਗਿੱਪੀ ਗਰੇਵਾਲ, ਸਰਗੁਨ ਮਹਿਤਾ, ਜੈਸਮੀਨ ਭਸੀਨ ਅਤੇ ਸੁਨੀਲ ਗਰੋਵਰ ਹਨ। ਇਹ ਫਿਲਮ ਗਿੱਪੀ ਗਰੇਵਾਲ ਦੀ ‘ਕੈਰੀ ਆਨ ਜੱਟਾ’ ਫਰੈਂਚਾਇਜ਼ੀ ਦਾ ਹਿੱਸਾ ਹੈ। ਇਸ ਪੰਜਾਬੀ ਅਦਾਕਾਰ ਨੇ ਐਕਸ ’ਤੇ ਇਸ ਫਿਲਮ ਦੇ ਰਿਲੀਜ਼ ਹੋਣ ਦੀ ਮਿਤੀ ਸਾਂਝੀ ਕਰਦਿਆਂ ਲਿਖਿਆ, ‘26 ਜੁਲਾਈ 2024 ਨੂੰ ਸਿਨੇਮਾ ਘਰਾਂ ਵਿੱਚ ਆ ਰਹੀ ਹੈ ‘ਕੈਰੀ ਆਨ ਜੱਟੀਏ’। ਇਸ ਦੀ ਤਰੀਕ ਪੱਕੀ ਕਰ ਲਓ।’ ਫਿਲਮ ‘ਕੈਰੀ ਆਨ ਜੱਟੀਏ’ ਦਾ ਨਿਰਦੇਸ਼ਨ ਸਮੀਪ ਕੰਗ ਕਰ ਰਹੇ ਹਨ। ਇਹ ਫਿਲਮ ਕੁਮਾਰ ਮੰਗਤ ਪਾਠਕ, ਗਿੱਪੀ ਗਰੇਵਾਲ, ਰਵਨੀਤ ਕੌਰ ਗਰੇਵਾਲ, ਅਭਿਸ਼ੇਕ ਪਾਠਕ, ਵਿਨੋਦ ਅਸਵਾਲ ਅਤੇ ਦਿਵਿਆ ਧਮੀਜਾ ਵੱਲੋਂ ਬਣਾਈ ਗਈ ਹੈ। ਇਸ ਫਿਲਮ ਦੇ ਹੋਰ ਅਦਾਕਾਰਾਂ ਵਿੱਚ ਜਸਵਿੰਦਰ ਭੱਲਾ, ਨਾਸਿਰ ਚਿਨਓਟੀ, ਨਿਰਮਲ ਰਿਸ਼ੀ ਅਤੇ ਰੁਪਿੰਦਰ ਰੂਪੀ ਹਨ। ਫਿਲਮ ਦੀ ਸ਼ੂਟਿੰਗ ਫਿਲਹਾਲ ਲੰਡਨ ਵਿੱਚ ਚੱਲ ਰਹੀ ਹੈ।

# ਖੇਡਾਂ ’ਚ ਬਣਾਓ ਕੈਰੀਅਰ

## ਖੇਡਾਂ ਦੀ ਦੁਨੀਆਂ ’ਚ ਬਣਾਓ ਆਪਣਾ ਭਵਿੱਖ





ਖੇਡਾਂ, ਜਿਨ੍ਹਾਂ ਨੂੰ ਪਹਿਲਾਂ ਲੋਕ ਸ਼ੌਕ ਵਜੋਂ ਦੇਖਦੇ ਸਨ, ਅੱਜ ਨੌਜਵਾਨਾਂ ਵਿੱਚ ਕਰੀਅਰ ਦੇ ਵਿਕਲਪ ਵਜੋਂ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਖੇਡਾਂ ਵਿੱਚ ਕਰੀਅਰ ਬਣਾਉਣ ਲਈ ਸਭ ਤੋਂ ਪਹਿਲਾਂ ਤੁਹਾਨੂੰ ਆਪਣੀ ਰੁਚੀ ਜਾਂ ਅਜਿਹੀ ਖੇਡ ਚੁਣਨੀ ਪਵੇਗੀ ਜਿਸ ਵਿੱਚ ਤੁਸੀਂ ਸ਼ਾਨਦਾਰ ਪ੍ਰਦਰਸ਼ਨ ਕਰ ਸਕੋ। ਇਸ ਤੋਂ ਬਾਅਦ ਆਪਣੀ ਤਾਕਤ ਦਾ ਮੁਲਾਂਕਣ ਕਰੋ। ਕੋਚਿੰਗ ਸਹੂਲਤਾਂ ਅਤੇ ਖੇਡ ਦੀਆਂ ਵਿੱਤੀ ਲੋੜਾਂ ਬਾਰੇ ਜਾਣੋ। ਵਿੱਤੀ ਤੌਰ ’ਤੇ ਆਪਣਾ ਰਾਹ ਆਸਾਨ ਬਣਾਉਣ ਲਈ, ਤੁਸੀਂ ਸਕਾਲਰਸ਼ਿਪ ਅਤੇ ਸੀਐਸਆਰ ਫੰਡਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਅਤੇ ਅਰਜ਼ੀ ਦੇ ਸਕਦੇ ਹੋ। ਇਸ ਤੋਂ ਬਾਅਦ, ਅੱਗੇ ਵਧਣ ਲਈ, ਆਪਣੀਆਂ ਖੇਡਾਂ ਵਿਚ ਅਭਿਆਸ ਅਤੇ ਅਨੁਸ਼ਾਸਨ ਨੂੰ ਗੰਭੀਰਤਾ ਨਾਲ ਲੈਣਾ, ਸੰਤੁਲਿਤ ਖੁਰਾਕ ਲੈਣਾ, ਖੇਡ ਮੁਕਾਬਲਿਆਂ ਵਿਚ ਹਿੱਸਾ ਲੈਣਾ, ਟੀਚੇ ਨਿਰਧਾਰਤ ਕਰਨਾ ਅਤੇ ਸਲਾਹਕਾਰਾਂ ਨਾਲ ਗੱਲ ਕਰਨਾ ਜ਼ਰੂਰੀ ਹੈ।

ਤੁਸੀਂ ਸਕੂਲ ਜਾਂ ਕਾਲਜ ਵਿੱਚ ਹੋਣ ਵਾਲੇ ਖੇਡ ਮੁਕਾਬਲਿਆਂ ਤੋਂ ਖੇਡਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਸਕਦੇ ਹੋ। ਸਟੇਟ ਸਪੋਰਟਸ ਟੀਮ ਵਿੱਚ ਆਪਣੀ ਥਾਂ ਬਣਾ ਸਕਦੇ ਹਨ। ਜੇਕਰ ਤੁਸੀਂ ਖੇਡਾਂ ਵਿੱਚ ਬਿਹਤਰ ਪ੍ਰਦਰਸ਼ਨ ਕਰਦੇ ਹੋ, ਤਾਂ ਇੱਕ ਖਿਡਾਰੀ ਦੇ ਰੂਪ ਵਿੱਚ ਤੁਹਾਨੂੰ ਸਪੋਰਟਸ ਅਥਾਰਟੀ ਆਫ਼ ਇੰਡੀਆ ਦੀਆਂ ਵੱਖ-ਵੱਖ ਸੰਸਥਾਵਾਂ ਤੋਂ ਸਿਖਲਾਈ ਲੈਣ ਦਾ ਮੌਕਾ ਮਿਲ ਸਕਦਾ ਹੈ। ਸਾਈ ਦੇ ਅਧੀਨ ਵੱਖ-ਵੱਖ ਸੰਸਥਾਵਾਂ ਅਤੇ ਅਕੈਡਮੀਆਂ ਹਨ, ਜੋ ਨੌਜਵਾਨ ਪ੍ਰਤਿਭਾਵਾਂ ਨੂੰ ਪ੍ਰਤਿਭਾਸ਼ਾਲੀ ਖਿਡਾਰੀਆਂ ਵਿੱਚ ਬਦਲਣ ਲਈ ਸਿਖਲਾਈ ਪ੍ਰਦਾਨ ਕਰਦੀਆਂ ਹਨ। ਸਾਈ ਤੋਂ ਇਲਾਵਾ ਕਈ ਰਾਜ ਪੱਧਰੀ ਅਤੇ





ਨਿੱਜੀ ਸੰਸਥਾਵਾਂ ਹਨ ਜੋ ਖਿਡਾਰੀਆਂ ਨੂੰ ਉਤਸ਼ਾਹਿਤ ਕਰਦੀਆਂ ਹਨ। ਇਸ ਤੋਂ ਬਾਅਦ ਤੁਸੀਂ ਦੇਸ਼ ਲਈ ਖੇਡ ਸਕਦੇ ਹੋ। ਖਿਡਾਰੀਆਂ ਨੂੰ ਭਵਿੱਖ ਵਿੱਚ ਟ੍ਰੇਨਰ ਅਤੇ ਕੋਚ ਵਜੋਂ ਕੰਮ ਕਰਨ ਦਾ ਮੌਕਾ ਵੀ ਮਿਲਦਾ ਹੈ।

ਖੇਡਾਂ ਦੀ ਦੁਨੀਆ ਵਿੱਚ, ਤੁਸੀਂ ਇੱਕ ਖਿਡਾਰੀ ਦੇ ਰੂਪ ਵਿੱਚ ਨਹੀਂ, ਸਗੋਂ ਕਈ ਤਰੀਕਿਆਂ ਨਾਲ ਆਪਣਾ ਕਰੀਅਰ ਬਣਾ ਸਕਦੇ ਹੋ।

ਖੇਡ ਪ੍ਰਬੰਧਨ: ਅੱਜਕੱਲ੍ਹ, ਹਰ ਖੇਡ ਅਤੇ ਖੇਡ ਅਥਾਰਟੀ ਨੂੰ ਖੇਡ ਪ੍ਰਬੰਧਨ ਵਿੱਚ ਮਾਹਿਰਾਂ ਦੀ ਲੋੜ ਹੁੰਦੀ ਹੈ। ਕਿਸੇ ਵੀ ਸਟਰੀਮ ਦੇ ਨੌਜਵਾਨ ਸਪੋਰਟਸ ਮੈਨੇਜਮੈਂਟ ਕੋਰਸ ਵਿੱਚ ਦਾਖਲਾ ਲੈ ਸਕਦੇ ਹਨ, ਪਰ ਉਨ੍ਹਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਨ੍ਹਾਂ ਨੇ ਸਰੀਰਕ ਸਿੱਖਿਆ (ਪੀਈ) ਵਿੱਚ ਗ੍ਰੈਜੂਏਸ਼ਨ ਪੂਰੀ ਕੀਤੀ ਹੈ। ਤੁਸੀਂ ਕਿਸੇ ਖਾਸ ਖੇਡ ਵਿੱਚ ਬੈਚਲਰ ਇਨ ਫਿਜ਼ੀਕਲ ਐਜੂਕੇਸ਼ਨ ਵੀ ਕਰ ਸਕਦੇ ਹੋ।

ਖੇਡ ਮਨੋਵਿਗਿਆਨ ਸਲਾਹਕਾਰ: ਖੇਡ ਮਨੋਵਿਗਿਆਨ ਸਲਾਹਕਾਰ ਖਿਡਾਰੀਆਂ ਨੂੰ ਮਾਨਸਿਕ ਤੌਰ ’ਤੇ ਤੰਦਰੁਸਤ ਰੱਖਣ ਵਿੱਚ ਮਦਦ ਕਰਦੇ ਹਨ। ਮਨੋਵਿਗਿਆਨ ਵਿੱਚ ਐਮ ਏ ਕਰਨ ਤੋਂ ਬਾਅਦ, ਤੁਸੀਂ ਇਹ ਕੋਰਸ ਸਿਰਫ ਮਾਸਟਰ ਜਾਂ ਡਾਕਟੋਰਲ ਪੱਧਰ ’ਤੇ ਹੀ ਕਰ ਸਕਦੇ ਹੋ। ਇਸ ਪੇਸ਼ੇ ਵਿੱਚ ਦਾਖਲ ਹੋਣ ਲਈ, ਤੁਹਾਨੂੰ ਐਸੋਸੀਏਸ਼ਨ ਫਾਰ ਅਪਲਾਈਡ ਸਪੋਰਟਸ ਸਾਈਕਾਲੋਜੀ ਨਾਲ ਵੀ ਰਜਿਸਟਰ ਕਰਨਾ ਹੋਵੇਗਾ।

ਸਪੋਰਟਸ ਮੈਡੀਸਨ: ਖਿਡਾਰੀ ਅਕਸਰ ਖੇਡਾਂ ਅਤੇ ਅਭਿਆਸ ਦੌਰਾਨ ਜ਼ਖਮੀ ਹੋ ਜਾਂਦੇ ਹਨ। ਅਜਿਹੇ ਵਿੱਚ ਖਿਡਾਰੀਆਂ ਦਾ ਸਪੋਰਟਸ ਮੈਡੀਸਨ ਤਹਿਤ ਇਲਾਜ ਕੀਤਾ ਜਾਂਦਾ ਹੈ। ਮੈਡੀਕਲ ਦੀ ਡਿਗਰੀ ਤੋਂ ਬਾਅਦ ਤੁਸੀਂ ਇਸ ਖੇਤਰ ਵਿੱਚ ਕਰੀਅਰ ਬਣਾ ਸਕਦੇ ਹੋ। ਜੇਕਰ ਤੁਸੀਂ ਸਪੋਰਟਸ ਮੈਡੀਸਨ ਦੇ ਖੇਤਰ ਵਿੱਚ ਡਿਪਲੋਮਾ ਕੋਰਸ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਲ ਇੰਡੀਆ ਸਪੋਰਟਸ ਮੈਡੀਸਨ ਪੋਸਟ ਗ੍ਰੈਜੂਏਟ ਦਾਖਲਾ ਪ੍ਰੀਖਿਆ ਪਾਸ ਕਰਨੀ ਪਵੇਗੀ।

ਖੇਡ ਪੱਤਰਕਾਰੀ: ਜੇਕਰ ਤੁਸੀਂ ਖੇਡਾਂ ਬਾਰੇ ਲਿਖਣਾ ਪਸੰਦ ਕਰਦੇ ਹੋ, ਤਾਂ ਤੁਸੀਂ ਖੇਡ ਪੱਤਰਕਾਰੀ ਵਿੱਚ ਕਰੀਅਰ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰ ਸਕਦੇ ਹੋ। ਤੁਸੀਂ ਕਿਸੇ ਵੀ ਸੰਸਥਾ ਤੋਂ ਪੱਤਰਕਾਰੀ ਜਾਂ ਮਾਸ ਕਮਿਊਨੀਕੇਸ਼ਨ ਦੀ ਡਿਗਰੀ ਪ੍ਰਾਪਤ ਕਰਕੇ ਖੇਡ ਪੱਤਰਕਾਰ ਬਣ ਸਕਦੇ ਹੋ।

ਖੇਡਾਂ ਦੀ ਮਾਰਕੀਟਿੰਗ: ਜਦੋਂ ਤੋਂ ਖੇਡਾਂ ਮਨੋਰੰਜਨ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਈਆਂ ਹਨ, ਖੇਡਾਂ ਦੀ ਮਾਰਕੀਟਿੰਗ ਇੱਕ ਵਿਆਪਕ ਕੈਰੀਅਰ ਖੇਤਰ ਬਣ ਗਈ ਹੈ। ਸਪੋਰਟਸ ਮਾਰਕੀਟਿੰਗ ਮੈਨੇਜਰ ਸਪੋਰਟਸ ਕੰਪਨੀਆਂ ਲਈ ਇਸ਼ਤਿਹਾਰ ਇਕੱਠੇ ਕਰਨ ਅਤੇ ਟਿਕਟਾਂ ਵੇਚਣ ਲਈ ਜ਼ਿੰਮੇਵਾਰ ਹੁੰਦਾ ਹੈ।

ਇਸ ਤੋਂ ਇਲਾਵਾ ਸਪੋਰਟਸ ਇੰਡਸਟਰੀ ਵਿੱਚ ਸਪੋਰਟਸ ਟੀਚਰ, ਕੋਚ, ਸਪੋਰਟਸ ਵਕੀਲ ਅਤੇ ਫਿਟਨੈਸ ਮਾਹਿਰ ਵਜੋਂ ਕਰੀਅਰ ਬਣਾਉਣ ਦੇ ਮੌਕੇ ਵੀ ਹਨ।

### ਖੇਡਾਂ ਦੇ ਪ੍ਰਮੁੱਖ ਅਦਾਰੇ

ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ, ਪਟਿਆਲਾ, ਨੈਸ਼ਨਲ ਸਪੋਰਟਸ ਯੂਨੀਵਰਸਿਟੀ, ਮਣੀਪੁਰ, ਲਕਸ਼ਮੀਬਾਈ ਨੈਸ਼ਨਲ ਇੰਸਟੀਚਿਊਟ ਆਫ਼ ਫਿਜ਼ੀਕਲ ਐਜੂਕੇਸ਼ਨ, ਗਵਾਲੀਅਰ, ਲਕਸ਼ਮੀਬਾਈ ਨੈਸ਼ਨਲ ਕਾਲਜ ਫਾਰ ਫਿਜ਼ੀਕਲ ਐਜੂਕੇਸ਼ਨ, ਤਿਰੂਵਨੰਤਪੁਰਮ, ਇੰਦਰਾ ਗਾਂਧੀ ਸਰੀਰਕ ਸਿੱਖਿਆ ਅਤੇ ਖੇਡ ਵਿਗਿਆਨ ਸੰਸਥਾਨ, ਨਵੀਂ ਦਿੱਲੀ, ਟਾਟਾ ਫੁੱਟਬਾਲ ਅਕੈਡਮੀ, ਜਮਸ਼ੇਦਪੁਰ

# ਟੈਕਨਾਲੋਜੀ ਨੇ ਬਦਲ ਦਿੱਤਾ ਹੈ ਖੇਡਾਂ ਨੂੰ

## ਨਵੀਂ ਟੈਕਨਾਲੋਜੀ ਨਾਲ ਖੇਡਾਂ ’ਚ ਆਇਆ ਵੱਡਾ ਸੁਧਾਰ



ਜਦੋਂ ਤੋਂ ਟੈਕਨਾਲੋਜੀ ਖੇਡਾਂ ਦੇ ਸੰਪਰਕ ਵਿੱਚ ਆਈ ਹੈ, ਮੈਦਾਨ ਵਿੱਚ ਬਹੁਤ ਕੁਝ ਬਦਲ ਗਿਆ ਹੈ। ਜਿੱਥੇ ਖੇਡ ਪਹਿਲਾਂ ਨਾਲੋਂ ਬਹੁਤ ਸਾਫ਼-ਸੁਥਰੀ ਹੋ ਗਈ ਹੈ, ਉੱਥੇ ਹੀ ਖੇਡ ਨਾਲ ਸਬੰਧਤ ਫੈਸਲਿਆਂ ਵਿੱਚ ਵੀ ਕਾਫੀ ਸੁਧਾਰ ਹੋਇਆ ਹੈ। ਕ੍ਰਿਕਟ, ਟੈਨਿਸ, ਫੁੱਟਬਾਲ ਅਤੇ ਹਾਕੀ ਹੀ ਨਹੀਂ, ਲਗਭਗ ਹਰ ਖੇਡਾਂ ਵਿੱਚ ਤਕਨਾਲੋਜੀ ਦਾ ਦਖਲ ਵਧਿਆ ਹੈ।

ਅੱਜ ਟੈਕਨਾਲੋਜੀ ਦਾ ਜ਼ੋਰ ਇੰਨਾ ਜ਼ਿਆਦਾ ਹੈ ਕਿ ਹਰ ਖੇਡ ਵਿਚ ਇਸ ਨੂੰ ਬਿਨਾਂ ਝਿਜਕ ਪ੍ਰਵਾਨ ਕੀਤਾ ਜਾ ਰਿਹਾ ਹੈ, ਇਸ ਦੇ ਨਾਲ-ਨਾਲ ਹੋਰ ਨਵੀਆਂ ਤਕਨੀਕਾਂ ਵੀ ਖੇਡਾਂ ਵਿੱਚ ਪ੍ਰਵੇਸ਼ ਕਰ ਰਹੀਆਂ ਹਨ। ਇੱਕ ਪਾਸੇ ਤਾਂ ਟੈਕਨਾਲੋਜੀ ਨੇ ਖੇਡ ਨੂੰ ਬਹੁਤ ਆਸਾਨ ਬਣਾ ਦਿੱਤਾ ਹੈ ਅਤੇ ਦੂਜੇ ਪਾਸੇ ਇਸ ਨੇ ਇਸ ਖੇਡਾਂ ਨੂੰ ਬਹੁਤ ਹੀ ਆਸਾਨ ਤਰੀਕਿਆਂ ਨਾਲ ਦੁਨੀਆਂ ਦੇ ਹਰ ਕੋਨੇ ਤੱਕ ਪਹੁੰਚਾਇਆ ਹੈ। ਹੁਣ ਤੁਸੀਂ ਘਰ ਬੈਠੇ ਰੀਅਲ ਟਾਈਮ ਵਿੱਚ ਦੁਨੀਆਂ ਵਿੱਚ ਕਿਤੇ ਵੀ ਖੇਡੇ ਜਾ ਰਹੇ ਕਿਸੇ ਵੀ ਤਰ੍ਹਾਂ ਦੇ ਮੈਚ ਨੂੰ ਦੇਖ ਸਕਦੇ ਹੋ।

ਇੱਕ ਸਮਾਂ ਸੀ ਜਦੋਂ ਮੈਚ ਦਾ ਆਨੰਦ ਲੈਣ ਲਈ ਮੈਦਾਨ ਵਿੱਚ ਜਾਣਾ ਪੈਂਦਾ ਸੀ ਤਾਂ ਸਮੇਂ ਦਾ ਪਹੀਆ ਥੋੜ੍ਹਾ ਅੱਗੇ ਵਧਿਆ ਅਤੇ ਰੇਡੀਓ ਕੁਮੈਂਟਰੀ ਉਨ੍ਹਾਂ ਲਈ ਸਹਾਰਾ ਬਣ ਗਈ ਜੋ ਮੈਚ ਦੇਖਣ ਨਹੀਂ ਜਾ ਸਕਦੇ ਸਨ। ਪਰ ਅਸੀਂ ਰੇਡੀਓ ਤੋਂ ਮੈਚ ਦੀ ਕੁਮੈਂਟਰੀ ਤਾਂ ਸੁਣ ਸਕਦੇ ਸੀ, ਪਰ ਦੇਖ ਨਹੀਂ ਸਕਦੇ ਸੀ।

ਫਿਰ ਇਸ ਤੋਂ ਬਾਅਦ ਟੈਲੀਵਿਜ਼ਨ ਨੇ ਵਿਸ਼ਵ ਪੱਧਰ ’ਤੇ ਧਮਾਕੇਦਾਰ ਧਮਾਕੇ ਕੀਤੇ ਅਤੇ ਹੁਣ ਅਸੀਂ ਟੀਵੀ ’ਤੇ ਮੈਚ ਦੇਖਣੇ ਸ਼ੁਰੂ ਕਰ ਦਿੱਤੇ। ਪਹਿਲਾਂ ਅਸੀਂ ਟੀਵੀ ’ਤੇ ਮੈਚ ਦੀਆਂ ਹਾਈਲਾਈਟਸ ਹੀ ਦੇਖ ਸਕਦੇ ਸੀ, ਫਿਰ ਲਾਈਵ ਦਾ ਦੌਰ ਆ ਗਿਆ। ਇਸ ਕ੍ਰਾਂਤੀਕਾਰੀ ਕਦਮ ਤੋਂ ਬਾਅਦ, ਤਕਨਾਲੋਜੀ ਨੇ ਖੇਡ ਪ੍ਰੇਮੀਆਂ ਲਈ ਰਾਹ ਖੋਲ੍ਹਿਆ ਅਤੇ ਹਰ ਖੇਡ ਨੂੰ ਹਰ ਕਿਸੇ ਲਈ ਪਹੁੰਚਯੋਗ ਬਣਾਇਆ।

ਖੇਡ ਪ੍ਰੇਮੀ ਹੁਣ ਰੇਡੀਓ ਅਤੇ ਟੀਵੀ ਰਾਹੀਂ ਆਪਣੀਆਂ ਮਨਪਸੰਦ ਖੇਡਾਂ ਦੀ ਬਜਾਏ ਹੋਰ ਖੇਡਾਂ ਦਾ ਆਨੰਦ ਲੈਣ ਲੱਗ ਪਏ ਹਨ। ਜਿੱਥੇ ਤਕਨਾਲੋਜੀ ਨੇ ਜ਼ਿੰਦਗੀ ਨੂੰ ਆਸਾਨ ਬਣਾ ਦਿੱਤਾ ਹੈ, ਉੱਥੇ ਵਿਗਿਆਨ ਦੀ ਇਸ ਵਿਲੱਖਣ ਖੋਜ ਨੇ ਖੇਡਾਂ ਦਾ ਰੋਮਾਂਚ ਵਧਾ ਦਿੱਤਾ ਹੈ।

### ਖੇਡਾਂ ਵਿੱਚ ਸੁਧਾਰ ਕਰਦੀ ਹੈ ਟੈਕਨਾਲੋਜੀ

ਸਿਖਲਾਈ ਕਿਸੇ ਵੀ ਖੇਡ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਖਾਸ ਕਰਕੇ ਖਿਡਾਰੀਆਂ ਲਈ। ਇਸ ਸਿਖਲਾਈ ਕਾਰਨ ਫਿੱਟ ਖਿਡਾਰੀ ਮੈਦਾਨ ’ਤੇ ਆ ਕੇ ਵਿਰੋਧੀ ਟੀਮ ਨੂੰ ਜ਼ਬਰਦਸਤ ਚੁਣੌਤੀ ਪੇਸ਼ ਕਰਦੇ ਹਨ।

ਸਿਖਲਾਈ ਦਾ ਮਤਲਬ ਹੈ ਕਿ ਖਿਡਾਰੀ ਆਪਣੇ ਆਪ ਨੂੰ ਮੁਕਾਬਲੇ ਲਈ ਬਿਹਤਰ ਢੰਗ ਨਾਲ ਤਿਆਰ ਕਰਨ। ਇਸ ਤੋਂ ਇਲਾਵਾ, ਅਥਲੀਟ ਇਸ ਰਾਹੀਂ ਆਪਣੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਦਾ ਹੈ, ਇਸ ਤੋਂ ਇਲਾਵਾ ਉਹ ਆਪਣੀ ਸਮਰੱਥਾ, ਗਤੀ, ਯੋਗਤਾ, ਮਾਨਸਿਕ ਚੌਕਸੀ, ਤੰਦਰੁਸਤੀ, ਸੱਟ ਲੱਗਣ ਦੀ ਸੰਭਾਵਨਾ ਨੂੰ ਘੱਟ ਕਰਨ ਅਤੇ ਆਪਣੇ ਪੋਸ਼ਣ ਆਦਿ ਨੂੰ ਕੰਟਰੋਲ ਕਰਨ ਦੇ ਯੋਗ ਹੁੰਦਾ ਹੈ। ਕੋਚਾਂ ਅਤੇ ਸਹਾਇਕ ਸਟਾਫ ਦਾ ਕੰਮ ਆਪੋ-ਆਪਣੇ ਐਥਲੀਟਾਂ ਨੂੰ ਬਿਹਤਰ ਤਰੀਕੇ ਨਾਲ ਸਿਖਲਾਈ ਦੇਣਾ ਹੈ।

ਟੈਨਿਸ ਵਿੱਚ ਵੀ ਇੱਕ ਖਿਡਾਰੀ ਤਕਨੀਕ ਰਾਹੀਂ ਇਕੱਲਾ ਅਭਿਆਸ ਕਰ ਸਕਦਾ ਹੈ। ਇਹ ਮਸ਼ੀਨ 70 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਸੇਵਾ ਕਰਦੀ ਹੈ ਅਤੇ ਮਸ਼ੀਨ ਦੀ ਸੇਵਾ ਦੌਰਾਨ ਗੇਂਦ ਵੀ ਕਈ ਤਰੀਕਿਆਂ ਨਾਲ ਸਵਿੰਗ ਕਰਦੀ ਹੈ। ਇਸ ਮਸ਼ੀਨ ਦੇ ਨਾਲ ਇੱਕ ਰਿਮੋਟ ਵੀ ਹੈ ਜਿਸ ਨਾਲ ਪਲੇਅਰ ਆਪਣੀ ਸਹੂਲਤ ਅਨੁਸਾਰ ਸਰਵਿਸ ਨੂੰ ਕੰਟਰੋਲ ਕਰਦਾ ਹੈ।

ਟੈਕਨਾਲੋਜੀ ਨੇ ਹਾਕੀ ਵਿੱਚ ਵੀ ਆਪਣੀ ਪਕੜ ਬਣਾ ਲਈ ਹੈ। ਖਿਡਾਰੀ ਟਰੇਨਿੰਗ ਟਰਨਟੇਬਲ ਮਸ਼ੀਨ ਨਾਲ ਅਭਿਆਸ ਕਰਦੇ ਹਨ। ਇਹ ਮਸ਼ੀਨ ਖਿਡਾਰੀਆਂ ਨੂੰ ਹਾਕੀ ਦੀਆਂ ਚਾਲਾਂ ਸਿੱਖਣ ਵਿੱਚ ਮਦਦ ਕਰਦੀ ਹੈ। ਇਸ ਤੋਂ ਇਲਾਵਾ ਇਸ ਮਸ਼ੀਨ ਰਾਹੀਂ ਗੋਲਕੀਪਰ ਆਪਣੇ ਗੋਲਕੀਪਿੰਗ ਪੱਧਰ ਨੂੰ ਸੁਧਾਰ ਸਕਦਾ ਹੈ।

ਖਿਡਾਰੀ ਤੇਜ਼ ਚਲਦੀ ਗੇਂਦ ਨੂੰ ਝਟਕੇ ਨਾਲ ਸਹੀ ਢੰਗ ਨਾਲ ਰੋਕਣ ਦੀ ਕਲਾ ਵਿੱਚ ਮਾਹਰ ਬਣ ਸਕਦੇ ਹਨ। ਇਸ ਸਭ ਤੋਂ ਇਲਾਵਾ ਸਭ ਤੋਂ ਅਹਿਮ ਗੱਲ ਇਹ ਹੈ ਕਿ ਮਸ਼ੀਨਾਂ ਰਾਹੀਂ ਅਭਿਆਸ ਕਰਨ ਨਾਲ ਖਿਡਾਰੀਆਂ ਦੇ ਸੱਟਾਂ ਲੱਗਣ ਦੀਆਂ ਘਟਨਾਵਾਂ ਘਟੀਆਂ ਹਨ। ਨਾਲ ਹੀ, ਮਸ਼ੀਨ ਥੱਕਦੀ ਨਹੀਂ ਹੈ ਅਤੇ ਖਿਡਾਰੀਆਂ ਨੂੰ ਇਸ ਨਾਲ ਅਭਿਆਸ ਕਰਦੇ ਸਮੇਂ ਉਹੀ ਗਤੀ ਬਣਾਈ ਰੱਖਣੀ ਪੈਂਦੀ ਹੈ।

ਖਿਡਾਰੀਆਂ ਲਈ ਇੱਕ ਘੜੀ ਵੀ ਹੈ ਜਿਸ ਨੂੰ ਪਹਿਨ ਕੇ ਉਹ ਅਭਿਆਸ ਦੌਰਾਨ ਸਮਾਂ ਜਾਣ ਸਕਦੇ ਹਨ ਅਤੇ ਉਨ੍ਹਾਂ ਦੇ ਦਿਲ ਦੀ ਧੜਕਣ ਵੀ ਜਾਣ ਸਕਦੇ ਹਨ। ਇਹ ਘੜੀ ਤੁਹਾਨੂੰ ਇਹ ਵੀ ਦੱਸਦੀ ਹੈ ਕਿ ਕਸਰਤ ਦੌਰਾਨ ਤੁਸੀਂ ਕਿੰਨੀਆਂ ਕੈਲੋਰੀਆਂ ਬਰਨ ਕਰ ਰਹੇ ਹੋ ਅਤੇ ਤੁਹਾਨੂੰ ਫਿੱਟ ਰਹਿਣ ਲਈ ਕਿੰਨੀਆਂ ਦੀ ਲੋੜ ਹੈ।

ਉਲੰਪਿਕ ’ਚ ਰਿਕਾਰਡ 22 ਤਮਗੇ ਜਿੱਤਣ ਵਾਲੇ ਤੈਰਾਕ ਮਾਈਕਲ ਫਿਲਿਪਸ ਨੇ ਓਲੰਪਿਕ ’ਚ ਸਫਲ ਹੋਣ ਲਈ ਕਈ ਤਕਨੀਕਾਂ ਦਾ ਸਹਾਰਾ ਲਿਆ ਸੀ। ਉਸ ਦੇ ਕੋਚ ਨੇ ਤਕਨੀਕ ਦੀ ਵਰਤੋਂ ਕਰਕੇ ਉਸ ਨੂੰ ਫਿੱਟ ਬਣਾਇਆ ਅਤੇ ਫਿਰ ਉਸ ਨੇ ਇਕ ਤੋਂ ਬਾਅਦ ਇੱਕ ਤਗਮੇ ਜਿੱਤੇ। ਇਸ ਤੋਂ ਇਲਾਵਾ ਹੁਣ ਅਜਿਹੀਆਂ ਟਰੇਨਿੰਗ ਜੈਕਟਾਂ ਵੀ ਆ ਗਈਆਂ ਹਨ, ਜਿਨ੍ਹਾਂ ਨੂੰ ਖਿਡਾਰੀ ਅਭਿਆਸ ਦੌਰਾਨ ਪਹਿਨ ਕੇ ਜਾਣ ਸਕਦੇ ਹਨ ਕਿ ਉਹ ਮੈਦਾਨ ’ਤੇ ਕਿੰਨੇ ਕਿਲੋਮੀਟਰ ਦੌੜੇ ਹਨ।

ਤਕਨੀਕ ਦੀ ਗੱਲ ਇੱਥੇ ਹੀ ਖਤਮ ਨਹੀਂ ਹੁੰਦੀ। ਹਰ ਖੇਡ ਵਿੱਚ ਟੈਕਨਾਲੋਜੀ ਦੀ ਭਰਪੂਰ ਵਰਤੋਂ ਕੀਤੀ ਜਾ ਰਹੀ ਹੈ।

ਸਿਰਫ਼ ਕ੍ਰਿਕਟ ਹੀ ਨਹੀਂ ਬਲਕਿ ਟੈਨਿਸ, ਫੁੱਟਬਾਲ, ਹਾਕੀ, ਐਥਲੈਟਿਕਸ, ਬੇਸਬਾਲ ਅਤੇ ਬਾਸਕਟਬਾਲ ਆਦਿ ਖੇਡਾਂ ਵਿੱਚ ਵੀ ਟੀਮਾਂ ਮੈਚ ਤੋਂ ਪਹਿਲਾਂ ਵਿਰੋਧੀ ਟੀਮਾਂ ਦੀ ਖੇਡ ਦੀ ਡੂੰਘਾਈ ਨਾਲ ਵੀਡੀਓ ਦੇਖਦੀਆਂ ਹਨ ਅਤੇ ਫਿਰ ਉਸ ਅਨੁਸਾਰ ਰਣਨੀਤੀ ਬਣਾਉਂਦੀਆਂ ਹਨ।

## ਕੀ ਹੋਣ ਪੰਜਾਬ ਦੇ ਭਵਿੱਖ

ਪਿੰਡ ਨੂੰ ਇੱਕ ਆਤਮ-ਨਿਰਭਰ ਇਕਾਈ ਵਜੋਂ ਵਿਕਸਿਤ ਕਰਨਾ।

**ਸਰਕਾਰ ਦੀਆਂ ਜ਼ਿੰਮੇਵਾਰੀਆਂ**

ਕਿਸਾਨ-ਕੇਂਦਰਿਤ ਨੀਤੀਆਂ, ਕੁਦਰਤੀ ਖੇਤੀ ਸਰਪ੍ਰਸਤੀ, ਰੁਜ਼ਗਾਰ-ਆਧਾਰਿਤ ਖੇਤੀ ਉਤਪਾਦਨ, ਬੇਅਬਾਦ ਜ਼ਮੀਨਾਂ ਤੋਂ ਉਤਪਾਦਨ ਅਤੇ ਰੁਜ਼ਗਾਰ ਪ੍ਰਾਪਤ ਕਰਨਾ, ਦਿਹਾਤੀ ਖੇਤਰਾਂ ਵਿਚ ਪ੍ਰਦੂਸ਼ਣ-ਰਹਿਤ ਖੇਤੀ ਉਦਯੋਗ ਸਥਾਪਤ ਕਰਨਾ, ਵਰਖਾ, ਦਰਿਆਵਾਂ ਦੇ ਪਾਣੀਆਂ ਦੀ ਦਿਹਾਤੀ ਖੇਤਰਾਂ ਵਿਚ ਸਟੋਰੇਜ ਅਤੇ ਚੈੱਕ ਡੈਮ ਬਣਾਉਣੇ, ਖੇਤੀ ਉਤਪਾਦਨ ਦੀਆਂ ਕੀਮਤਾਂ ਨੂੰ ਕਿਸਾਨੀ-ਮੁਖੀ ਬਣਾਉਣਾ, ਕੀਮਤਾਂ ਨਿਰਧਾਰਤ ਕਰਨ ਵਿੱਚ ਕਿਸਾਨ ਦੀ ਭਾਗੀਦਾਰੀ; ਖੇਤੀ ਉਤਪਾਦਨ ਦਾ ਨਵਾਂ ਸੰਸਾਰਕ ਸੋਚ ਅਮਲ ਸਿਰਜਣਾ ਆਦਿ ਮਹੱਤਵਪੂਰਨ ਜ਼ਿੰਮੇਵਾਰੀਆਂ ਹਨ।

**ਪਿੰਡਾਂ ਆਧਾਰਿਤ ਘਰੇਲੂ ਖੇਤੀ ਉਦਯੋਗ**

ਸਥਾਨਕ ਪੱਧਰ 'ਤੇ ਫੂਡ ਪ੍ਰੋਸੈਸਿੰਗ ਪਲਾਂਟ ਲਗਾਉਣਾ ਬੇਰੁਜ਼ਗਾਰੀ ਦਾ ਇੱਕ ਜਵਾਬ ਹੈ। ਆਖ਼ਰ ਵੱਡੇ ਉਦਯੋਗਪਤੀ, ਸਰਮਾਏਦਾਰ ਅਤੇ ਵਪਾਰੀ ਆਦਿ ਕਿਸਾਨ ਕੋਲੋਂ ਕੌਡੀਆਂ ਦੇ ਭਾਅ ਵਸਤੂਆਂ ਖਰੀਦ ਕੇ ਖੇਤੀ ਉਤਪਾਦਨ ਨਾਲ ਜੁੜੇ ਪਦਾਰਥਾਂ ਦੇ ਉਦਯੋਗ ਲਗਾਉਂਦੇ ਹਨ। ਉਹ ਤਿਆਰ ਮਾਲ ਨੂੰ ਖ਼ਪਤਕਾਰ ਤੱਕ ਪਹੁੰਚਾਉਣ ਦੌਰਾਨ ਅਸੰਤੁਲਿਤ ਮੁਨਾਫ਼ਾ ਕਮਾਉਂਦੇ ਜਾਂਦੇ ਹਨ। ਕਲੱਸਟਰਾਂ ਆਧਾਰਿਤ ਖੇਤੀ ਉਦਯੋਗਾਂ ਵਿੱਚ ਜੇਕਰ ਕਿਸਾਨ ਜੈਮ, ਸੌਸ, ਆਚਾਰ, ਜੂਸ, ਮੁਰੱਬੇ, ਸਾਫ਼ਟ ਡ੍ਰਿੰਕਸ, ਡੇਅਰੀ ਉਤਪਾਦਨ ਨਾਲ ਜੁੜੀਆਂ ਸਮੁੱਚੀਆਂ ਵਸਤੂਆਂ, ਸਬਜ਼ੀਆਂ ਦੀ ਪੈਕਿੰਗ, ਹਰਬਲ ਦਵਾਈਆਂ, ਬੇਕਰੀ, ਡ੍ਰਾਈ ਫਰੂਟਸ, ਮੀਟ ਅਤੇ ਮੀਟ ਪੈਕਿੰਗ, ਪੌਦਾ ਨਰਸਰੀਆਂ, ਫੁੱਲਾਂ ਦੀ ਕਾਸ਼ਤ ਅਤੇ ਵਿਕਰੀ, ਕੋਲਡ ਸਟੋਰੇਜ ਸਹੂਲਤਾਂ, ਵਾਤਾਨੁਕੂਲ ਟਰਾਂਸਪੋਰਟੇਸ਼ਨ ਅਤੇ ਹੋਰ ਅਜਿਹੇ ਅਨੇਕਾਂ ਖੇਤਰ ਹਨ, ਜਿਨ੍ਹਾਂ ਵਿੱਚ ਜੇਕਰ ਕਿਸਾਨ ਖੁਦ ਸ਼ਾਮਿਲ ਹੋ ਜਾਏ, ਤਾਂ ਵਰਤਮਾਨ ਖੇਤੀ ਉਤਪਾਦਨ ਵਿੱਚ ਸਹਿਜ ਪਰਿਵਰਤਨ ਯਕੀਨੀ ਆ ਜਾਏਗਾ। ਕਲੱਸਟਰਾਂ ਆਧਾਰਿਤ ਖੇਤੀ ਉਤਪਾਦਨ ਅਤੇ ਖੇਤੀ ਉਦਯੋਗਾਂ ਨਾਲ ਜਿੱਥੇ ਖੇਤੀ ਵਸਤੂਆਂ ਦੀ ਗੁਣਵੱਤਾ ਯਕੀਨੀ ਬਣੇਗੀ, ਲੋਕਾਂ ਦੀ ਸਿਹਤ ਵਿੱਚ ਗੁਣਾਤਮਕ ਸੁਧਾਰ ਆਏਗਾ, ਉਥੇ ਖੇਤੀ ਪੈਦਾਵਾਰ ਦਾ ਇਕ ਦੇਸ਼ ਦੀ ਘਰੇਲੂ ਉਤਪਾਦਨ ਦਰ ਵਿਚ ਵਰਤਮਾਨ ਤੋਂ ਉਲਟ ਵਧੇਰੇ ਯੋਗਦਾਨ ਪਏਗਾ। ਇਹ ਇੱਕ ਖੁੱਲ੍ਹਾ ਅਤੇ ਗੰਭੀਰ ਵਿਚਾਰ ਹੈ, ਜਿਸ ਬਾਰੇ ਸਰਕਾਰਾਂ ਅਤੇ ਕਿਸਾਨਾਂ ਸਮੇਤ ਹਰ ਸੰਬੰਧਿਤ ਵਿਅਕਤੀ ਅਤੇ ਧਿਰਾਂ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਹੋਏਗਾ। ਮੈਨੂੰ ਇਨ੍ਹਾਂ ਸਾਰੇ ਯਤਨਾਂ ਦੇ ਪਾਰਲੇ ਪਾਸੇ ਬਦਲਵੇਂ ਖੇਤੀ ਉਤਪਾਦਨ ਦੇ ਸਫ਼ਲ ਹੋਣ ਦੀਆਂ ਉੱਜਵਲ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ।

***

## ਵਿਧਾਨ ਸਭਾ ਚੋਣਾਂ 'ਚ ਭਾਜਪਾ

ਨੂੰ ਖਤਮ ਕਰ ਦੇਵੇਗਾ। ਇਸ ਦੌਰਾਨ ਆਰ.ਐਸ.ਐਸ. ਅਤੇ ਭਾਜਪਾ ਦੀਆਂ ਫਿਰਕੂ ਤਾਕਤਾਂ ਨੇ ਅੱਤਵਾਦ ਵਿਰੋਧੀ ਪਖੰਡੀ ਮੁਕਾਮ ਦੇ ਨਾਲ-ਨਾਲ ਇਜ਼ਰਾਈਲ-ਫਲਸਤੀਨ ਦੇ ਖ਼ੂਨੀ ਟਕਰਾਅ ਨੂੰ ਵੀ ਜਿਥੋਂ ਤੱਕ ਸੰਭਵ ਹੋ ਸਕੇ ਵਰਤਣਾ ਸ਼ੁਰੂ ਕਰ ਦਿੱਤਾ ਹੈ। ਗਾਜ਼ਾ ਵਿੱਚ ਫਲਸਤੀਨੀਆਂ ਦੇ ਕਤਲੇਆਮ ਨੂੰ ਇਜ਼ਰਾਈਲ ਵੱਲੋਂ ਖੁੱਲ੍ਹੇਆਮ ਸਮਰਥਨ ਦੇ ਕੇ ਸੰਘ-ਭਾਜਪਾ ਦੇ ਕੱਟੜ ਮੁਸਲਿਮ ਵਿਰੋਧੀ ਅਕਸ ਨੂੰ ਹੋਰ ਉੱਚਾ ਚੁੱਕਣ ਦਾ ਯਤਨ ਕੀਤਾ ਜਾ ਰਿਹਾ ਹੈ, ਤਾਂ ਜੋ ਫਿਰਕੂ ਧਰੁਵੀਕਰਨ ਦੀ ਆੜ ਵਿੱਚ ਆਮ ਦੇਸ਼ਵਾਸੀਆਂ ਦੀ ਦੁਰਦਸ਼ਾ ਬਾਰੇ ਸਾਰੇ ਅਸਲ ਸਵਾਲ ਉਠਾਏ ਜਾਣ। ਜਾ ਸਕਦੇ ਹਨ। ਇਸ ਤੋਂ ਬਾਅਦ ਵੀ ਜੇਕਰ ਕੋਈ ਘਾਟ ਰਹਿ ਗਈ ਹੈ ਤਾਂ ਉਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਰਦਾਰ ਪਟੇਲ ਦੀ ਜਯੰਤੀ ਮੌਕੇ ਕੀਤੇ ਗਏ ਐਲਾਨ ਨਾਲ ਭਰਨਾ ਚਾਹੀਦਾ ਹੈ ਕਿ 'ਤੁਸ਼ਟੀਕਰਨ ਦੇਸ਼ ਲਈ ਸਭ ਤੋਂ ਵੱਡਾ ਖ਼ਤਰਾ ਹੈ।' ਵਿਰੋਧੀ ਧਿਰ ਨੂੰ ਨਿਸ਼ਾਨਾ ਬਣਾਉਣ ਲਈ ਪ੍ਰਧਾਨ ਮੰਤਰੀ ਕਿਸ ਤਰ੍ਹਾਂ ਤੁਸ਼ਟੀਕਰਨ ਰਾਹੀਂ ਇਸ ਨੂੰ ਅੱਤਵਾਦ ਅਤੇ ਰਾਸ਼ਟਰ-ਵਿਰੋਧੀ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ, ਇਹ ਵੱਖਰੀ ਚਰਚਾ ਦੀ ਮੰਗ ਕਰਦਾ ਹੈ। ਹਾਲਾਂਕਿ, ਤੁਸ਼ਟੀਕਰਨ ਅਤੇ ਅੱਤਵਾਦ ਨੂੰ ਸਮਾਨਾਰਥੀ ਬਣਾ ਕੇ, ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਉਹ ਹਮਾਸ ਨਾਲ ਜੁੜੇ ਅਤਿ-ਪ੍ਰਚਾਰ ਦੇ ਪਿਛੋਕੜ ਵਿੱਚ ਮੁਸਲਮਾਨਾਂ ਅਤੇ ਅੱਤਵਾਦ ਨੂੰ ਕਿਵੇਂ ਜੋੜਦਾ ਹੈ। ਹਰ ਕੋਈ ਜਾਣਦਾ ਹੈ ਕਿ ਸੰਘ-ਭਾਜਪਾ ਦੀ ਸ਼ਬਦਾਵਲੀ ਵਿੱਚ 'ਤੁਸ਼ਟੀਕਰਨ' ਦਾ ਇੱਕ ਹੀ ਅਰਥ ਹੈ-ਮੁਸਲਿਮ ਵਿਰੋਧੀ! ਤੁਸ਼ਟੀਕਰਨ ਦਾ ਖ਼ਤਰਾ ਮੁਸਲਮਾਨਾਂ ਦਾ ਖ਼ਤਰਾ! ਇਹ ਖੇਡ ਅਗਲੇ ਕੁਝ ਹਫ਼ਤਿਆਂ ਵਿੱਚ ਹੋਰ ਖੇਡੀ ਜਾਵੇਗੀ।

ਹਾਲਾਂਕਿ, ਆਰਐਸਐਸ-ਭਾਜਪਾ ਦੀ ਜੋੜੀ ਨੇ ਫਿਰਕੂ ਧਰੁਵੀਕਰਨ ਦੇ ਆਪਣੇ ਜਾਣੇ-ਪਛਾਣੇ ਹਥਿਆਰ ਦਾ ਸਹਾਰਾ ਲੈਣਾ ਆਪਣੇ ਸੰਕਟ ਨੂੰ ਹੀ ਦਰਸਾਉਂਦਾ ਹੈ। ਉਨ੍ਹਾਂ ਦਾ ਸਭ ਤੋਂ ਵੱਡਾ ਸੰਕਟ ਇਹ ਹੈ ਕਿ ਮੋਦੀ ਦੇ ਚਿਹਰੇ ਦੇ ਨਾਲ-ਨਾਲ ਉਨ੍ਹਾਂ ਦਾ ਇਹ ਤਿੱਖਾ ਹਥਿਆਰ ਵੀ ਵਾਰ-ਵਾਰ ਵਰਤੋਂ ਅਤੇ ਲੋਕ-ਵਿਰੋਧ ਦੀ ਵਧਦੀ ਕਠੋਰਤਾ ਕਾਰਨ ਹੋਰ ਧੁੰਦਲਾ ਹੁੰਦਾ ਜਾ ਰਿਹਾ ਹੈ।

***

## ਕੀ ਸੰਘ ਪਰਿਵਾਰ ਉੱਪਰ

ਮੂੰਹ 'ਤੇ ਡੇਢ ਸਾਲ ਤੱਕ ਪੱਟੀ ਬੰਨ੍ਹ ਦਿੱਤੀ। ਉਹ ਡੇਢ ਸਾਲ ਅੱਜ ਤੱਕ ਖ਼ਤਮ ਨਹੀਂ ਹੋਇਆ। ਇਹ ਛੋਟ ਸੰਘ ਨੇ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੂੰ ਵੀ ਨਹੀਂ ਦਿੱਤੀ ਸੀ। ਇਹ ਸੰਗਠਨ ਵਿਚ-ਵਿਚ ਉਨ੍ਹਾਂ ਦੀ ਸਰਕਾਰ ਦੀ ਆਲੋਚਨਾ ਕਰਕੇ ਮੁਸ਼ਕਿਲਾਂ ਪੈਦਾ ਕਰਦੇ ਰਹਿੰਦੇ ਸਨ। ਜਾਣਕਾਰ ਲੋਕਾਂ ਨੂੰ ਇਹ ਵੀ ਚੇਤੇ ਹੋਵੇਗਾ ਕਿ ਸਰਕਾਰ ਬਣਦਿਆਂ ਹੀ ਕੁਝ ਦਿਨਾਂ ਬਾਅਦ ਹੀ ਸਰਸੰਘਚਾਲਕ ਦੇ ਸਾਲਾਨਾ ਬਿਆਨਾਂ ਨੂੰ ਦੂਰਦਰਸ਼ਨ 'ਤੇ ਪ੍ਰਸਾਰਿਤ ਕੀਤਾ ਗਿਆ ਸੀ। ਪਰ ਅੱਜ ਸਥਿਤੀ ਇਹ ਹੈ ਕਿ ਸਰਕਾਰੀ ਮੀਡੀਆ ਵੱਲੋਂ ਉਨ੍ਹਾਂ ਦੇ ਬਿਆਨਾਂ ਨੂੰ ਇਸ ਤਰ੍ਹਾਂ ਦੀ ਕੋਈ ਤਰਜੀਹ ਨਹੀਂ ਦਿੱਤੀ ਜਾਂਦੀ। ਇਸ ਵਾਰ ਵੀ ਦੁਸਹਿਰੇ ਵਾਲੇ ਦਿਨ ਸੰਘ ਦੇ ਸਥਾਪਨਾ ਦਿਵਸ 'ਤੇ ਮੋਹਨ ਭਾਗਵਤ ਦੇ ਭਾਸ਼ਨ 'ਤੇ ਇਲੈਕਟ੍ਰਾਨਿਕ ਮੀਡੀਆ ਨੇ ਟੁਕੜਿਆਂ ਵਿੱਚ ਹੀ ਚਰਚਾ ਕੀਤੀ ਅਤੇ ਉਸੇ ਦਿਨ ਦਿੱਤਾ ਗਿਆ ਪ੍ਰਧਾਨ ਮੰਤਰੀ ਦਾ ਬਿਆਨ ਮੀਡੀਆ ਵਿੱਚ ਛਾਇਆ ਰਿਹਾ। ਇਸੇ ਲਈ ਕਿਸੇ ਨੇ ਇਹ ਸਵਾਲ ਵੀ ਪੁੱਛਿਆ ਹੈ ਕਿ, ਕੀ ਪ੍ਰਧਾਨ ਮੰਤਰੀ ਨੇ ਸੰਘ ਨੂੰ ਉਸ ਦੇ ਜਨਮ ਦਿਨ ਦੀ ਵਧਾਈ ਦਿੱਤੀ ਹੈ?

ਨਰਿੰਦਰ ਮੋਦੀ ਦੀ ਅਗਵਾਈ 'ਚ ਭਾਜਪਾ ਅਤੇ ਉਸ ਦੀ ਸਰਕਾਰ ਆਪਣੀ ਬੇਮਿਸਾਲ ਸ਼ਕਤੀ, ਪ੍ਰਸਾਰ ਅਤੇ ਚੋਣ ਜਿੱਤਣ ਦੀ ਸਮਰੱਥਾ ਕਾਰਨ ਸੰਘ ਦੇ ਕੰਟਰੋਲ ਅਤੇ ਨਿਰਦੇਸ਼ ਦੇ ਦੂਰ ਜਾ ਕੇ ਬੇਲਗ਼ਾਮ ਹੋ ਗਈ ਹੈ। ਸੰਘ ਜੋ ਚਾਹੇ ਸਿਫਾਰਸ਼ ਕਰ ਸਕਦਾ ਹੈ, ਉਸ 'ਤੇ ਗੌਰ ਵੀ ਹੁੰਦਾ ਹੈ, ਪਰ ਉਸ ਦੇ ਮੰਨੇ ਜਾਣ ਦੀ ਕੋਈ ਗਾਰੰਟੀ ਨਹੀਂ ਹੁੰਦੀ। ਅਟਲ ਬਿਹਾਰੀ ਦੀ ਸਰਕਾਰ ਦੇ ਮੁਕਾਬਲੇ ਸੰਘ ਤੋਂ ਲੋਕ ਮੋਦੀ ਸਰਕਾਰ 'ਚ ਉਮੀਦ ਨਾਲੋਂ ਘੱਟ ਤਾਇਨਾਤ ਹਨ। ਮੋਦੀ ਦੀ ਅਗਵਾਈ ਵਾਲੀ ਭਾਜਪਾ ਵੱਲੋਂ ਸੰਘ ਦੀ ਸੰਗਠਨਾਤਮਿਕ ਸੰਸਕ੍ਰਿਤੀ ਵਿਚੋਂ ਆਪਣੇ ਨੇਤਾਵਾਂ ਦੀ ਬਜਾਏ ਬਾਹਰੋਂ ਆਏ ਨੇਤਾਵਾਂ ਨੂੰ ਸੱਤਾ ਸੌਂਪੀ ਜਾ ਰਹੀ ਹੈ। ਇਨ੍ਹਾਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਇਸ ਹਾਲਾਤ ਦਾ ਇਹ ਮਤਲਬ ਕੱਢਣਾ ਅਣਉਚਿਤ ਹੋਵੇਗਾ ਕਿ ਮੋਦੀ ਦੀ ਭਾਜਪਾ ਨੂੰ ਅੱਜ ਸੰਘ ਅਤੇ ਉਸ ਦੇ ਪ੍ਰਚਾਰਕਾਂ ਦੀ ਜ਼ਰੂਰਤ ਨਹੀਂ ਰਹਿ ਗਈ ਹੈ। ਦਰਅਸਲ, ਹੁਣ ਇਹ ਜ਼ਰੂਰਤ ਸੰਘ ਦੀਆਂ ਸ਼ਰਤਾਂ 'ਤੇ ਨਹੀਂ, ਸਗੋਂ ਭਾਜਪਾ ਦੀਆਂ ਸ਼ਰਤਾਂ 'ਤੇ ਲਾਗੂ ਹੋਣ ਲੱਗੀ ਹੈ।

***

## ਫਲਸਤੀਨੀ ਮੁਕਤੀ ਅੰਦੋਲਨ ਦੀ

ਹਿੰਸਾ ਨੂੰ ਵਧਾਉਂਦਾ ਰਹਿੰਦਾ ਹੈ, ਇਸ ਲਈ ਫਲਸਤੀਨੀ ਲੋਕ ਵਿਰੋਧ ਕਰਨਗੇ। ਮੈਨੂੰ ਇਹ ਕਹਿਣ ਲਈ ਅਫਸੋਸ ਹੈ, ਪਰ ਫਲਸਤੀਨੀ ਲੋਕ ਹਥਿਆਰਬੰਦ ਨਹੀਂ ਹਨ। ਕੌਣ ਹਥਿਆਰਬੰਦ ਹੈ, ਉਹ ਇਜ਼ਰਾਈਲੀ ਸਿਪਾਹੀ ਹਨ। ਉਨ੍ਹਾਂ ਕੋਲ ਟੈਂਕ, ਹਥਿਆਰ ਅਤੇ ਹਵਾਈ ਜਹਾਜ਼ ਹਨ। ਉਨ੍ਹਾਂ ਕੋਲ ਫੌਜ ਹੈ। ਫਲਸਤੀਨੀਆਂ ਕੋਲ ਵਿਰੋਧ ਕਰਨ ਲਈ ਬਹੁਤ ਘੱਟ ਹੈ। ਪਰ ਇਨਕਾਰ ਦੀ ਭਾਵਨਾ ਤੁਸੀਂ ਫਲਸਤੀਨੀ ਲੋਕਾਂ ਵਿੱਚ ਲੱਭ ਸਕਦੇ ਹੋ। ਤਾਂ ਇਸ ਪਲ ਦਾ ਨਾਮ ਕੀ ਹੋਵੇਗਾ? ਮੈਂ ਇਹ ਨਹੀਂ ਕਹਿ ਸਕਦੀ ਕਿ ਕੀ ਇਹ ਇੱਕ ਬਗਾਵਤ ਹੋਵੇਗੀ ਕਿਉਂਕਿ ਇਸ ਵਿੱਚ ਬਹੁਤ ਸਾਰੇ ਤੱਤਾਂ ਦੀ ਜ਼ਰੂਰਤ ਹੈ ਜੋ ਅੱਜ ਨਹੀਂ ਮਿਲਦੇ, ਪਰ ਇੱਕ ਨਿਰੰਤਰ ਵਿਰੋਧ ਹੈ ਜੋ ਵਿਕਸਤ ਹੋ ਰਿਹਾ ਹੈ। ਕਿਸ ਲਈ? ਇਸ ਦਾ ਜਵਾਬ ਆਉਣ ਵਾਲਾ ਸਮਾਂ ਦੇਵੇਗਾ।

ਖਾਲਿਦਾ ਦੀਆਂ ਚਿੰਤਾਵਾਂ ਅੰਦਰੂਨੀ ਵੰਡ ਹਨ ਜਿਨ੍ਹਾਂ ਨੇ ਮੁਕਤੀ ਅੰਦੋਲਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਖਾਸ ਕਰਕੇ ਫਤਹ ਅਤੇ ਹਮਾਸ ਵਿਚਕਾਰ। ਉਹ ਦੋ ਸਭ ਤੋਂ ਵੱਡੀਆਂ ਪਾਰਟੀਆਂ ਹਨ ਅਤੇ ਉਹ ਮੌਜੂਦਾ ਸਥਿਤੀ ਤੋਂ ਸੰਤੁਸ਼ਟ ਹਨ, ਜਿਸ ਵਿੱਚ ਹਮਾਸ ਦਾ ਗਾਜ਼ਾ ਉੱਪਰ ਅਤੇ ਵੈਸਟ ਬੈਂਕ 'ਤੇ ਫਤਾਹ ਅਤੇ ਫਲਸਤੀਨੀ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ. ਐਲ. ਓ.) ਦਾ ਕੰਟਰੋਲ ਹੈ। ਪਰ ਜ਼ਿਆਦਾਤਰ ਲੋਕ ਚੋਣਾਂ ਚਾਹੁੰਦੇ ਹਨ, ਜੋ ਇਸ ਨੂੰ ਬਦਲ ਦੇਣਗੀਆਂ। ਚੋਣਾਂ ਉਸ ਪਹੁੰਚ ਦਾ ਇੱਕ ਹਿੱਸਾ ਹਨ ਜਿਸਦੀ ਸਾਨੂੰ ਲੋਕਾਂ ਵਜੋਂ ਲੋੜ ਹੈ। ਦੂਸਰਾ ਸਭ ਧਿਰਾਂ ਵਿਚਕਾਰ ਮਿਲ ਕੇ ਕੰਮ ਕਰਨ ਲਈ ਘੱਟੋ-ਘੱਟ ਸਮਝੌਤਾ ਹੈ। ਪਰ ਅੰਦਰੂਨੀ ਫੁੱਟ ਅਤੇ ਹਰੇਕ ਧਿਰ ਦੇ ਨਿੱਜੀ ਹਿੱਤਾਂ ਦਾ ਮਤਲਬ ਹੈ ਕਿ ਉਹ ਚੋਣਾਂ ਵਿੱਚ ਦੇਰੀ ਕਰਨ ਲਈ ਵਧੇਰੇ ਝੁਕਾਅ ਰੱਖਦੇ ਹਨ। ਸਾਡੇ ਕੋਲ 2006 ਤੋਂ ਫਲਸਤੀਨੀ ਵਿਧਾਨ ਪ੍ਰੀਸ਼ਦ ਲਈ ਚੋਣਾਂ ਨਹੀਂ ਹੋਈਆਂ ਹਨ। ਪਰ ਜ਼ਿਆਦਾਤਰ ਲੋਕ ਬਦਲਾਅ ਚਾਹੁੰਦੇ ਹਨ। ਫਲਸਤੀਨੀਆਂ ਨੂੰ ਆਪਣੀ ਲੀਡਰਸ਼ਿਪ ਚੁਣਨ ਦੀ ਲੋੜ ਹੈ। ਇਹ ਅਜਿਹਾ ਕਰਨ ਲਈ ਜਨਤਕ ਦਬਾਅ ਪਾਉਣ ਦੀ ਲੋੜ ਹੋਵੇਗੀ। ਚੋਣਾਂ ਕਰਵਾਉਣ ਲਈ ਪਾਰਟੀਆਂ ਵਿਚਾਲੇ ਕਈ ਸਮਝੌਤੇ ਹੋਏ ਹਨ।

ਆਖਰੀ ਚੋਣਾਂ 2021 ਵਿੱਚ ਹੋਣੀਆਂ ਸਨ ਪਰ ਅਜਿਹਾ ਨਹੀਂ ਹੋਇਆ। ਰਾਸ਼ਟਰਪਤੀ ਮਹਮੂਦ ਅੱਬਾਸ ਨੇ ਉਨ੍ਹਾਂ ਨੂੰ ਇਸ ਬਹਾਨੇ ਰੱਦ ਕਰ ਦਿੱਤਾ ਕਿ ਅਸੀਂ ਯਰੂਸ਼ਲਮ ਵਿੱਚ ਫਲਸਤੀਨੀਆਂ ਤੋਂ ਬਿਨਾਂ ਚੋਣਾਂ ਨਹੀਂ ਕਰਵਾ ਸਕਦੇ, ਜਿਨ੍ਹਾਂ ਨੂੰ ਇਜ਼ਰਾਈਲ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦੇਵੇਗਾ। ਪਰ ਇਹ ਇੱਕ ਬਹਾਨਾ ਹੈ। ਬੇਸ਼ੱਕ ਵੈਸਟ ਬੈਂਕ ਵਿੱਚ ਯਰੂਸ਼ਲਮ ਤੋਂ ਬਿਨਾਂ ਚੋਣਾਂ ਹੋ ਸਕਦੀਆਂ ਹਨ। ਅਤੇ ਜੇਕਰ ਅਸੀਂ ਇੱਕ ਅਸਲੀ ਜਮਹੂਰੀ ਪਹੁੰਚ ਵਿੱਚ ਵਿਸ਼ਵਾਸ ਕਰਦੇ ਹਾਂ ਤਾਂ ਅਸੀਂ ਉਨ੍ਹਾਂ ਨੂੰ ਸ਼ਾਮਲ ਕਰਨ ਅਤੇ ਯਰੂਸ਼ਲਮ ਵਿੱਚ ਅਜਿਹਾ ਕਰਨ ਦੇ ਤਰੀਕੇ ਲੱਭਾਂਗੇ।ਖ਼ਾਲਿਦਾ ਮਹਿਸੂਸ ਕਰਦੀ ਹੈ ਕਿ ਫਲਸਤੀਨ ਦੀ ਮੁਕਤੀ ਦੀ ਲਹਿਰ ਰਾਜ-ਨਿਰਮਾਣ ਵੱਲ ਵਧੀ ਹੈ, ਜਿਸ ਦੇ ਉਦੇਸ਼ ਮੁਕਤੀ ਨਾਲੋਂ ਵੱਖਰੇ ਹਨ। ਅੰਦੋਲਨ ਦਾ ਇੱਕ ਹਿੱਸਾ ਇੱਕ ਸੁਤੰਤਰ ਰਾਜ ਸਥਾਪਤ ਕਰਨ ਬਾਰੇ ਸੋਚਦਾ ਹੈ ਅਤੇ ਸੋਚਦਾ ਹੈ ਕਿ ਇਹ ਓਸਲੋ ਸਮਝੌਤੇ ਰਾਹੀਂ ਕਰ ਸਕਦਾ ਹੈ, ਪਰ ਇਸਨੂੰ ਪੱਚੀ ਸਾਲਾਂ ਬਾਅਦ ਪਤਾ ਲੱਗਿਆ ਕਿ ਇਹ ਸਿਰਫ ਇੱਕ ਨਾਅਰਾ ਹੈ। ਪਰ ਹੁਣ ਅਸੀਂ ਲੋਕਾਂ ਦਾ ਹਰਮਨ ਪਿਆਰਾ ਵਿਰੋਧ ਵੇਖਦੇ ਹਾਂ ਜੋ ਸ਼ਾਇਦ ਮੁਕਤੀ ਲਹਿਰ ਨੂੰ ਅਨੁਕੂਲ ਹੋਣ ਲਈ ਮਜਬੂਰ ਕਰੇਗਾ। ਇਹ ਪਾਰਟੀਆਂ ਅਤੇ ਇਸਦੇ ਨੇਤਾਵਾਂ ਨੂੰ ਮੁਲਾਂਕਣ ਅਤੇ ਵਿਕਾਸ ਕਰਨ ਅਤੇ ਅਸਲ ਵਿੱਚ ਫਲਸਤੀਨੀਆਂ ਦੀਆਂ ਰਾਸ਼ਟਰੀ ਮੰਗਾਂ ਨੂੰ ਲਾਗੂ ਕਰਨ ਲਈ ਮਜ਼ਬੂਰ ਕਰ ਸਕਦਾ ਹੈ, ਜੋ ਹਨ: ਸਵੈ-ਨਿਰਣੇ, ਸ਼ਰਨਾਰਥੀਆਂ ਲਈ ਵਾਪਸੀ ਦਾ ਅਧਿਕਾਰ, ਅਤੇ ਕਬਜ਼ੇ ਦਾ ਅੰਤ। ਇਸ ਲਈ ਸਾਨੂੰ ਇੱਕ ਰਾਜ ਬਣਾਉਣ ਦੇ ਉਦੇਸ਼ ਤੋਂ ਬਦਲਣ ਅਤੇ ਮੁਕਤੀ ਫ਼#39;ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ, ਅਤੇ ਮੇਰੇ ਵਿਚਾਰ ਵਿੱਚ, ਇਹ ਇੱਕ ਲੋਕਤੰਤਰੀ ਪਹੁੰਚ ਹੋਣੀ ਚਾਹੀਦੀ ਹੈ। ਕੌਮੀ ਸੰਘਰਸ਼ ਤੋਂ ਇਲਾਵਾ ਸਾਡੇ ਕੋਲ ਇੱਕ ਜਮਹੂਰੀ ਸੰਘਰਸ਼ ਵੀ ਹੈ, ਜਿਸ ਵਿੱਚ ਸਮਾਜਿਕ ਨਿਆਂ ਅਤੇ ਔਰਤ-ਮਰਦ ਦੀ ਬਰਾਬਰੀ ਸ਼ਾਮਲ ਹੈ। ਇਹ ਮੁਕਤੀ ਦੀ ਸਮੱਗਰੀ ਹੈ ਜੋ ਸਾਨੂੰ ਫਲਸਤੀਨੀ ਲੋਕਾਂ ਨੂੰ ਚਾਹੀਦੀ ਹੈ। ਉਹ ਬੇਰੋਕ ਹੈ। ਉਸਦੀ ਖਰਾਬ ਸਿਹਤ ਦੇ ਬਾਵਜੂਦ – ਜਰਾਰ ਨੂੰ ਕਈ ਸਟ੍ਰੋਕ, ਹਾਈਪਰਕੋਲੇਸਟ੍ਰੋਲੇਮੀਆ ਦਾ ਸਾਹਮਣਾ ਕਰਨਾ ਪਿਆ ਹੈ, ਅਤੇ ਐਪੀਸਟੈਕਸਿਸ ਦੇ ਨਤੀਜੇ ਵਜੋਂ ਗੰਭੀਰ ਖ਼ੂਨ ਵਹਿਣ ਕਾਰਨ ਉਸਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ – ਉਸਦੇ ਲੋਕਾਂ ਦੇ ਕਾਰਨ ਪ੍ਰਤੀ ਉਸਦੀ ਵਚਨਬੱਧਤਾ, ਕਿਸੇ ਵੀ ਤਰੀਕੇ ਨਾਲ ਕਮਜ਼ੋਰ ਨਹੀਂ ਹੋਈ ਹੈ। 55 ਸਾਲਾ ਫਲਸਤੀਨੀ ਵਕੀਲ ਨੇ ਇੱਕ ਰਾਜਨੀਤਿਕ ਭਾਸ਼ਣ ਦੀ ਅਗਵਾਈ ਕੀਤੀ ਹੈ ਜੋ ਕਿ ਕਬਜ਼ੇ ਵਾਲੇ ਵੈਸਟ ਬੈਂਕ ਵਿੱਚ ਫਲਸਤੀਨੀ ਅਥਾਰਟੀ (ਪੀਏ) ਦੇ ਸਭ ਤੋਂ ਵੱਡੇ ਧੜੇ, ਫਤਾਹ, ਅਤੇ ਘੇਰਾਬੰਦੀ ਵਾਲੇ ਗਾਜ਼ਾ ਵਿੱਚ ਹਮਾਸ ਵਿਚਕਾਰ ਚੱਲ ਰਹੇ ਝਗੜੇ ਦੇ ਵਿਚਕਾਰ ਜਿਆਦਾਤਰ ਗਾਇਬ ਹੈ। ਫਲਸਤੀਨ ਵਿਧਾਨ ਪ੍ਰੀਸ਼ਦ ਦੇ ਇੱਕ ਮੈਂਬਰ ਅਤੇ ਫਲਸਤੀਨ ਦੀ ਮੁਕਤੀ ਲਈ ਪ੍ਰਸਿੱਧ ਫਰੰਟ ਦੇ ਇੱਕ ਸਰਗਰਮ ਮੈਂਬਰ ਦੇ ਰੂਪ ਵਿੱਚ, ਜਰਾਰ ਨੇ ਉਸ ਕਿਸਮ ਦੀ ਰਾਜਨੀਤੀ ਦੀ ਵਕਾਲਤ ਕੀਤੀ ਹੈ ਜੋ ਲੋਕਾਂ ਤੋਂ ਅਤੇ ਖਾਸ ਤੌਰ ਫ਼#39;ਤੇ ਔਰਤਾਂ ਤੋਂ ਵੱਖ ਨਹੀਂ ਹੈ, ਜਿਸਦੀ ਉਹ ਜ਼ੋਰਦਾਰ ਅਤੇ ਗੈਰ-ਸਮਝੌਤੇ ਨਾਲ ਪ੍ਰਤੀਨਿਧਤਾ ਕਰਦੀ ਹੈ।

ਜਰਾਰ ਦੇ ਅਨੁਸਾਰ, ਕਿਸੇ ਵੀ ਫਲਸਤੀਨੀ ਅਧਿਕਾਰੀ ਨੂੰ ਇਜ਼ਰਾਈਲ ਨਾਲ ਗੱਲਬਾਤ ਦੇ ਕਿਸੇ ਵੀ ਰੂਪ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ ਕਿਉਂਕਿ ਅਜਿਹੀ ਸ਼ਮੂਲੀਅਤ ਇੱਕ ਅਜਿਹੇ ਰਾਜ ਨੂੰ ਜਾਇਜ਼ ਬਣਾਉਣ ਵਿੱਚ ਮਦਦ ਕਰਦੀ ਹੈ ਜੋ ਨਸਲੀ ਆਧਾਰ 'ਤੇ ਸਥਾਪਿਤ ਹੈ, ਅਤੇ ਵਰਤਮਾਨ ਵਿੱਚ ਕਈ ਤਰ੍ਹਾਂ ਦੇ ਯੁੱਧ ਅਪਰਾਧਾਂ ਨੂੰ ਅੰਜਾਮ ਦੇ ਰਿਹਾ ਹੈ: ਉਹ ਅਪਰਾਧ ਜਿਨ੍ਹਾਂ ਨੂੰ ਜਰਾਰ ਨੇ ਪਹਿਲਾਂ ਬੇਨਕਾਬ ਕਰਨ ਦੀ ਕੋਸ਼ਿਸ਼ ਕੀਤੀ ਸੀ। ਜਰਾਰ ਅਖੌਤੀ ਸ਼ਾਂਤੀ ਪ੍ਰਕਿਰਿਆ ਨੂੰ ਇੱਕ ਵਿਅਰਥ ਅਭਿਆਸ ਵਜੋਂ ਰੱਦ ਕਰਦੀ ਹੈ ਜਿਸਦਾ ਕੋਈ ਇਰਾਦਾ ਜਾਂ ਵਿਧੀ ਨਹੀਂ ਹੈ ਜਿਸਦਾ ਉਦੇਸ਼ ਫਲਸਤੀਨੀ ਕਾਰਨ ਨਾਲ ਸਬੰਧਤ ਅੰਤਰਰਾਸ਼ਟਰੀ ਮਤਿਆਂ ਨੂੰ ਲਾਗੂ ਕਰਨਾ ਅਤੇ ਫਲਸਤੀਨੀਆਂ ਦੇ ਬੁਨਿਆਦੀ ਅਧਿਕਾਰਾਂ ਨੂੰ ਮਾਨਤਾ ਦੇਣਾ ਹੈ। ਜਰਾਰ ਕਈ ਸਾਲਾਂ ਤੋਂ ਮਨੁੱਖੀ ਅਧਿਕਾਰਾਂ ਕਾਰਕੁਨ ਰਹੀ ਹੈ। ਫਲਸਤੀਨੀ ਔਰਤਾਂ ਨਾਲ ਕੰਮ ਕਰਨ ਅਤੇ ਔਰਤਾਂ ਦੇ ਅਧਿਕਾਰਾਂ ਦੀ ਵਕਾਲਤ ਕਰਨ ਵਿੱਚ ਪ੍ਰਮੁੱਖ ਤੌਰ 'ਤੇ ਸਰਗਰਮ ਰਹੀ ਹੈ। ਖਾਲਿਦਾ ਅੱਜ ਤੱਕ ਸਵੈ-ਨਿਰਣੇ ਲਈ ਫਲਸਤੀਨ ਦੇ ਅਧਿਕਾਰਾਂ ਅਤੇ ਅੰਤ ਵਿੱਚ ਇੱਕ ਸੁਤੰਤਰ ਫਲਸਤੀਨ ਲਈ ਅਣਥੱਕ ਲੜਾਈ ਲੜ ਰਹੀ ਇੱਕ ਵਿਰੋਧੀ ਆਵਾਜ਼ ਬਣੀ ਹੋਈ ਹੈ।

ਵਰਤਮਾਨ ਦੀ ਔਖੀ ਘੜੀ ਵਿੱਚ ਕਵੀ, ਮਹਿਮੂਦ ਦਰਵੇਸ਼ ਦੇ ਸ਼ਬਦਾਂ ਨੂੰ ਯਾਦ ਕੀਤਾ ਜਾ ਸਕਦਾ ਹੈ: "ਜੰਗਾਂ ਖਤਮ ਹੋ ਜਾਣਗੀਆਂ ਅਤੇ ਨੇਤਾ ਹੱਥ ਮਿਲਾਉਣਗੇ ਅਤੇ ਉਹ ਬੁੱਢੀ ਔਰਤ ਆਪਣੇ ਸ਼ਹੀਦ ਪੁੱਤਰ ਦੀ ਉਡੀਕ ਕਰੇਗੀ, ਅਤੇ ਉਹ ਲੜਕੀ ਆਪਣੇ ਪਿਆਰੇ ਪਤੀ ਦੀ ਉਡੀਕ ਕਰੇਗੀ, ਅਤੇ ਬੱਚੇ ਆਪਣੇ ਵੀਰ ਪਿਤਾ ਦੀ ਉਡੀਕ ਕਰਨਗੇ, ਮੈਂ ਨਹੀਂ ਜਾਣਦਾ ਕਿ ਵਤਨ ਕਿਸਨੇ ਵੇਚਿਆ ਪਰ ਮੈਂ ਜਾਣਦਾ ਹਾਂ ਕਿ ਕਿਸਨੇ ਕੀਮਤ ਅਦਾ ਕੀਤੀ।"

***

## ਮਹਾਂ-ਮੂਰਖ

ਹਾਂ, ਹਾਂ ਪਤਾ ਲੱਗ ਗਿਆ ਏ । ਤੇਰੇ ਗਲੇ 'ਚ ਹੀਰਾ ਫਸਿਆ ਹੋਇਆ ਹੈ, ਉਸਦੇ ਨਿੱਕਲਣ ਤੋਂ ਬਾਅਦ ਹੀ ਤੇਰੇ ਗਲੇ ਦਾ ਦਰਦ ਠੀਕ ਹੋ ਸਕੇਗਾ । ਉਸ ਨੌਜਵਾਨ ਦੀ ਗੱਲ ਸੁਣਕੇ ਮੱਛੀ ਨੇ ਬੜੀ ਹੀ ਕਰੁਣਮਈ ਆਵਾਜ਼ ਵਿੱਚ ਉਸਨੂੰ ਫਰਿਆਦ ਕਰਦਿਆਂ ਕਿਹਾ ਕਿ ਜੇ ਇਸ ਹੀਰੇ ਨੂੰ ਤੂੰ ਹੀ ਕੱਢ ਦੇਵੇਂ ਤੇ ਇਸਨੂੰ ਤੂੰ ਆਪਣੇ ਕੋਲ ਹੀ ਰੱਖ ਲਵੀਂ ਤੇ ਤੂੰ ਅਮੀਰ ਬਣ ਜਾਵੇਂਗਾ ।

ਅੱਗਿਓਂ ਉਹ ਨੌਜਵਾਨ ਬੜੇ ਗੁੱਸੇ ਨਾਲ ਬੋਲਿਆ- ਨਹੀਂ-ਨਹੀਂ ਮੈਂ ਤਾਂ ਬਿਨਾ ਹੱਥ ਹਿਲਾਇਆਂ ਹੀ ਅਮੀਰ ਬਣਨਾ ਹੈ ਕਹਿ ਕੇ ਉਹ ਅੱਗੇ ਤੁਰ ਪਿਆ ।

ਹੁਣ ਉਹ ਏਨੀ ਤੇਜ਼-ਤੇਜ਼ ਤੁਰ ਰਿਹਾ ਸੀ ਕਿ ਉਹ ਉੱਡ ਕੇ ਘਰ ਪੁੱਜ ਜਾਣਾ ਚਾਹੁੰਦਾ ਸੀ । ਅਜੇ ਉਸਦਾ ਜੰਗਲ ਵਾਲਾ ਰਸਤਾ ਵੀ ਤੈਅ ਕਰਨਾ ਬਾਕੀ ਰਹਿੰਦਾ ਸੀ ਕਿ ਉਸਨੂੰ ਫਿਰ ਰਾਤ ਪੈ ਗਈ । ਐਤਕੀਂ ਵੀ ਉਸਨੇ ਇੱਕ ਵੱਡੇ ਦਰੱਖਤ ਦੇ ਟਾਹਣੇ ਉਪਰ ਬੈਠ ਕੇ ਹੀ ਰਾਤ ਕੱਟੀ ਸੀ । ਸਵੇਰ ਹੁੰਦਿਆਂ ਹੀ ਉਹ ਫਿਰ ਘਰ ਵੱਲ ਨੂੰ ਤੇਜ਼ ਕਦਮੀਂ ਚੱਲ ਪਿਆ । ਜੰਗਲ ਦਾ ਕੁਝ ਰਸਤਾ ਤੈਅ ਕਰਨ ਤੋਂ ਬਾਅਦ ਉਸਨੂੰ ਉਹ ਬਘਿਆੜ ਮਿਲ ਪਿਆ ਜੋ ਬੜੀ ਬੇਸਬਰੀ ਨਾਲ ਉਸਦੀ ਉਡੀਕ ਕਰ ਰਿਹਾ ਸੀ । ਬਘਿਆੜ ਨੇ ਮਿਲਦਿਆਂ ਹੀ ਉਸਨੂੰ ਪੁੱਛਿਆ- ਹਾਂ ਦੋਸਤ! ਕੁਝ ਪਤਾ ਲੱਗਾ ਮੇਰੇ ਢਿੱਡ ਵਿਚਲੇ ਦਰਦ ਬਾਰੇ? ਹਾਂ ਪਤਾ ਲੱਗ ਗਿਆ ਹੈ, ਕਿ ਜੇ ਤੈਨੂੰ ਕੋਈ ਮਹਾਂ-ਮੂਰਖ ਮਿਲ ਜਾਵੇ ਤਾਂ ਤੂੰ ਉਸਨੂੰ ਖਾ ਜਾਵੀਂ ਤਾਂ ਤੇਰੇ ਢਿੱਡ ਦਾ ਦਰਦ ਠੀਕ ਹੋ ਜਾਵੇਗਾ । ਇਹ ਗੱਲ ਦੱਸਕੇ ਉਹ ਤੁਰਨ ਹੀ ਲੱਗਾ ਸੀ ਕਿ ਬਘਿਆੜ ਨੇ ਉਸਨੂੰ ਗੱਲੀਂ ਲਾ ਲਿਆ । ਉਸਨੇ ਬਘਿਆੜ ਨੂੰ ਆਪਣੇ ਰਸਤੇ ਦੀ ਸਾਰੀ ਕਹਾਣੀ ਸੁਣਾਉਂਦਿਆਂ ਜਾਮਣ ਦੇ ਦਰੱਖਤ ਤੇ ਮੱਛੀ ਵਾਲੀ ਗੱਲ ਵੀ ਦੱਸੀ । ਉਸ ਦੀਆਂ ਗੱਲਾਂ ਨੂੰ ਬਘਿਆੜ ਬੜੇ ਧਿਆਨ ਨਾਲ ਸੁਣ ਰਿਹਾ ਸੀ । ਉਸਦੀ ਗੱਲ ਅਜੇ ਮੁੱਕੀ ਵੀ ਨਹੀਂ ਸੀ ਕਿ ਬਘਿਆੜ ਨੇ ਬਿਜਲੀ ਦੀ ਫੁਰਤੀ ਨਾਲ ਉਸ ਉੱਤੇ ਝਪਟਾ ਮਾਰਦਿਆਂ ਕਿਹਾ- ਮੂਰਖਾ! ਤੇਰੇ ਨਾਲੋਂ ਵੱਡਾ ਮਹਾਂ-ਮੂਰਖ ਭਲਾ ਕੌਣ ਹੋਵੇਗਾ, ਜਿਹੜਾ ਏਨੀ ਧਨ-ਦੌਲਤ ਰਸਤੇ ਵਿੱਚ ਹੀ ਛੱਡ ਆਇਆ, ਕਹਿੰਦਿਆਂ ਉਹ ਉਸਨੂੰ ਮਾਰ ਕੇ ਖਾ ਗਿਆ ।

ਪਿਆਰੇ ਬੱਚਿਓ! ਇਸ ਕਹਾਣੀ ਤੋਂ ਇਹੀ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਦੇ ਵੀ ਆਲਸ ਨਹੀਂ ਕਰਨੀ ਚਾਹੀਦੀ, ਮਿਹਨਤ ਦਾ ਪੱਲਾ ਫੜਕੇ ਤੁਰਨ ਵਾਲਾ ਇਨਸਾਨ ਜ਼ਿੰਦਗੀ ਵਿੱਚ ਕਦੇ ਵੀ ਧੋਖਾ ਨਹੀਂ ਖਾਂਦਾ।



## ਕੈਨੇਡਾ 'ਚ ਸਿੱਖਾਂ ਵੱਲੋਂ ਖ਼ੂਨਦਾਨ

ਫੈਲ ਚੁੱਕੀ ਹੈ। ਉਹ ਦਿਨ ਦੂਰ ਨਹੀਂ ਜਦੋਂ ਯੂਨਾਇਟਡ ਨੇਸ਼ਨ 'ਚ ਮਨੁੱਖੀ ਅਧਿਕਾਰਾਂ ਲਈ ਸਮਰਪਿਤ ਕਾਰਜਾਂ ਦੀ ਸੂਚੀ 'ਚ ਸਿੱਖ ਕੌਮ ਦੀ ਖ਼ੂਨਦਾਨ ਲਹਿਰ ਦਾ ਜ਼ਿਕਰਯੋਗ ਥਾਂ ਹੋਵੇਗਾ। ਸਯੰਕਤ ਰਾਸ਼ਟਰ 'ਚ ਜਦੋਂ ਕਿਤੇ ਮਾਨਵਵਾਦੀ ਸੇਵਾ ਦੇ ਮਹਾਨ ਕਾਰਜ ਦੀ ਗੱਲ ਤੁਰੇਗੀ, ਉਦੋਂ ਹੀ ਨਵੰਬਰ ਉਨੀ ਸੌ ਚੁਰਾਸੀ ਵਿੱਚ ਭਾਰਤ ਅੰਦਰ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਲਹੂ ਡੋਲਣ ਵਾਲਿਆਂ ਨੂੰ ਲਾਹਣਤਾਂ ਵੀ ਪਾਈਆਂ ਜਾਣਗੀਆਂ ਅਤੇ 39 ਸਾਲਾਂ ਮਗਰੋਂ ਵੀ ਕਾਤਲਾਂ ਨੂੰ ਸਜ਼ਾਵਾਂ ਨਾ ਦੇਣ ਲਈ ਭਾਰਤ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੂੰ ਸ਼ਰਮਸਾਰ ਹੋਣਾ ਪਵੇਗਾ। ਸਿਤਮਜ਼ਰੀਫੀ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਕਤਲੇਆਮ ਦੀ ਕਾਂਗਰਸ ਆਗੂ ਤੇ ਦੇਸ਼ ਦਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਡੇ ਦਰਖਤ ਦੇ ਡਿਗਣ 'ਤੇ ਧਰਤੀ ਕੰਬਣ ਨਾਲ ਤੁਲਣਾ ਕਰ ਰਿਹਾ ਹੋਵੇ। ਦੂਸਰੇ ਪਾਸੇ ਦੇਸ਼ ਦੀ ਫਿਰਕੂ ਜਥੇਬੰਦੀ ਆਰ.ਐਸ.ਐਸ. ਦਾ ਵੱਡਾ ਆਗੂ ਨਾਨਾ ਜੀ ਦੇਸ਼ਮੁੱਖ ਸਿੱਖ ਕਤਲੇਆਮ ਦੇ ਦੋਸ਼ ਸਿੱਖਾਂ ਦੇ ਹੀ ਸਿਰ ਮੜਦਾ ਹੋਇਆ ਸਿੱਖ ਕੌਮ ਨੂੰ 'ਸਬਕ ਲੈਣ' ਦੀ ਨਸੀਹਤ ਦੇ ਰਿਹਾ ਹੋਵੇ ਅਤੇ ਅਜਿਹੀ ਨਸਲਕੁਸ਼ੀ ਨੂੰ ਆਪਣੀ ਸੌੜੀ ਸੋਚ ਅਧੀਨ ਜਾਇਜ਼ ਠਹਿਰਾ ਰਿਹਾ ਹੋਵੇ। ਜੇਕਰ ਅਜਿਹੇ ਲੋਕ 'ਭਾਰਤ ਰਤਨ' ਵਰਗੇ ਦੇਸ਼ ਦੇ ਸਭ ਤੋਂ ਵੱਡੇ ਅਖੌਤੀ ਪੁਰਸਕਾਰਾਂ ਨਾਲ ਸਨਮਾਨੇ ਜਾਂਦੇ ਹਨ, ਤਾਂ ਫਿਰ ਸਭ ਤੋਂ ਵੱਧ ਫਾਂਸੀ ਚੜ੍ਹਨ ਵਾਲੇ, ਕਾਲੇਪਾਣੀ ਦੀਆਂ ਸਜ਼ਾ ਕੱਟਣ ਵਾਲੇ, ਉਮਰ ਕੈਦਾਂ ਭੋਗਣ ਵਾਲੇ ਅਤੇ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸਿੱਖ ਅਤੇ ਸੱਚੇ ਸੁੱਚੇ ਸੂਰਬੀਰ ਤਾਂ 'ਦੇਸ਼ ਧਰੋਹੀ' ਹੀ ਕਹੇ ਜਾ ਸਕਦੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਹਮਾਮ 'ਚ ਸਾਰੇ ਹੀ ਨੰਗੇ ਹਨ।

ਜੇਕਰ ਕਾਂਗਰਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਲਾਸ਼ੇਰੀ ਦਿੱਤੀ। ਜੇ ਕਾਂਗਰਸ ਦੇ ਰਾਜ 'ਚ ਸਿੱਖ ਕਤਲੇਆਮ ਹੋਇਆ, ਤਾਂ ਭਾਜਪਾ ਦੇ ਰਾਜ 'ਚ ਮੁਸਲਿਮ ਵਿਰੋਧੀ ਕਤਲੇਆਮ ਹੋਇਆ। ਕੈਨੇਡਾ ਦੀ ਧਰਤੀ 'ਤੇ ਖ਼ੂਨਦਾਨ ਦੀ ਮੁਹਿੰਮ ਚਲਾਉਣ ਵਾਲੀ ਮਹਾਨ ਵਿਚਾਰਧਾਰਾ ਉਕਤ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਲਈ ਦ੍ਰਿੜ ਹੈ। ਇੱਕ ਦਿਨ ਜ਼ਰੂਰ ਆਵੇਗਾ, ਜਦੋਂ ਕੌਮਾਂਤਰੀ ਭਾਈਚਾਰਾ ਇਨਸਾਫ਼ ਲਈ 'ਹਾਅ ਦਾ ਨਾਅਰਾ' ਮਾਰੇਗਾ। ਅੱਜ ਲੋੜ ਇਸ ਗੱਲ ਦੀ ਹੈ ਕਿ ਕੌਮ ਦੇ ਚਿੰਤਕ ਅਤੇ ਵਿਦਵਾਨ ਆਪਣਾ ਫਰਜ਼ ਪਛਾਣਦੇ ਹੋਏ ਮਹਾਨ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਥਾਪਤੀ ਦੀ ਧੱਕੇਸ਼ਾਹੀ ਖਿਲਾਫ਼ ਲਿਖਣ। ਸਿੱਖ ਕੌਮ ਦੇ ਅਕਸ ਨੂੰ ਜੇਕਰ ਸਾਡਾ ਮੀਡੀਆ ਦੁਨੀਆ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕਰੇਗਾ, ਤਾਂ ਕੌਮ ਦੀ ਪਨੀਰੀ ਇਸ ਪਾਸੇ ਵੱਲ ਹੋਰ ਵੀ ਰੁਚਿਤ ਹੋਵੇਗੀ। ਅਜਿਹੇ ਮੌਕੇ 'ਤੇ ਸਹਿਣ ਸ਼ਕਤੀ, ਪਰਉਪਕਾਰ ਅਤੇ ਮਾਨਵੀ ਹੱਕਾਂ ਪ੍ਰਤੀ ਚੇਤਨਾ ਮੂਲ ਸਰੋਕਾਰ ਬਣ ਕੇ ਕੌਮ ਦੀ ਸਰਬੱਤ ਦੇ ਭਲੇ ਦੀ ਅਰਦਾਸ ਮਨਜ਼ੂਰ ਕਰਵਾਉਣਗੇ।

ਜਦੋਂ ਸੰਸਾਰ ਭਰ ਵਿੱਚ ਸਿੱਖ ਕੌਮ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਚੌਥੀ ਸ਼ਤਾਬਦੀ ਦਾ ਪੁਰਬ ਮਨਾਉਂਦਿਆਂ, ਜ਼ੁਲਮ ਖ਼ਿਲਾਫ਼ ਗੁਰੂ ਸਾਹਿਬ ਵੱਲੋਂ ਉਠਾਈ ਆਵਾਜ਼ ਅਤਿ ਧਾਰਮਿਕ ਆਜ਼ਾਦੀ ਲਈ ਦਿੱਤੀ ਸ਼ਹਾਦਤ ਨੂੰ ਮਾਨਵਵਾਦ ਅਤੇ ਸਰਬੱਤ ਦੇ ਭਲੇ ਦਾ ਮੈਨੀਫੈਸਟੋ ਬਣਾ ਰਹੀ ਹੈ, ਉਦੋਂ ਸਾਰਿਆਂ ਨੂੰ ਮਿਲ ਕੇ ਭਾਰਤੀ ਹੁਕਮਰਾਨਾਂ ਦੇ ਹਿਟਲਰਸ਼ਾਹੀ ਅਤੇ ਨਾਜ਼ੀਵਾਦੀ ਹਿੰਦੂਤਵੀ ਏਜੰਡੇ ਖ਼ਿਲਾਫ਼ ਲੜਨ ਦੀ ਲੋੜ ਹੈ।

ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਕੇਵਲ ਸਿੱਖਾਂ ਲਈ ਇਨਸਾਫ਼ ਦੀ ਮੁਦਈ ਨਹੀਂ, ਬਲਕਿ ਦੇਸ਼ ਅੰਦਰ ਹੋਰਨਾਂ ਘੱਟ ਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦੀ ਅਲੰਬਰਦਾਰ ਹੈ। ਇੱਥੋਂ ਤੱਕ ਕਿ ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਜਬਰ-ਜ਼ੁਲਮ ਖ਼ਿਲਾਫ਼ ਸਿੱਖ ਕੌਮ ਵੱਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ। ਸਿੱਖ ਕੌਮ ਵੱਲੋਂ ਬੀਤੇ ਸਾਲ ਨਵੰਬਰ ਮਹੀਨੇ ਦੌਰਾਨ ਕੈਨੇਡਾ ਭਰ ਵਿਚ ਅਨੇਕ ਥਾਵਾਂ 'ਤੇ ਖ਼ੂਨਦਾਨ ਮੁਹਿੰਮ ਵਿੱਚ ਭਾਰੀ ਸਹਿਯੋਗ ਕਾਰਨ ਹੀ, ਸਰੀ ਸਿਟੀ ਕੌਂਸਲ ਅਤੇ ਸਾਬਕਾ ਮੇਅਰ ਡੱਗ ਮੁਕੱਲਮ ਵੱਲੋਂ ਬੀਤੇ ਵਰ੍ਹੇ ਨਵੰਬਰ ਮਹੀਨੇ ਨੂੰ ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਦੇ ਯਾਦਗਾਰੀ ਮਹੀਨੇ ਵਜੋਂ ਐਲਾਨਿਆ ਗਿਆ, ਜਦਕਿ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਸਿੱਖ ਕੌਮ ਦੀ ਇਸ ਖ਼ੂਨਦਾਨ ਮੁਹਿੰਮ ਨੂੰ ਦੇਸ਼ ਦੀ ਸਭ ਤੋਂ ਵੱਡੀ ਮੁਹਿੰਮ ਵਜੋਂ ਸਨਮਾਨਿਆ ਗਿਆ।

ਆਓ, ਇਨਸਾਨੀਅਤ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਅਤੇ ਨਸਲਕੁਸ਼ੀ ਦੇ ਦੋਸ਼ੀਆਂ ਖਿਲਾਫ਼, ਸਿੱਖ ਕੌਮ ਵੱਲੋਂ ਆਰੰਭੀ ਖ਼ੂਨਦਾਨ ਮੁਹਿੰਮ ਦਾ ਹਿੱਸਾ ਬਣੀਏ ਅਤੇ ਸੰਸਾਰ ਵਿੱਚ 'ਨਾ ਡਰੋ ਨਾ ਡਰਾਓ' ਅਤੇ 'ਜੀਓ ਅਤੇ ਜਿਓਣ ਦਿਓ' ਦੇ ਮਹਾਨ ਸੰਕਲਪ ਦੇ ਧਾਰਨੀ ਹੋ ਕੇ, ਮਨੁੱਖੀ ਹੱਕਾਂ ਸਮੇਤ 'ਸਰਬੱਤ' ਦੇ ਹੱਕਾਂ ਦੇ ਪਹਿਰੇਦਾਰ ਬਣੀਏ।

***

## ਟਰੂਡੋ ਭਾਰਤ 'ਚ ਵਾਪਰੇ

ਕਾਰਕੁੰਨਾਂ ਨੂੰ ਦਿੱਤੀ ਜਾਂਦੀ ਟ੍ਰੇਨਿੰਗ, ਇਸਦੀ ਯੋਜਨਾਬੱਧ ਕਤਲੇਆਮ ਕਰਨ ਦੀ ਮੁਹਾਰਤ ਦਾ ਸਾਫ਼ ਝਲਕਾਰਾ ਸੰਨ 84 ਦੀ ਨਸਲਕੁਸ਼ੀ ਵਿੱਚੋਂ ਮਿਲ਼ਦਾ ਹੈ।

ਆਰ.ਐਸ.ਐਸ. ਦੇ ਇੱਕ ਨਾਮਵਰ ਅਤੇ ਤਜਰਬਾਕਾਰ ਲੀਡਰ ਨਾਨਾ ਦੇਸ਼ਮੁਖ ਨੇ 8 ਨਵੰਬਰ 1984 ਨੂੰ ਇੱਕ ਲੇਖ ਲਿਖਿਆ ਸੀ ਜੋ ਉਸਨੇ ਪ੍ਰਮੁੱਖ ਸਿਆਸਤਦਾਨਾਂ ਵਿੱਚ ਵੰਡਿਆ ਸੀ। ਇਹ ਦਸਤਾਵੇਜ ਕਾਂਗਰਸ ਅਤੇ ਆਰ.ਐਸ.ਐਸ. ਵਿਚਕਾਰ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਬਣੀ ਸਾਂਝ ਨੂੰ ਸਪੱਸ਼ਟ ਕਰਦਾ ਹੈ। ਇਸ ਦਸਤਾਵੇਜ਼ ਵਿੱਚ ਨਾਨਾ ਦੇਸ਼ਮੁਖ 1984 ਦੇ ਸਿੱਖ ਕਤਲੇਆਮ ਨੂੰ ਜਾਇਜ਼ ਠਹਿਰਾਉਂਦਾਹੈ। ਨਾਨਾ ਦੇਸ਼ਮੁੱਖ ਦੀ ਸੋਚ ਹੀ ਆਰ.ਐਸ.ਐਸ.-ਭਾਜਪਾ ਦੀ ਸੋਚ ਹੈ। ਉਹ 1930 ਦੇ ਦਹਾਕੇ ਤੋਂ ਆਰ.ਐਸ.ਐਸ. ਵਿੱਚ ਸਰਗਰਮ ਸੀ। ਉਸਨੂੰ ਉੱਤਰ ਪ੍ਰਦੇਸ਼ ਦਾ ਸੂਬਾ ਪ੍ਰਚਾਰਕ (ਮੁਖੀ) ਵੀ ਬਣਾਇਆ ਗਿਆ ਸੀ। ਉਸਨੂੰ ਸੰਨ 1977 ਦੀ ਜਨਤਾ ਪਾਰਟੀ ਦੇ ਮੰਤਰੀ ਮੰਡਲ ਵਿੱਚ ਲਿਆ ਗਿਆ। ਆਰ.ਐਸ.ਐਸ. ਦੀਆਂ ਪੰਚਜਨਯ, ਰਾਸ਼ਟਰ ਧਰਮ, ਸਵਦੇਸ਼ ਜਿਹੇ ਰਸਾਲਿਆਂ ਦੀ ਸਥਾਪਨਾ ਅਤੇ ਪ੍ਰਕਾਸ਼ਨ ਵਿੱਚ ਉਸਦੀ ਮੋਢੀ ਭੂਮਿਕਾ ਰਹੀ ਹੈ। ਸੰਨ 1999 ਵਿੱਚ ਉਸਨੂੰ ਐਨ.ਡੀ.ਏ. ਸਰਕਾਰ ਨੇ ਰਾਜ ਸਭਾ ਮੈਂਬਰ ਵੀ ਬਣਾਇਆ ਸੀ।

ਸੰਘੀ ਨਾਨਾ ਦੇਸ਼ਮੁੱਖ ਸਿੱਖ ਨਸਲਕੁਸ਼ੀ ਨੂੰ ਜਾਇਜ ਠਹਿਰਾਉਂਦੇ ਹੋਏ ਉਹ ਲਿਖਦਾ ਹੈ ਕਿ ਸਿੱਖਾਂ ਦਾ ਕਤਲੇਆਮ ਕਿਸੇ ਸਮੂਹ ਜਾਂ ਸਮਾਜ-ਵਿਰੋਧੀ ਤੱਤਾਂ ਦਾ ਕੰਮ ਨਹੀਂ ਸੀ ਸਗੋਂ ਭਾਰਤ ਦੇ ਹਿੰਦੂਆਂ ਵਿੱਚ ਸਿੱਖਾਂ ਵਿਰੁੱਧ ਅਸਲ ਗੁੱਸੇ ਦਾ ਨਤੀਜ਼ਾ ਸੀ। ਉਸ ਮੁਤਾਬਿਕ ਇੰਦਰਾ ਗਾਂਧੀ ਨੂੰ ਸੋਧਾ ਲਾਉਣ ਵਾਲੇ ਸਿੱਖ ਕੌਮ ਤੋਂ ਪ੍ਰਾਪਤ ਕਿਸੇ ਤਰ੍ਹਾਂ ਦੇ ਫੁਰਮਾਨ ਦੇ ਅਧੀਨ ਕੰਮ ਕਰ ਰਹੇ ਸਨ। ਇਸ ਲਈ ਸਿੱਖਾਂ 'ਤੇ ਹਮਲੇ ਜਾਇਜ਼ ਸਨ। ਦਿਲਚਸਪ ਗੱਲ ਹੈ ਕਿ ਦੇਸ਼ਮੁਖ ਨੂੰ ਹਿੰਦੂਤਵਵਾਦੀ ਗੁੰਡਾ ਗਿਰੋਹਾਂ-ਦਹਿਸ਼ਤਗਰਦਾਂ ਤੋਂ ਕੋਈ ਇਤਰਾਜ਼ ਨਹੀਂ। ਉਹ ਸਾਰੇ ਸਿੱਖਾਂ ਨੂੰ ਕਿਸੇ ਗਿਰੋਹ ਦੇ ਮੈਂਬਰਾਂ ਵਾਂਗ ਦੇਖਦਾ ਹੈ ਅਤੇ ਉਨ੍ਹਾਂ 'ਤੇ ਹੋਏ ਹਮਲਿਆਂ ਨੂੰ ਦੇਸ਼ਭਗਤ ਹਿੰਦੂਆਂ ਦੀ ਪ੍ਰਤੀਕ੍ਰਿਆ ਦੱਸਦੇ ਹੋਏ ਸਫਾਈ ਦਿੰਦਾ ਹੈ। ਉਹ ਕਹਿੰਦਾ ਹੈ ਕਿ ਇੰਦਰਾ ਗਾਂਧੀ ਇੱਕੋ-ਇੱਕ ਅਜਿਹੀ "ਮਹਾਨ" ਆਗੂ ਸੀ ਜੋ ਦੇਸ਼ ਦੀ ਏਕਤਾ ਬਣਾਈ ਰੱਖ ਸਕਦੀ ਸੀ ਅਤੇ ਅਜਿਹੀ "ਮਹਾਨ ਆਗੂ" ਦੇ ਮਾਰੇ ਜਾਣ 'ਤੇ ਅਜਿਹੇ ਕਤਲੇਆਮ ਤੋਂ ਬਚਾਅ ਨਹੀਂ ਹੋ ਸਕਦਾ ਸੀ। ਲਿਖਤ ਦੇ ਅੰਤ ਵਿੱਚ ਨਾਨਾ ਦੇਸ਼ਮੁਖ ਨੇ ਰਾਜੀਵ ਗਾਂਧੀ, ਜੋ ਇੰਦਰਾ ਗਾਂਧੀ ਤੋਂ ਬਾਅਦ ਪ੍ਰਧਾਨ ਮੰਤਰੀ ਬਣਿਆ ਅਤੇ ਜਿਸਨੇ ਦੇਸ਼-ਭਰ ਵਿੱਚ ਸਿੱਖਾਂ ਦੇ ਕਤਲਾਂ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ, "ਜਦ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਮੇਸ਼ਾ ਹਿੱਲਦੀ ਹੈ" ਦੀ ਪ੍ਰਸ਼ੰਸਾ ਕੀਤੀ ਅਤੇ ਉਸਨੂੰ ਅਸੀਸਾਂ ਦਿੱਤੀਆਂ। ਇਸ ਲਿਖਤ ਨੂੰ 8 ਨਵੰਬਰ 1984 ਨੂੰ ਵੰਡਿਆ ਗਿਆ ਸੀ। ਇਹ ਲੇਖ ਅਸਲ ਵਿੱਚ ਆਰ.ਐਸ.ਐਸ. ਦੇ ਮੈਂਬਰਾਂ-ਕਾਰਕੁੰਨਾਂ ਨੂੰ ਜ਼ੋਰ-ਸ਼ੋਰ ਨਾਲ਼ ਸਿੱਖਾਂ ਦੀ ਨਸਲਕੁਸ਼ੀ ਕਰਨ ਦਾ ਸੁਨੇਹਾ ਸੀ। ਜਗਮੀਤ ਸਿੰਘ ਨੇ ਸਿੱਖ ਕਤਲੇਆਮ 84 ਦੇ ਹੱਕ ਵਿੱਚ ਸਹੀ ਅਵਾਜ਼ ਬੁਲੰਦ ਕੀਤੀ ਹੈ।

***

## ਗੁਰਦੁਆਰਿਆਂ ਨੂੰ ਨਾਸੂਰ ਦੱਸਣ

ਜਾਤੀ ਦੇ ਅਧਾਰ 'ਤੇ ਸਮਾਜ ਨੂੰ ਵੰਡ ਰਹੀਆਂ ਹਨ ਅਤੇ ਬਹੁਗਿਣਤੀ ਦੀਆਂ ਵੋਟਾਂ ਹਥਿਆ ਕੇ ਭ੍ਰਿਸ਼ਟ ਰਾਜ ਪ੍ਰਬੰਧ ਪੈਦਾ ਕਰ ਰਹੀਆਂ ਹਨ। ਜਦੋਂ ਬਹੁਗਿਣਤੀ ਜਮਾਤੀ ਹਿੰਸਾ ਨੂੰ ਜਾਇਜ਼ ਮੰਨ ਕੇ ਇਸ ਦਾ ਹਿੱਸਾ ਬਣ ਜਾਂਦੀ ਹੈ, ਤਾਂ ਬਹੁਗਿਣਤੀ ਕੁਦਰਤੀ ਤੌਰ 'ਤੇ ਹਿੰਸਕ ਹੋ ਜਾਂਦੀ ਹੈ ਅਤੇ ਇਹ ਹਿੰਸਾ ਫਿਰ ਸਮਾਜਿਕ ਜਮਾਤੀ ਹਿੰਸਾ ਵਿੱਚ ਬਦਲ ਜਾਂਦੀ ਹੈ। ਇਸ ਫਿਰਕੂ ਵਾਤਾਵਰਣ ਰਾਹੀਂ ਨਸਲਕੁਸ਼ੀਆਂ ਦਾ ਦੌਰ ਸ਼ੁਰੂ ਹੁੰਦਾ ਹੈ। ਧਰਮ ਦੇ ਅਖੌਤੀ ਭਗਵੇਂ ਠੇਕੇਦਾਰ ਤਾਂ ਹੱਥਾਂ ਵਿੱਚ ਹਥਿਆਰ ਲੈ ਕੇ ਸ਼ਰੇਆਮ ਕਤਲ ਕਰਨ ਦੀ ਧਮਕੀ ਵੀ ਦਿੰਦੇ ਹਨ। ਮੋਦੀ ਸਰਕਾਰ ਨੂੰ ਭਾਵੇਂ ਭਾਰਤ ਵਿੱਚ ਵਿਕਾਸ ਹੁੰਦਾ ਨਜ਼ਰ ਆ ਰਿਹਾ ਹੋਵੇ, ਪਰ ਭਾਰਤੀ ਸਮਾਜ ਤੇ ਸਿਆਸਤ

ਲਗਾਤਾਰ ਕਬਾਇਲੀ ਯੁੱਗ ਵੱਲ ਵਧ ਰਹੀ ਹੈ, ਜਿੱਥੇ ਕਬਾਇਲੀ ਮੁਖੀ ਦੇ ਮੂੰਹੋਂ ਨਿਕਲਦਾ ਹਰ ਸ਼ਬਦ ਕਾਨੂੰਨ ਸੀ ਅਤੇ ਮੁਖੀ ਸਮਰਪਿਤ ਹਿੰਸਾ ਹੀ ਰੱਬ ਦਾ ਇਨਸਾਫ ਸੀ। ਸਿਖ ਨਵੰਬਰ 84 ਵਿੱਚ ਇਹ ਹਿੰਸਾ ਭੁਗਤ ਚੁਕੇ ਹਾਂ। ਇਸ ਦਾ ਇਨਸਾਫ ਅਜੇ ਤਕ ਨਹੀਂ ਮਿਲਿਆ। ਪਰ ਸ਼ਬਦੀ ਹਿੰਸਾ ਹੁਣ ਤਕ ਸਿਖ ਕੌਮ ਵਿਰੁਧ ਜਾਰੀ ਹੈ। ਹਰ ਘਰ ਤੱਕ ਪਹੁੰਚ ਚੁੱਕੇ ਗੋਦੀ ਟੀਵੀ ਨਿਊਜ਼ ਚੈਨਲ ਸਮਾਜ ਵਿੱਚ ਹਿੰਸਾ ਅਤੇ ਨਫ਼ਰਤ ਫੈਲਾ ਕੇ ਆਪਣਾ ਕਾਰੋਬਾਰ ਵਧਾ ਰਹੇ ਹਨ। ਸੱਚਾਈ ਇਹ ਹੈ ਕਿ ਸੱਤਾ ਅਤੇ ਸਰਮਾਏਦਾਰਾਂ ਦੇ ਉਕਸਾਹਟ 'ਤੇ ਚੱਲਣ ਵਾਲੇ ਮੁੱਖ ਧਾਰਾ ਦੇ ਇਲੈਕਟ੍ਰਾਨਿਕ ਮੀਡੀਆ ਅਰਥਾਤ ਗੋਦੀ ਮੀਡੀਆ ਤੋਂ ਵੱਧ ਹਿੰਸਕ ਅਤੇ ਸੱਚਮੁੱਚ ਸਮਾਜ-ਵਿਰੋਧੀ ਕੋਈ ਨਹੀਂ ਹੈ। ਦਾਇਮਾ ਦੇ ਬਿਆਨ ਨੂੰ ਇਸ ਸੰਦਰਭ ਵਿਚ ਦੇਖਣ ਦੀ ਲੋੜ ਹੈ। ਨਿਰਪੱਖ ਹਿੰਦੂਆਂ, ਘੱਟ ਗਿਣਤੀਆਂ, ਦਲਿਤਾਂ, ਪਛੜਿਆਂ ਨੂੰ ਇਸ ਫਿਰਕੂਵਾਦ ਵਿਰੁੱਧ ਆਵਾਜ਼ ਉਠਾਉਣ ਦੀ ਲੋੜ ਹੈ।

***

## ਕੀ ਮਸ਼ੀਨ ਗੰਨ ਹਨ

ਕਰਨ ਵਾਲੇ ਵਕੀਲਾਂ ਨੇ ਕਿਹਾ ਕਿ ਏ.ਟੀ.ਐਫ. ਦੁਆਰਾ ਪਾਬੰਦੀ ਲਗਾਉਣ ਤੋਂ ਪਹਿਲਾਂ ਨੌਂ ਸਾਲਾਂ ਦੀ ਮਿਆਦ ਵਿੱਚ ਅਮਰੀਕੀਆਂ ਨੇ 52,000 ਬੰਪ ਸਟਾਕ ਖ਼ਰੀਦੇ ਸਨ।

ਸੁਪਰੀਮ ਕੋਰਟ ਨੇ ਪਿਛਲੇ ਦੋ ਸਾਲਾਂ 'ਚ ਬੰਦੂਕ ਕੰਟਰੋਲ 'ਤੇ ਦੋ ਫੈਸਲੇ ਜਾਰੀ ਕੀਤੇ ਹਨ। ਪਿਛਲੇ ਸਾਲ, ਅਦਾਲਤ ਨੇ ਨਿਊਯਾਰਕ ਦੇ ਇੱਕ ਕਾਨੂੰਨ ਨੂੰ ਰੱਦ ਕਰ ਦਿੱਤਾ ਸੀ ਜੋ ਬੰਦੂਕ ਦੇ ਮਾਲਕਾਂ ਨੂੰ ਸਿਰਫ਼ ਤਾਂ ਹੀ ਇੱਕ ਛੁਪਿਆ ਹੋਇਆ ਕੈਰੀ ਲਾਇਸੈਂਸ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਸੀ ਜੇਕਰ ਉਹਨਾਂ ਕੋਲ 'ਉਚਿਤ ਧਾਰਾ ਜਾਂ ਕਾਰਨ' ਹੋਵੇ। ਅਦਾਲਤ ਨੇ ਫੈਸਲਾ ਦਿੱਤਾ ਕਿ ਹਥਿਆਰ ਚੁੱਕਣ ਦੇ ਅਧਿਕਾਰ ਦੀ ਦੂਜੀ ਸੋਧ ਦੀ ਪਰਿਭਾਸ਼ਾ ਵਿੱਚ ਸਵੈ-ਰੱਖਿਆ ਲਈ ਜਨਤਕ ਤੌਰ 'ਤੇ ਹੈਂਡਗੰਨ ਚੁੱਕਣਾ ਸ਼ਾਮਲ ਹੈ। ਐਸੋਸੀਏਟਿਡ ਪ੍ਰੈਸ ਦੇ ਅਨੁਸਾਰ, ਇਸ ਫੈਸਲੇ ਨਾਲ ਕੈਲੀਫੋਰਨੀਆ, ਡੇਲਾਵੇਅਰ, ਹਵਾਈ, ਮੈਰੀਲੈਂਡ, ਮੈਸੇਚਿਉਸੇਟਸ ਅਤੇ ਨਿਊ ਜਰਸੀ ਸਮੇਤ ਹੋਰ ਰਾਜਾਂ ਵਿੱਚ ਸਮਾਨ ਕਾਨੂੰਨਾਂ ਨੂੰ ਪ੍ਰਭਾਵਤ ਕਰਨ ਅਤੇ ਹੋਰ ਕਾਨੂੰਨੀ ਵਿਵਾਦਾਂ ਦੀ ਅਗਵਾਈ ਕਰਨ ਦੀ ਉਮੀਦ ਹੈ। ਅਗਸਤ ਵਿੱਚ, ਸੁਪਰੀਮ ਕੋਰਟ ਨੇ ਬੰਦੂਕਾਂ, ਜਾਂ ਹਥਿਆਰਾਂ ਬਾਰੇ ਬਿਡੇਨ ਪ੍ਰਸ਼ਾਸਨ ਦੇ ਨਿਯਮਾਂ ਨੂੰ ਬਹਾਲ ਕਰ ਦਿੱਤਾ ਜੋ ਆਨਲਾਈਨ ਆਰਡਰ ਕੀਤੇ ਫਰੇਮਾਂ ਤੋਂ ਇਕੱਠੇ ਕੀਤੇ ਜਾ ਸਕਦੇ ਹਨ। ਹੇਠਲੀ ਅਪੀਲ ਅਦਾਲਤ ਵਿੱਚ ਜਾਣ ਤੋਂ ਬਾਅਦ ਇਹ ਕੇਸ ਸੁਪਰੀਮ ਕੋਰਟ ਵਿੱਚ ਵਾਪਸ ਆਉਣ ਦੀ ਉਮੀਦ ਹੈ।

***

## ਖ਼ੁਦਕੁਸ਼ੀ ਕਿਉਂ ਕਰਦੇ

ਲੋਕਾਂ ਅਤੇ ਪਰਿਵਾਰਕ ਮੈਂਬਰਾਂ ਦੀ ਇਹ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਵਿਅਕਤੀ ਜਾਂ ਨੌਜਵਾਨ ਨੂੰ ਭਾਵਨਾਤਮਕ, ਮਾਨਸਿਕ ਜਾਂ ਸਰੀਰਕ ਤੌਰ 'ਤੇ ਜਿਸ ਤਰ੍ਹਾਂ ਦੀ ਵੀ ਲੋੜ ਹੋਵੇ ਉਸ ਦਾ ਸਮਰਥਨ ਕਰਨ ਅਤੇ ਉਸ ਦੇ ਮਨੋਬਲ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਰਨ, ਤਾਂ ਜੋ ਉਹ ਇਕੱਲਾ ਮਹਿਸੂਸ ਨਾ ਕਰੇ। ਮਨੋਵਿਗਿਆਨੀ ਮਾਹਿਰਾਂ ਅਨੁਸਾਰ ਖ਼ੁਦਕੁਸ਼ੀ ਬਹੁਤ ਗੰਭੀਰ ਹੈ।

ਜਿੱਥੋਂ ਤੱਕ ਵਿਦਿਆਰਥੀਆਂ ਦਾ ਸਵਾਲ ਹੈ, ਉਨ੍ਹਾਂ ਵਿੱਚ ਖ਼ੁਦਕੁਸ਼ੀ ਦੇ ਵਧਦੇ ਮਾਮਲਿਆਂ ਲਈ ਮਾਪੇ ਵੀ ਜ਼ਿੰਮੇਵਾਰ ਹਨ। ਅਸਲ ਵਿੱਚ ਜ਼ਿਆਦਾਤਰ ਮਾਮਲਿਆਂ ਵਿੱਚ ਦੇਖਿਆ ਜਾਂਦਾ ਹੈ ਕਿ ਜ਼ਿਆਦਾਤਰ ਮਾਪੇ ਜਾਂ ਸਰਪ੍ਰਸਤ ਆਪਣੇ ਬੱਚਿਆਂ ਦੀ ਯੋਗਤਾ ਅਤੇ ਰੁਚੀ ਨੂੰ ਚੰਗੀ ਤਰ੍ਹਾਂ ਨਹੀਂ ਸਮਝਦੇ ਅਤੇ ਉਨ੍ਹਾਂ ਤੋਂ ਬਹੁਤ ਜ਼ਿਆਦਾ ਉਮੀਦਾਂ ਰੱਖ ਕੇ, ਉਹ ਸਮੇਂ 'ਤੇ ਉਨ੍ਹਾਂ ਦੀ ਮਾਨਸਿਕ ਸਥਿਤੀ ਤੋਂ ਵੀ ਅਣਜਾਣ ਰਹਿੰਦੇ ਹਨ।

ਕਈ ਮਾਮਲਿਆਂ ਵਿੱਚ ਅਜਿਹੇ ਵਿਦਿਆਰਥੀ ਜ਼ਿਆਦਾ ਮਾਨਸਿਕ ਦਬਾਅ ਕਾਰਨ ਗਲਤ ਕਦਮ ਚੁੱਕ ਲੈਂਦੇ ਹਨ। ਅਜਿਹੇ 'ਚ ਵਿਦਿਆਰਥੀਆਂ ਨੂੰ ਮਾਨਸਿਕ ਦਬਾਅ 'ਚੋਂ ਬਾਹਰ ਕੱਢਣ 'ਚ ਸਭ ਤੋਂ ਵੱਡੀ ਭੂਮਿਕਾ ਮਾਂ-ਬਾਪ, ਨਜ਼ਦੀਕੀ ਲੋਕ ਅਤੇ ਅਧਿਆਪਕ ਹੀ ਨਿਭਾ ਸਕਦੇ ਹਨ, ਜਿਨ੍ਹਾਂ ਨੂੰ ਉਨ੍ਹਾਂ ਨੂੰ ਹਮਦਰਦੀ ਨਾਲ ਸਮਝਾਉਣਾ ਚਾਹੀਦਾ ਹੈ ਕਿ ਕੋਈ ਵੀ ਅਸਫਲਤਾ ਉਨ੍ਹਾਂ ਦੀ ਜ਼ਿੰਦਗੀ ਦਾ ਨਿਰਧਾਰਨ ਨਹੀਂ ਕਰਦੀ ਅਤੇ ਸਾਡੀ ਇਹ ਜ਼ਿੰਦਗੀ ਹੀ ਹੈ। ਅਸੀਂ ਦੁਬਾਰਾ ਪ੍ਰਾਪਤ ਨਹੀਂ ਕਰ ਸਕਦੇ। ਉਨ੍ਹਾਂ ਨੂੰ ਉਤਸ਼ਾਹਿਤ ਕਰੋ ਕਿ ਉਹ ਸਕਾਰਾਤਮਕ ਸੋਚ ਦੇ ਨਾਲ ਆਪਣੀ ਸਮਰੱਥਾ ਅਨੁਸਾਰ ਸਖ਼ਤ ਮਿਹਨਤ ਕਰਕੇ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚ ਸਕਦੇ ਹਨ।

ਵਿਦਿਆਰਥੀ ਖ਼ੁਦਕੁਸ਼ੀਆਂ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਲਈ ਚੋਣ ਮੁੱਦਾ ਨਾ ਹੋਣ ਪਰ ਇਹ ਖ਼ੁਦਕੁਸ਼ੀਆਂ ਸਮਾਜ ਲਈ ਚਿੰਤਾ ਦਾ ਵਿਸ਼ਾ ਅਤੇ ਮੰਦਭਾਗਾ ਜ਼ਰੂਰ ਹਨ। ਹਾਲਾਂਕਿ ਸਰਕਾਰ, ਸਮਾਜਿਕ ਸੰਸਥਾਵਾਂ ਅਤੇ ਵਿਦਿਅਕ ਅਦਾਰਿਆਂ ਵੱਲੋਂ ਵਿਦਿਆਰਥੀਆਂ ਦੀ ਕਾਊਂਸਲਿੰਗ ਅਤੇ ਲੋੜ ਪੈਣ 'ਤੇ ਡਾਕਟਰੀ ਸਲਾਹ ਦੇ ਕੇ ਉਨ੍ਹਾਂ ਦੀ ਪੜ੍ਹਾਈ ਵਿੱਚ ਮਦਦ ਕਰਨ ਲਈ ਹਾਲ ਹੀ ਦੇ ਸਾਲਾਂ ਵਿੱਚ ਯਤਨ ਕੀਤੇ ਜਾ ਰਹੇ ਹਨ, ਪਰ ਇਨ੍ਹਾਂ ਯਤਨਾਂ ਨੂੰ ਹੋਰ ਤੇਜ਼ ਕਰਨ ਦੀ ਲੋੜ ਹੈ। ਵਿਦਿਆਰਥੀਆਂ ਵਿੱਚ ਮਾਨਸਿਕ ਸਿਹਤ ਪ੍ਰਤੀ ਜਾਗਰੂਕਤਾ ਲਿਆ ਕੇ ਖ਼ੁਦਕੁਸ਼ੀ ਵਰਗੇ ਮਾਮਲਿਆਂ ਨੂੰ ਘੱਟ ਕੀਤਾ ਜਾ ਸਕਦਾ ਹੈ। ਪਰਿਵਾਰ ਦੇ ਨਾਲ-ਨਾਲ ਸਮਾਜ ਦੀ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਕੋਈ ਵੀ ਨੌਜਵਾਨ ਖ਼ੁਦਕੁਸ਼ੀ ਦਾ ਖਿਆਲ ਨਾ ਕਰੇ।

***

## ਅਮਰੀਕਾ 'ਚ ਮਕਾਨ ਮਾਲਕ

ਹੁੰਦਾ ਹੈ ਅਤੇ 911 'ਤੇ ਕਾਲ ਕਰਨ ਤੋਂ ਪਹਿਲਾਂ ਘਰ ਛੱਡ ਜਾਂਦਾ ਹੈ। ਜਾਂਚ ਕਰਨ ਤੋਂ ਬਾਅਦ ਅਧਿਕਾਰੀਆਂ ਨੂੰ ਇੱਕ ਵੀਡੀਓ ਮਿਲਿਆ ਜਿਸ ਵਿੱਚ ਇਹ ਪੁਸ਼ਟੀ ਕੀਤੀ ਗਈ ਕਿ ਰਫੀਕੁਲਹੀ ਨਕਾਬਪੋਸ਼ ਵਿਅਕਤੀ ਸੀ। ਪੁਲਿਸ ਨੇ ਉਸ 'ਤੇ ਕਤਲ ਦੀ ਕੋਸ਼ਿਸ਼, ਹਮਲਾ ਅਤੇ ਅੱਗਜ਼ਨੀ ਦੇ 8 ਮਾਮਲਿਆਂ ਸਮੇਤ ਕਈ ਅਪਰਾਧਾਂ ਦੇ ਦੋਸ਼ ਲਾਏ ਹਨ।

***

## ਸਾਬਕਾ ਭਾਰਤੀ ਹਾਈ ਕਮਿਸ਼ਨਰ

ਸ਼੍ਰੀਮਤੀ ਸ਼ੇਰਗਿੱਲ ਦੀ ਰੁਜ਼ਗਾਰ ਦੀਆਂ ਸਥਿਤੀਆਂ ਆਸਟ੍ਰੇਲੀਅਨ ਕਾਨੂੰਨ ਦੇ ਤਹਿਤ ਉਮੀਦ ਕੀਤੀ ਜਾਣ ਵਾਲੀ ਕੋਈ ਸਮਾਨਤਾ ਨਹੀਂ ਰੱਖਦੀਆਂ। ਉਸ ਦਾ ਪਾਸਪੋਰਟ ਉਸ ਤੋਂ ਲੈ ਲਿਆ ਗਿਆ ਸੀ, ਉਸਨੇ ਹਫ਼ਤੇ ਵਿੱਚ ਸੱਤ ਦਿਨ ਕੰਮ ਕੀਤਾ ਸੀ, ਉਸਨੂੰ ਕਦੇ ਵੀ ਛੁੱਟੀ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ ਅਤੇ ਕੇਵਲ ਇੱਕ ਦਿਨ ਲਈ ਥੋੜ੍ਹੇ ਸਮੇਂ ਲਈ ਘਰ ਤੋਂ ਬਾਹਰ ਜਾਣ ਦਿੱਤਾ ਗਿਆ ਸੀ। ਜਸਟਿਸ ਰੈਪਰ ਨੇ ਇਹ ਵੀ ਪਾਇਆ ਕਿ ਸ਼੍ਰੀਮਤੀ ਸੂਰੀ ਵਿਦੇਸ਼ੀ ਰਾਜ ਦੀ ਛੋਟ ਦਾ ਦਾਅਵਾ ਕਰਨ ਲਈ ਅਯੋਗ ਸੀ, ਕਿਉਂਕਿ ਸ਼੍ਰੀਮਤੀ ਸ਼ੇਰਗਿੱਲ ਨੇ ਖੁਦ ਹਾਈ ਕਮਿਸ਼ਨ ਲਈ ਕੰਮ ਨਹੀਂ ਕੀਤਾ, ਨਾ ਹੀ ਕੂਟਨੀਤਕ ਛੋਟ, ਕਿਉਂਕਿ ਘਰੇਲੂ ਕਰਮਚਾਰੀ ਦੀ ਸ਼ਮੂਲੀਅਤ ਉਸ ਦੇ ਅਹੁਦੇ ਦਾ ਅਧਿਕਾਰਤ ਕੰਮ ਨਹੀਂ ਸੀ। ਉਸਨੇ ਸ਼੍ਰੀ ਸੂਰੀ ਨੂੰ ਸ਼੍ਰੀਮਤੀ ਸ਼ੇਰਗਿੱਲ ਨੂੰ 60 ਦਿਨਾਂ ਦੇ ਅੰਦਰ 136,000 ਡਾਲਰ ਤੋਂ ਵੱਧ ਵਿਆਜ ਦਾ ਭੁਗਤਾਨ ਕਰਨ ਦਾ ਆਦੇਸ਼ ਦਿੱਤਾ ਹੈ।

***

## ਯੂਬਾ ਸਿਟੀ, ਕੈਲੀਫੋਰਨੀਆ 'ਚ ਵਿਸ਼ਾਲ ਨਗਰ

ਐਤਕਾਂ ਵੀ ਵੱਖ- ਵੱਖ ਦੂਸਰੇ ਭਾਈਚਾਰਿਆਂ ਦੇ ਲੋਕ ਵੀ ਇਸ ਨਗਰ ਕੀਰਤਨ ਵਿੱਚ ਦੇਖੇ ਗਏ ਜਿਹਨਾਂ ਵਿੱਚ ਗੋਰੇ ਕਾਲੇ ਚੀਨੇ, ਫਲਪੀਨੋ ਭਾਈਚਾਰੇ ਦੇ ਲੋਕਾਂ ਨੇ ਵਿਸ਼ੇਸ਼ ਤੌਰ 'ਤੇ ਵੀ ਸ਼ਮੂਲੀਅਤ ਕੀਤੀ। ਇਸ ਦੌਰਾਨ ਸੈਂਕੜੇ ਤਰ੍ਹਾਂ ਦੇ ਵੱਖ ਵੱਖ ਲੰਗਰ ਲਗਾਏ ਗਏ। ਇਸ ਵਿਸ਼ਾਲ ਨਗਰ ਕੀਰਤਨ ਵਿੱਚ ਇਕ ਲੱਖ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ ਜੋ ਕਿ ਪਿਛਲੇ ਸਾਲ ਨਾਲੋਂ ਅਧਿਕ ਸੀ। ਐਤਕਾਂ ਇਸ ਨਗਰ ਕੀਰਤਨ ਵਿੱਚ 2020 ਰੈਫਰੈਂਡਮ ਜੋ ਕਿ 28 ਨਵੰਬਰ ਨੂੰ ਸੈਨ ਫਰਾਂਸਸਕੋ ਵਿੱਚ ਹੋਣ ਜਾ ਰਿਹਾ ਹੈ, ਦਾ ਬੋਲਬਾਲਾ ਰਿਹਾ। ਇਸ ਤੋਂ ਇਲਾਵਾ ਵੱਡੇ ਵੱਡੇ ਡਿਸਪਲੇ ਦੇਖੇ ਗਏ ਜੋ ਕਿ ਅਮਰੀਕਾ ਵਿੱਚ ਪਹਿਲੀ ਵਾਰ ਲਗਾਏ ਗਏ ਸਨ। ਨਗਰ ਕੀਰਤਨ ਦੇ ਮੁੱਖ ਫਲੋਟ ਤੋਂ ਬਗੈਰ ਬਾਕੀ ਵੱਖ-ਵੱਖ ਫਲੋਟਾਂ ਵਿੱਚ ਸ੍ਰੀ ਦਰਬਾਰ ਸਾਹਿਬ, 1984 ਦੇ ਕਤਲੇਆਮ, ਸਿੱਖ ਏਡ ਅਮਰੀਕਾ, ਵਰਲਡ ਸਿੱਖ ਫੈਡਰੇਸ਼ਨ ਅਮਰੀਕਾ, ਸਿੱਖ ਕੌਂਸਲ, ਸਰਦਾਰ ਹਰੀ ਸਿੰਘ ਨਲੂਆ, ਸਿੱਖ ਕੋਲੀਸ਼ਨ ਸਿੱਖ ਨਸਲਕੁਸ਼ੀ ਦੇ ਫਲੋਟਾਂ ਤੋਂ ਬਗੈਰ ਸਟਾਲ ਵੀ ਲਗਾਏ ਹੋਏ ਸਨ, ਦੂਸਰੇ ਪਾਸੇ ਸਿੱਖਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਆਰੰਭੇ ਗਏ ਪ੍ਰੋਜੈਕਟਾਂ ਬਾਰੇ ਦਾਨ ਮੰਗਣ ਵਾਲਿਆਂ ਦੀ ਵੀ ਗਿਣਤੀ ਘੱਟ ਨਹੀਂ ਸੀ। ਬਾਅਦ ਦੁਪਹਿਰ ਕੁਝ ਸਿਰ ਫਿਰਿਆਂ ਵੱਲੋਂ ਆਪਸ ਵਿੱਚ ਝਗੜਾ ਵੀ ਕੀਤਾ ਗਿਆ ਇਸ ਦੌਰਾਨ ਤੁਰੰਤ ਕਾਰਵਾਈ ਕਰਦਿਆਂ ਇਸ ਝਗੜੇ ਨੂੰ ਵਧਣ ਤੋਂ ਰੋਕ ਦਿੱਤਾ, ਪਰ ਇਹਨਾਂ ਸ਼ਰਾਰਤੀ ਤੱਤਾਂ ਪ੍ਰਤੀ ਸੰਗਤ ਵਿੱਚ ਡਾਢਾ ਗੁੱਸਾ ਸੀ। ਸੰਗਤ ਵਿੱਚੋਂ ਕੁਝ ਸੂਝਵਾਨ ਲੋਕਾਂ ਨੇ ਇਸ ਗੱਲ ਦੀ ਮੰਗ ਨੂੰ ਦੁਹਰਾਇਆ ਕਿ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਜਿਹੜੀ ਸੜਕ ਹੈ ਉਸਦਾ ਗੁਰਦੁਆਰਾ ਸਾਹਿਬ ਦਾ ਨਾਂ ਰੱਖਿਆ ਜਾਵੇ ਤੇ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਸੜਕ ਚਾਰ ਮਾਰਗੀ ਬਣਾਈ ਜਾਵੇ ਤਾਂ ਜੋ ਨਗਰ ਕੀਰਤਨ ਦੌਰਾਨ ਸੰਗਤ ਨੂੰ ਆਉਣ ਜਾਣ ਦੀ ਤਕਲੀਫ ਨਾ ਹੋਵੇ। ਸੰਗਤ ਵਿੱਚ ਇਹ ਵੀ

ਖਿਆਲ ਰੱਖਿਆ ਗਿਆ ਕਿ ਹਰ ਸਾਲ ਗੁਰੂ ਘਰ ਵਿੱਚ ਮਤੇ ਪਾਏ ਜਾਣ ਤੇ ਉਹ ਸਾਰਾ ਸਾਲ ਉਹਨਾਂ ਮਤਿਆ ਤੇ ਕੰਮ ਹੋਵੇ ਬੇਸ਼ਰਤੇ ਸਿਰਫ਼ ਨਗਰ ਕੀਰਤਨ ਤੇ ਲੰਗਰਾਂ ਦਾ ਹੀ ਪ੍ਰਬੰਧ ਨਾ ਹੋਵੇ।

***

## ਸੰਗਤਾਂ ਸਾਹਿਬਜ਼ਾਦਿਆਂ ਦਾ ਸਵਾਂਗ

ਸਿੱਖ ਸੰਸਥਾਵਾਂ ਨੇ ਕਿਹਾ ਹੈ ਕਿ ਅਸੀਂ ਫਿਲਮ ਵਾਲਿਆਂ ਦੇ ਧਿਆਨ 'ਚ ਲਿਆਉਣਾ ਚਾਹੁੰਦੇ ਹਾਂ ਕਿ ਜੇਕਰ ਬੰਦ ਕਮਰੇ ਦੀ ਬਜਾਏ ਉਹ ਕੋਈ ਗੈਰ ਸਿਧਾਂਤਕ ਮਨਜ਼ੂਰੀ ਲਿਖਤੀ ਵੀ ਦੇ ਦੇਣ ਫਿਰ ਵੀ ਫੈਸਲਾ ਸਿੱਖ ਸੰਗਤ ਨੇ ਹੀ ਕਰਨਾ ਹੈ। ਲਿਖਤੀ ਮਾਫੀ ਤਾਂ ਸੌਦਾ ਸਾਧ ਨੂੰ ਵੀ ਮਿਲ ਗਈ ਸੀ, ਉਸ ਨੂੰ ਸੰਗਤਾਂ 'ਚ ਪ੍ਰਵਾਨ ਕਰਵਾਉਣ ਲਈ ਸ੍ਰ.ਗੁ.ਪ੍ਰ.ਕ ਨੇ 90 ਲੱਖ ਦੇ ਇਸ਼ਤਿਹਾਰ ਵੀ ਅਖਬਾਰਾਂ ਵਿੱਚ ਦਿੱਤੇ ਸਨ ਪਰ ਉਸ ਦੇ ਬਾਵਜੂਦ ਉਹ ਇਸ ਗੈਰ ਸਿਧਾਂਤਕ ਫੈਸਲੇ ਨੂੰ ਸੰਗਤ ਵਿੱਚ ਪ੍ਰਵਾਨ ਨਹੀਂ ਸੀ ਕਰਵਾ ਸਕੇ। ਫਿਲਮ ਵਾਲੇ ਸੌਦਾ ਸਾਧ ਨੂੰ ਮੁਆਫੀ ਦੇਣ ਵਾਲੇ ਸਾਬਕਾ ਜਥੇਦਾਰ ਦੀ ਇੱਕ ਵੀਡੀਓ ਵੀ ਵਿਖਾ ਰਹੇ ਹਨ, ਜਦਕਿ ਸੌਦਾ ਸਾਧ ਵਾਲੇ ਗਲਤ ਫੈਸਲੇ ਤੋਂ ਬਾਅਦ ਉਹਨਾਂ ਦੇ ਸੁਨੇਹੇ ਹੁਣ ਸਿੱਖ ਸੰਗਤ ਲਈ ਕੋਈ ਮਾਇਨੇ ਨਹੀਂ ਰੱਖਦੇ ਉਹਨਾਂ ਕਿਹਾ ਕਿ ਸ੍ਰ.ਗੁ.ਪ੍ਰ.ਕ ਦੀਆਂ ਚੋਣਾਂ ਲਈ ਸਰਗਰਮ ਹੋਏ ਹਿੱਸੇ ਅਤੇ ਵੱਡੇ ਚਿਹਰੇ ਵੀ ਇਸ ਸਿਧਾਂਤਕ ਮਸਲੇ 'ਤੇ ਚੁੱਪ ਹਨ। ਇਤਿਹਾਸ ਦਾ ਇਹ ਸਮਾਂ ਇਸ ਲਈ ਵੀ ਬਹੁਤ ਅਹਿਮ ਹੈ ਕਿ ਇਸ ਵਕਤ ਜਦੋਂ ਬਿਪਰ ਇਹ ਸਿਧਾਂਤਕ ਕੁਰਾਹਾ ਪੱਕਾ ਕਰਨ ਦੇ ਯਤਨ ਵਿੱਚ ਹੈ ਤਾਂ ਸਿੱਖ ਸੰਗਤ ਆਪਣਾ ਬਣਦਾ ਫਰਜ ਨਿਭਾ ਰਹੀ ਹੈ ਅਤੇ ਸਿਰਮੌਰ ਸੰਸਥਾਵਾਂ ਮੂਕ ਦਰਸ਼ਕ ਬਣ ਕੇ ਸਭ ਵੇਖ ਰਹੀਆਂ ਹਨ। ਇਹਨਾਂ ਦੀ ਇਸ ਢਿੱਲ ਦੇ ਕਰਕੇ ਹੀ ਸਿਨੇਮਾ ਮੰਡੀ ਦੇ ਇਹ ਰਾਹ ਖੁੱਲਦੇ ਜਾ ਰਹੇ ਹਨ। ਜਿਹੜੀ ਗੱਲ ਪ੍ਰਤੀ ਸਿੱਖ ਸੰਗਤ ਸੁਚੇਤ ਹੈ ਅਤੇ ਹਰ ਵਾਰ ਆਪਣੀਆਂ ਸਿਰਮੌਰ ਸੰਸਥਾਵਾਂ ਨੂੰ ਇਸ ਗਲਤ ਕਵਾਇਦ ਤੋਂ ਜਾਣੂ ਕਰਵਾਉਂਦੀ ਹੈ, ਉਸ ਗੱਲ ਪ੍ਰਤੀ ਇਹਨਾਂ ਸੰਸਥਾਵਾਂ ਦੀ ਅਜਿਹੀ ਚੁੱਪ ਦੇ ਬਹੁਤ ਖਤਰਨਾਕ ਮਾਇਨੇ ਹਨ। ਇਤਿਹਾਸ ਦਾ ਇਹ ਸਮਾਂ ਬਹੁਤ ਅਹਿਮ ਹੈ, ਇਹਨਾਂ ਸੰਸਥਾਵਾਂ ਤੋਂ ਪੰਥ ਦੇ ਠੋਸ ਫੈਸਲੇ ਹੋਣੇ ਚਾਹੀਦੇ ਹਨ।

***

## ਰਣਜੀਤ ਨਗਾਰਾ ਜਥੇਬੰਦੀ ਨੇ

ਰੂਪ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਭੂਮੀ ਦੇ ਚੁਫੇਰੇ 10 ਫੁੱਟ ਉੱਚੀ ਕੰਧ ਉਸਾਰੀ ਗਈ ਹੈ। ਉਨ੍ਹਾਂ ਪਾਕਿ ਸਰਕਾਰ ਤੋਂ ਅਪੀਲ ਕੀਤੀ ਹੈ ਕਿ ਉਕਤ ਅਸਥਾਨ ਦੀ ਉਸਾਰੀ ਸਿੱਖ ਕੌਮ ਲਈ ਬੇਹੱਦ ਜ਼ਰੂਰੀ ਹੈ ਅਤੇ ਅਸਥਾਨ ਦੀ ਉਸਾਰੀ ਮੁਕੰਮਲ ਹੋਣ 'ਤੇ ਦੇਖ-ਰੇਖ ਅਤੇ ਸੇਵਾ ਸੰਭਾਲ ਲਈ ਇਸ ਦੀ ਜ਼ਿੰਮੇਵਾਰੀ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ ਜਾਵੇਗੀ।

## ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ

ਰੌਸ਼ਨੀ ਕਰ ਲੈਂਦੇ ਹਾਂ ਪਰ ਅਸੀਂ ਆਪਣੇ ਮਨ ਅੰਦਰ ਗਿਆਨ ਦਾ ਦੀਵਾ ਜਗਾਉਣਾ ਅਕਸਰ ਭੁੱਲ ਹੀ ਜਾਂਦੇ ਹਾਂ। ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਮੌਕੇ ਵੀ ਅਕਸਰ ਵੱਡੀ ਗਿਣਤੀ ਲੋਕਾਂ ਦੇ ਮਨਾਂ ਅੰਦਰ ਚਾਨਣ ਦੀ ਥਾਂ ਹਨੇਰ ਹੀ ਸਮਾਇਆ ਹੁੰਦਾ ਹੈ। ਕਈ ਲੋਕਾਂ ਅੰਦਰ ਇਸ ਦਿਨ ਵੀ ਇੱਕ ਦੂਜੇ ਨਾਲ ਭਾਈਚਾਰਕ ਸਾਂਝ ਵਧਾਉਣ ਦੀ ਥਾਂ ਈਰਖ਼ਾਬਾਜ਼ੀ ਅਤੇ ਸਾੜਾ ਭਾਰੂ ਰਹਿੰਦਾ ਹੈ।

ਅਜੇ ਕੁੱਝ ਦਹਾਕੇ ਸਮਾਂ ਪਹਿਲਾਂ ਦੀ ਤਾਂ ਗੱਲ ਹੈ ਜਦੋਂ ਦੀਵਾਲੀ ਦਾ ਤਿਉਹਾਰ ਸਾਰੇ ਰਲ ਮਿਲ ਕੇ ਮਨਾਉਂਦੇ ਸਨ, ਉਦੋਂ ਮੁਹੱਲੇ ਵਿੱਚ ਰਹਿੰਦੇ ਲੋਕ ਇੱਕ ਦੂਜੇ ਨੂੰ ਦੀਵਾਲੀ ਦੀ ਮਿਠਾਈ ਜਾਂ ਤੋਹ.ਫ਼ੇ ਦਿੰਦੇ ਹੁੰਦੇ ਸਨ। ਉਦੋਂ ਰਿਸ਼ਤੇਦਾਰਾਂ ਵਿੱਚ ਵੀ ਦੀਵਾਲੀ ਮੌਕੇ ਮਿਠਾਈ ਅਤੇ ਤੋਹਫ਼ਿਆਂ ਦਾ ਲੈਣ ਦੇਣ ਹੁੰਦਾ ਸੀ ਪਰ ਹੁਣ ਇਹ ਰਵਾਇਤ ਘੱਟਦੀ ਜਾ ਰਹੀ ਹੈ। ਹੁਣ ਤਾਂ ਵੱਡੀ ਗਿਣਤੀ ਲੋਕਾਂ ਵੱਲੋਂ ਦੀਵਾਲੀ ਮੌਕੇ ਮਿਠਾਈ ਅਤੇ ਤੋਹਫੇ ਸਿਰ.ਫ਼ ਉਸ ਵਿਅਕਤੀ ਨੂੰ ਦਿੱਤੇ ਜਾਂਦੇ ਹਨ, ਜਿਸ ਤੋਂ ਕੋਈ ਕੰਮ ਲੈਣਾ ਹੋਵੇ। ਇਸ ਤਰਾਂ ਦੀਵਾਲੀ ਦੇ ਤਿਉਹਾਰ ਦਾ ਰੂਪ ਬਦਲਦਾ ਜਾ ਰਿਹਾ ਹੈ। ਉਸ ਸਮੇਂ ਸਾਂਝੇ ਪਰਿਵਾਰ ਹੋਂਦ ਵਿੱਚ ਹੁੰਦੇ ਸਨ ਅਤੇ ਪੂਰਾ ਪਰਿਵਾਰ ਰਲ ਮਿਲ ਕੇ ਦੀਵਾਲੀ ਮੌਕੇ ਪੂਜਾ ਕਰਦਾ ਹੁੰਦਾ ਸੀ। ਅੱਜ ਦਾ ਯੁੱਗ ਇਕਹਿਰੇ ਪਰਿਵਾਰਾਂ ਦਾ ਯੁੱਗ ਹੈ ਅਤੇ ਲੋਕ ਆਪਣੇ ਘਰ ਅੰਦਰ ਇੱਕਲੇ ਹੀ ਦੀਵਾਲੀ ਦਾ ਤਿਉਹਾਰ ਮਨਾ ਕੇ ਜਾਂ ਬਾਜ਼ਾਰਾਂ ਵਿੱਚ ਇੱਕਲੇ ਹੀ ਘੁੰਮ ਕੇ ਖੁਸ਼ ਹੁੰਦੇ ਹਨ।

ਕੁੱਝ ਸਾਲ ਪਹਿਲਾਂ ਤੱਕ ਸ਼ਹਿਰਾਂ ਵਿੱਚ ਰਹਿੰਦੇ ਲੋਕ ਵੀ ਦੀਵਾਲੀ ਦੇ ਤਿਉਹਾਰ ਮੌਕੇ ਆਪਣੇ ਪਿੰਡ ਜਾ ਕੇ ਪੂਰੇ ਪਰਿਵਾਰ ਨਾਲ ਦੀਵਾਲੀ ਮਨਾਉਂਦੇ ਸਨ ਪਰ ਹੁਣ ਤਾਂ ਦੀਵਾਲੀ ਮੌਕੇ ਵੀ ਪਿੰਡਾਂ ਵਾਲੇ ਘਰ ਸ਼ਹਿਰ ਗਏ ਲੋਕਾਂ ਨੂੰ ਉਡੀਕਦੇ ਰਹਿੰਦੇ ਹਨ। ਵੱਡੀ ਗਿਣਤੀ ਲੋਕਾਂ ਨੇ ਆਪਣੇ ਪਿੰਡਾਂ ਵਾਲੇ ਘਰ ਵੇਚ ਦਿੱਤੇ ਹਨ ਕਿਉਂਕਿ ਪਿੰਡ ਰਹਿੰਦੇ ਬਾਕੀ ਪਰਿਵਾਰ ਵੀ ਸ਼ਹਿਰ ਵਿੱਚ ਆ ਕੇ ਰਹਿਣ ਲੱਗ ਪਏ ਹਨ। ਇਸ ਤਰਾਂ ਪਿੰਡਾਂ ਵਿੱਚਲੇ ਵੱਡੇ ਘਰਾਂ ਦੇ ਖੁੱਲੇ ਵਿਹੜੇ ਵਿੱਚ ਦੀਵਾਲੀ ਦੇ ਪਟਾਕੇ ਚਲਾਉਣ ਦੀ ਥਾਂ ਹੁਣ ਸ਼ਹਿਰਾਂ ਦੇ ਛੋਟੇ ਕੁਆਟਰਾਂ 'ਚ ਦੀਵਾਲੀ ਦੀਆਂ ਫੁਲਝੜੀਆਂ ਚਲਾਈਆਂ ਜਾਂਦੀਆਂ ਹਨ। ਛੋਟੇ ਕੁਆਟਰਾਂ 'ਚ ਰਹਿਣ ਵਾਲਿਆਂ ਦੀ ਸੋਚ ਵੀ ਛੋਟੀ ਹੋ ਗਈ ਲੱਗਦੀ ਹੁੰਦੀ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਦੀਵਾਲੀ ਮੌਕੇ ਸਾਰੇ ਗਿਲੇ ਸ਼ਿਕਵੇ ਭੁੱਲ ਕੇ ਆਪਸੀ ਭਾਈਚਾਰਕ ਸਾਂਝ ਵਧਾਈ ਜਾਵੇ ਅਤੇ ਮਿਲ ਜੁਲ ਕੇ ਦੀਵਾਲੀ ਦਾ ਤਿਉਹਾਰ ਮਨਾਇਆ ਜਾਵੇ।

***

## ਖ਼ਾਲਸਾ ਰਾਜ ਸਮੇਂ ਦੀ ਦੀਵਾਲੀ

### ਛੇਵੇਂ ਸਤਿਗੁਰੂ ਅਤੇ ਦੀਵਾਲੀ

ਲੇਖਕ ਹਰਪ੍ਰੀਤ ਸਿੰਘ ਅਨੁਸਾਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਹਿਬ ਜੀ ਅਗਸਤ ਦੇ ਮਹੀਨੇ ਸੰਨ 1621 ਵਿੱਚ ਗਵਾਲੀਅਰ ਦੀ ਜੇਲ੍ਹ 'ਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਅਪਣੇ ਨਾਲ ਰਿਹਾਅ ਕਰਵਾ ਕੇ ਲਿਆਏ, ਉਹਨੀਂ ਦਿਨੀਂ, ਸਿੱਖ ਧਰਮ ਦੇ ਸਾਲ 'ਚ ਦੋ ਵੱਡੇ ਇਕੱਠ- 'ਦੀਵਾਲੀ' ਅਤੇ 'ਵਿਸਾਖੀ' ਹੋਇਆ ਕਰਦੇ ਸਨ ਪਰ ਇਹ ਇਕੱਠ ਕਿਸੇ ਆਤਿਸ਼ਬਾਜ਼ੀ ਜਾਂ ਦੀਪਮਾਲਾ ਵਾਲੀ ਦੀਵਾਲੀ ਵਾਂਗ ਨਹੀਂ ਸਨ ਹੋਇਆ ਕਰਦੇ। ਗੁਰੂ ਸਾਹਿਬ ਜਿੱਥੇ ਵੀ ਜਾਂਦੇ ਸਨ, ਸੰਗਤਾਂ ਵੱਡੇ ਇਕੱਠ ਵਿੱਚ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੀਆਂ ਸਨ। ਉਹ ਗੁਰੂ ਜੀ ਪਾਸੋਂ ਕੁਝ ਸਿਖਿਆ ਲੈਣ ਲਈ ਇਕੱਠੇ ਹੁੰਦੇ ਸਨ ਨਾ ਕਿ ਦੀਵੇ ਬਾਲਦੇ ਸਨ।

### ਦੀਵਾਲੀ ਅਤੇ ਭਾਈ ਗੁਰਦਾਸ ਜੀ

ਦੀਵਾਲੀ ਵਾਲੇ ਦਿਨ ਹਰ ਗੁਰਦੁਆਰੇ ਵਿੱਚ ਖ਼ਾਸ ਤੌਰ 'ਤੇ ਦਰਬਾਰ ਸਾਹਿਬ ਵਿਖੇ ਭਾਈ ਗੁਰਦਾਸ ਜੀ ਦੀ ਵਾਰ ਬੜੇ ਹੀ ਚਾਅ ਨਾਲ ਗਾਉਦੇ ਹਨ: ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ"। ਭਾਈ ਗੁਰਦਾਸ ਜੀ ਦੀ ਵਾਰ 19/6 ਦੀ ਇਹ ਪਹਿਲੀ ਪੰਕਤੀ ਹੈ ਅਤੇ ਪਉੜੀ ਇਸ ਤਰ੍ਹਾਂ ਹੈ: ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ॥

ਤਾਰੇ ਜਾਤਿ ਸਨਾਤਿ, ਅੰਬਰ ਭਾਲੀਅਨਿ॥
ਫੁਲਾਂ ਦੀ ਬਾਗਾਤਿ, ਚੁਣਿ ਚੁਣਿ ਚਾਲਿਆਣਿ॥
ਤੀਰਥ ਜਾਤੀ ਜਾਤਿ ਨੈਣਿ ਨਿਹਾਲੀਅਣਿ॥
ਹਰਿ ਚੰਦਉਰੀ ਝਾਤਿ, ਵਸਾਇ ਉਚਾਲੀਅਣਿ॥
ਗੁਰਮੁਖਿ ਸੁਖ ਫਲਦਾਤਿ, ਸਬਦਿ ਸਮਾਲੀਅਣਿ॥"

ਅਰਥ ਹਨ; ਜਿਵੇਂ ਦੀਵਾਲੀ ਦੀ ਰਾਤ ਨੂੰ ਲੋਕੀਂ ਦੀਵੇ ਬਾਲਦੇ ਹਨ ਪਰ ਇਹ ਰੌਸ਼ਨੀ ਕੁੱਝ ਦੇਰ ਲਈ ਹੀ ਹੁੰਦੀ ਹੈ। ਰਾਤ ਨੂੰ ਤਾਰੇ ਦਿਖਾਈ ਦੇਂਦੇ ਹਨ, ਕੇਵਲ ਦਿਨ ਚੜ੍ਹਨ ਤੀਕ। ਪੌਦਿਆਂ ਨਾਲ ਫੁੱਲ ਖਿੜਦੇ ਹਨ ਪਰ ਲੱਗੇ ਰਹਿਣ ਲਈ ਨਹੀਂ। ਤੀਰਥਾਂ 'ਤੇ ਜਾਣ ਵਾਲੇ ਯਾਤਰੀ ਦਿਖਾਈ ਤਾਂ ਦੇਂਦੇ ਹਨ ਪਰ ਉਥੇ ਰਹਿਣ ਨਹੀਂ ਜਾਂਦੇ। ਬੱਦਲਾਂ ਦੇ ਆਕਾਸ਼ੀ ਮਹੱਲ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦੀ ਹੋਂਦ ਨਹੀਂ ਹੁੰਦੀ। ਅੰਤ ਫ਼ੈਸਲਾ ਦੇਂਦੇ ਹਨ- ਗੁਰਮੁਖ ਸੰਸਾਰ ਦੀ ਇਸ ਨਾਸ਼ਵਾਨਤਾ ਨੂੰ ਪਛਾਣ ਲੈਂਦੇ ਹਨ ਤੇ ਇਸ 'ਚ ਖੱਚਤ ਨਹੀਂ ਹੁੰਦੇ।

***

## ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਬਣਾਉਣ ਲਈ ਬਹੁਤ ਥੋੜ੍ਹਾ ਸਮਾਂ ਦੇਣ ਪਿੱਛੇ ਇਹ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਸਰਕਾਰਾਂ ਦਾ ਮੰਤਵ ਸਿੱਖਾਂ ਦੀਆਂ ਘੱਟ ਵੋਟਾਂ ਬਣਨ ਦੇਣਾ ਹੈ, ਤਾਂਕਿ ਇਨ੍ਹਾਂ ਨੂੰ ਪੰਜਾਬ ਅੰਦਰ ਘੱਟਗਿਣਤੀ ਦਰਸਾਇਆ ਜਾਵੇ। ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਸਿੱਖ ਕੌਮ ਦੇ ਸਾਹਮਣੇ ਬੰਦੀ ਸਿੰਘਾਂ ਦੀ ਰਿਹਾਈ ਦਾ ਇਕ ਵੱਡਾ ਮਸਲਾ ਹੈ, ਜਿਸ ਲਈ ਢੁੱਕਵੇਂ ਕਦਮ ਚੁੱਕੇ ਜਾਣਗੇ। ਮੀਡੀਆ ਦੇ ਇਕ ਸਵਾਲ ਦਾ ਜਵਾਬ ਦਿੰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਦਾ ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਦਾ ਚੋਣ ਨਤੀਜਾ ਇਹ ਦਰਸਾਉਂਦਾ ਹੈ ਕਿ ਦਲ ਦੇ ਸਮੁੱਚੇ ਮੈਂਬਰ ਇਕਜੁਟ ਹਨ ਅਤੇ ਆਪਣੀ ਪਾਰਟੀ 'ਤੇ ਭਰੋਸਾ ਕਰਦੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਦੀਆਂ ਭਵਿੱਖੀ ਯੋਜਨਾਵਾਂ ਅਤੇ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਤਰਜੀਹਾਂ ਸਪੱਸ਼ਟ ਕਰਦਿਆਂ ਕਿਹਾ ਕਿ ਧਰਮ ਪ੍ਰਚਾਰ ਦੇ ਨਾਲ-ਨਾਲ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਨਵੀਆਂ ਸੋਧਾਂ ਅਤੇ ਸੇਧਾਂ ਤਹਿਤ ਅੱਗੇ ਵਧਿਆ ਜਾਵੇਗਾ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਪੁੱਜਦੀ ਸੰਗਤ ਲਈ ਨਵੀਆਂ ਸਰਾਵਾਂ ਸਥਾਪਤ ਕਰਨਾ ਵੀ ਏਜੰਡੇ 'ਤੇ ਹੋਵੇਗਾ। ਉਨ੍ਹਾਂ ਕਿਹਾ ਕਿ ਹੋਰ ਵੀ ਕਈ ਕੌਮੀ ਕਾਰਜ ਕੀਤੇ ਜਾਣ ਵਾਲੇ ਹਨ, ਜਿਨ੍ਹਾਂ 'ਤੇ ਕੌਮ ਦੇ ਵਿਦਵਾਨਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਰਾਇ ਮਸ਼ਵਰੇ ਨਾਲ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋੜ ਅਨੁਸਾਰ ਪ੍ਰਬੰਧਕੀ ਸੁਧਾਰਾਂ ਵੱਲ ਵੀ ਵਧਿਆ ਜਾਵੇਗਾ।

***

## .ਗਦਰੀ ਬਾਬਿਆਂ ਦੇ ਮੇਲੇ ਵਿੱਚ

ਕਿਤਾਬਾਂ ਦੇ ਸਟਾਲ ਲੱਗਦੇ ਹਨ ਤੇ ਲੋਕ ਮਨਪਸੰਦ ਦੀਆਂ ਕਿਤਾਬਾਂ ਖ਼ਰੀਦਦੇ ਹਨ। ਉਨ੍ਹਾਂ ਆਖਿਆ ਕਿ ਇਸ 32ਵੇਂ ਮੇਲੇ ਵਿੱਚ ਤਕਰੀਬਨ 200 ਦੇ ਕਰੀਬ ਕਿਤਾਬਾਂ ਦੇ ਸਟਾਲ ਲੱਗੇ। ਪੰਜਾਬ ਤੋਂ ਇਲਾਵਾ ਦਿੱਲੀ ਤੇ ਹੋਰਨਾਂ ਥਾਵਾਂ ਤੋਂ ਵੀ ਪੁਸਤਕ ਵਿਕਰੇਤਾ ਤੇ ਪ੍ਰਕਾਸ਼ਕ ਪਹੁੰਚੇ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਭਾਸ਼ਾ ਵਿਭਾਗ ਪੰਜਾਬ ਪੰਜਾਬ ਪ੍ਰਕਾਸ਼ਨ, ਚੇਤਨਾ ਪ੍ਰਕਾਸ਼ਨ, ਵਿਵੇਕ ਪ੍ਰਕਾਸ਼ਨ ਅਨੰਦਪੁਰ ਸਾਹਿਬ, ਨਿਊ ਬੁੱਕ ਕੰਪਨੀ, ਪੰਜਾਬ ਬੁੱਕ ਸੈਂਟਰ, ਜਨ ਚੇਤਨਾ, ਜਸਬੀਰ ਬੇਗਮਪੁਰ ਤੇ ਹੋਰ ਪੁਸਤਕ ਵਿਕਰੇਤਾ ਸ਼ਾਮਲ ਹੋਏ।

ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਪਿਛਲੇ ਸਾਲ 19 ਲੱਖ ਰੁਪਏ ਤੋਂ ਵੱਧ ਦੀਆਂ ਕਿਤਾਬਾਂ ਵਿਕੀਆਂ ਤੇ ਇਸ ਵਾਰ 20 ਲੱਖ ਤੋਂ ਵੱਧ ਰੁਪਏ ਦੀਆਂ ਕਿਤਾਬਾਂ ਵਿਕੀਆਂ। ਉਨ੍ਹਾਂ ਆਖਿਆ ਕਿ ਆਜ਼ਾਦੀ ਅੰਦੋਲਨ ਨਾਲ ਸਬੰਧਤ ਕਿਤਾਬਾਂ ਤੇ .ਗਦਰੀ ਬਾਬਿਆਂ ਦੀਆਂ ਜੀਵਨੀਆਂ ਦੀਆਂ ਵੱਧ ਕਿਤਾਬਾਂ ਪਾਠਕ ਖ਼ਰੀਦਦੇ ਹਨ।

ਮੇਲੇ 'ਚ ਲੱਗੇ ਕਿਤਾਬਾਂ ਦੇ ਸਟਾਲ ਦੇ ਮਾਲਕਾਂ ਪੰਜਾਬ ਪ੍ਰਕਾਸ਼ਨ ਦੇ ਮਾਲਕ ਕੇਸਰ ਸਿੰਘ ਤੇ ਜਸਵੀਰ ਬੇਗਮਪੁਰੀ 20-22 ਸਾਲਾਂ ਤੋਂ ਕਿਤਾਬਾਂ ਦੇ ਸਟਾਲ ਲਗਾਉਂਦੇ ਆ ਰਹੇ ਹਨ। ਉਹ ਸਿਰ.ਫ਼ ਜਲੰਧਰ ਹੀ ਨਹੀਂ, ਜਿੱਥੇ ਵੀ .ਗਦਰੀ ਬਾਬਿਆਂ ਦਾ ਮੇਲਾ ਲੱਗਦਾ ਹੈ, ਉਥੇ ਆਪਣੀਆਂ ਕਿਤਾਬਾਂ ਦੇ ਸਟਾਲ ਲਗਾਉਂਦੇ ਹਨ। ਉਨ੍ਹਾਂ ਕੋਲ 1000 ਤੋਂ ਵੱਧ ਕਿਤਾਬਾਂ ਦੇ ਟਾਈਟਲ ਹਨ। ਉਨ੍ਹਾਂ ਆਖਿਆ ਕਿ ਉਹ ਕਿਤਾਬਾਂ ਦੇ ਉਹੀ ਟਾਈਟਲ ਰੱਖਦੇ ਹਨ ਜਿਹੜੀਆਂ ਕਿਤਾਬਾਂ ਦੇਸ਼ ਭਗਤੀ ਨਾਲ ਤੇ ਸਹੀ ਢੰਗ ਨਾਲ ਬਣੀਆਂ ਹੋਣ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਕਿਤਾਬ ਲੈ ਕੇ ਖ਼ੁਦ ਪੜ੍ਹਦਾ ਹੈ ਤੇ ਫਿਰ ਖਰੀਦ ਕੇ ਵੇਚਦਾ ਹੈ। ਉਨ੍ਹਾਂ ਆਖਿਆ ਕਿ ਇਸ 32ਵੇਂ ਮੇਲੇ ਵਿੱਚ ਉਨ੍ਹਾਂ ਡੇਢ ਲੱਖ ਰੁਪਏ ਤੋਂ ਵੱਧ ਦੀਆਂ ਕਿਤਾਬਾਂ ਵੇਚੀਆਂ ਹਨ।

***

## ਨੇਤਨਯਾਹੂ-ਬਿਡੇਨ ਨੇ ਕੀਤੀ ਸੀਮਤ

ਕਰਨੀ ਚਾਹੀਦੀ ਹੈ। ਸੰਯੁਕਤ ਰਾਸ਼ਟਰ ਨੇ ਤੁਰੰਤ ਮਾਨਵਤਾਵਾਦੀ ਜੰਗਬੰਦੀ ਦੀ ਦੁਬਾਰਾ ਮੰਗ ਕੀਤੀ। ਇਜ਼ਰਾਈਲ, ਹਾਲਾਂਕਿ, ਗਾਜਾ ਉਪਰ ਹਮਲੇ ਕਰਨ ਲਈ ਅੜਿਆ ਹੋਇਆ ਹੈ।

ਸੰਯੁਕਤ ਰਾਸ਼ਟਰ ਵਿੱਚ ਫਲਸਤੀਨੀ ਨੁਮਾਇੰਦੇ ਰਿਆਦ ਮਨਸੂਰ ਨੇ ਇਜ਼ਰਾਈਲ ਦੁਆਰਾ ਕੀਤੇ ਗਏ ਜੰਗੀ ਅਪਰਾਧਾਂ ਲਈ ਜਵਾਬਦੇਹੀ ਦੀ ਮੰਗ ਕੀਤੀ ਹੈ ਅਤੇ ਸੰਯੁਕਤ ਰਾਸ਼ਟਰ ਦੇ ਜੰਗਬੰਦੀ ਸਮਝੌਤੇ ਨੂੰ ਰੋਕਣ ਲਈ ਅਮਰੀਕਾ ਨੂੰ ਦੋਸ਼ੀ ਠਹਿਰਾਇਆ ਹੈ।

ਗਾਜ਼ਾ ਵਿੱਚ ਯੂ ਐਨ ਓ ਦੇ 88 ਕਰਮਚਾਰੀ ਮਾਰੇ ਗਏ :

ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਇਜ਼ਰਾਈਲ ਅਤੇ ਹਮਾਸ ਵਿਚਕਾਰ ਯੁੱਧ ਸ਼ੁਰੂ ਹੋਣ ਤੋਂ ਬਾਅਦ ਤੋਂ ਉਸਦੇ 88 ਕਰਮਚਾਰੀ ਮਾਰੇ ਗਏ ਹਨ। ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਦੇ ਅਨੁਸਾਰ, ਸੰਯੁਕਤ ਰਾਸ਼ਟਰ ਨੇ ਜ਼ੋਰ ਦੇ ਕੇ ਕਿਹਾ ਕਿ ਗਾਜ਼ਾ ਵਿੱਚ 88 ਕਰਮਚਾਰੀ ਮਾਰੇ ਗਏ ਹਨ, ਜੋ ਸੰਯੁਕਤ ਰਾਸ਼ਟਰ ਦੇ ਇੱਕ ਸੰਘਰਸ਼ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਮੌਤਾਂ ਹਨ। ਇਸ ਦੇ ਨਾਲ ਹੀ ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਦੇ ਅਨੁਸਾਰ, ਬਿਆਨ ਵਿੱਚ ਗਾਜ਼ਾ ਵਿੱਚ ਨਾਗਰਿਕਾਂ ਦੀ ਮੌਤ 'ਤੇ ਗੁੱਸਾ ਜ਼ਾਹਰ ਕੀਤਾ ਗਿਆ ਅਤੇ ਤੁਰੰਤ ਮਾਨਵਤਾਵਾਦੀ ਜੰਗਬੰਦੀ ਦੀ ਮੰਗ ਕੀਤੀ ਗਈ। ਇਸ ਦੌਰਾਨ ਇਹ ਵੀ ਮੰਗ ਕੀਤੀ ਗਈ ਕਿ ਹਮਾਸ ਇਜ਼ਰਾਈਲ ਤੋਂ ਅਗਵਾ ਕੀਤੇ ਗਏ ਬੰਧਕਾਂ ਨੂੰ ਰਿਹਾਅ ਕਰੇ।

ਯਾਦ ਰਹੇ ਕਿ ਹਮਾਸ ਅਤੇ ਇਜ਼ਰਾਈਲ ਵਿਚਾਲੇ ਜੰਗ ਨੂੰ ਇੱਕ ਮਹੀਨਾ ਬੀਤ ਚੁੱਕਾ ਹੈ। 7 ਅਕਤੂਬਰ ਨੂੰ, ਹਮਾਸ ਨੇ ਜ਼ਮੀਨੀ, ਹਵਾ ਅਤੇ ਸਮੁੰਦਰ ਰਾਹੀਂ ਦੱਖਣੀ ਇਜ਼ਰਾਈਲ ਵਿੱਚ ਅਚਾਨਕ ਘਾਤਕ ਹਮਲਾ ਕੀਤਾ। ਗਾਜ਼ਾ ਤੋਂ ਵੀ ਹਜ਼ਾਰਾਂ ਰਾਕੇਟ ਦਾਗੇ ਗਏ। ਹਮਾਸ ਦੇ ਲੜਾਕੇ ਇਜ਼ਰਾਇਲੀ ਫੌਜੀ ਸਥਾਪਨਾਵਾਂ ਅਤੇ ਬਸਤੀਆਂ ਵਿੱਚ ਦਾਖਲ ਹੋ ਗਏ ਸਨ। ਉਸ ਦੌਰਾਨ ਹਮਾਸ ਦੇ ਹਮਲੇ ਵਿੱਚ ਸੈਂਕੜੇ ਲੋਕ ਮਾਰੇ ਗਏ ਸਨ ਅਤੇ ਕਈ ਲੋਕਾਂ ਨੂੰ ਬੰਧਕ ਬਣਾ ਲਿਆ ਗਿਆ ਸੀ। ਇਸ ਹਮਲੇ ਕਾਰਨ ਇਜ਼ਰਾਈਲ ਦੀ ਮਜ਼ਬੂਤ ਖੁਫੀਆ ਸੇਵਾ ਅਤੇ ਸੁਰੱਖਿਆ ਪ੍ਰਣਾਲੀ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਇਜ਼ਰਾਇਲੀ ਲੜਾਕੂ ਜਹਾਜ਼ ਗਾਜ਼ਾ 'ਤੇ ਹਵਾਈ ਹਮਲੇ ਕਰ ਰਹੇ ਹਨ। ਇਜ਼ਰਾਈਲ ਰੱਖਿਆ ਬਲਾਂ ਨੇ ਵੀ ਇੱਕ ਵੱਡੇ ਜ਼ਮੀਨੀ ਹਮਲੇ ਦੀ ਯੋਜਨਾ ਬਣਾਈ ਹੈ ਅਤੇ ਇਸ ਦੇ ਟੈਂਕ, ਬਖਤਰਬੰਦ ਵਾਹਨ ਅਤੇ ਪੈਦਲ ਫੌਜ ਗਾਜ਼ਾ ਵਿੱਚ ਜ਼ਮੀਨੀ ਛਾਪੇਮਾਰੀ ਕਰ ਰਹੇ ਹਨ। ਸੰਯੁਕਤ ਰਾਸ਼ਟਰ ਸਮੇਤ ਦੁਨੀਆ ਦੇ ਕਈ ਦੇਸ਼ ਅਤੇ ਏਜੰਸੀਆਂ ਜੰਗਬੰਦੀ ਦੀ ਮੰਗ ਕਰ ਰਹੀਆਂ ਹਨ।

***

## ਬਲਿੰਕਨ ਅਤੇ ਅਰਬ ਦੇਸ਼ਾਂ ਦ

ਮਿਸਰ ਦੇ ਵਿਦੇਸ਼ ਮੰਤਰੀ ਸਮੇਹ ਸ਼ੌਕਰੀ ਨੇ ਕਿਹਾ ਕਿ 'ਇਜ਼ਰਾਈਲ ਨਿਰਦੋਸ਼ ਨਾਗਰਿਕਾਂ, ਮੈਡੀਕਲ ਸੁਵਿਧਾਵਾਂ ਅਤੇ ਪੈਰਾ-ਮੈਡੀਕਲ ਨੂੰ ਨਿਸ਼ਾਨਾ ਬਣਾ ਕੇ ਸਮੂਹਿਕ ਸਜ਼ਾ ਦੇ ਰਿਹਾ ਹੈ। ਇਸ ਤੋਂ ਇਲਾਵਾ ਫਲਸਤੀਨੀਆਂ ਨੂੰ ਆਪਣੀ ਜ਼ਮੀਨ ਛੱਡਣ ਅਤੇ ਪਲਾਇਨ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਨੂੰ ਕਿਸੇ ਵੀ ਸੂਰਤ 'ਚ ਕਾਨੂੰਨੀ ਸਵੈ-ਸੁਰੱਖਿਆ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਸਹੀ ਠਹਿਰਾਇਆ ਜਾਣਾ ਚਾਹੀਦਾ ਹੈ।'

ਸਿਖਰ ਸੰਮੇਲਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਇੱਕ ਹੀ ਨਕਤੇ 'ਤੇ ਅੜੇ ਰਹੇ। ਪੱਤਰਕਾਰ ਸੰਮੇਲਨ 'ਚ ਵੀ ਜਾਰਡਨ ਅਤੇ ਮਿਸਰ ਦੇ ਵਿਦੇਸ਼ ਮੰਤਰੀਆਂ ਨੇ ਤਤਕਾਲ ਯੁੱਧਬੰਦੀ ਦਾ ਸੱਦਾ ਦਿੱਤਾ ਅਤੇ ਗਾਜ਼ਾ 'ਚ ਇਜ਼ਰਾਇਲੀ ਹਮਲੇ ਦੀ ਸਖ਼ਤ ਨਿੰਦਾ ਕੀਤੀ।

***

## ਗੌਰਵ ਯਾਦਵ ਦੀ ਨਿਯੁਕਤੀ ਖ਼ਤਰੇ ਵਿੱਚ !

ਜੁਆਇਨ ਕਰ ਰਹੇ ਹਨ। ਇਸ ਲਈ ਉਨ੍ਹਾਂ ਨੂੰ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਪਵੇਗਾ।

ਸਾਬਕਾ ਡੀਜੀਪੀ ਨੇ ਭਾਵਰਾ ਨੇ ਕਿਹਾ ਕਿ ਇਸ ਤਰ੍ਹਾਂ ਉਨ੍ਹਾਂ ਦੇ ਛੁੱਟੀ 'ਤੇ ਜਾਣ ਤੋਂ ਬਾਅਦ ਸਰਕਾਰ ਨੇ ਉਨ੍ਹਾਂ ਦੇ ਜੂਨੀਅਰ ਗੌਰਵ ਯਾਦਵ ਨੂੰ ਡੀਜੀਪੀ ਨਿਯੁਕਤ ਕਰ ਦਿੱਤਾ ਅਤੇ ਉਸ ਨੂੰ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਮੁਹਾਲੀ ਦਾ ਚੇਅਰਮੈਨ ਬਣਾ ਦਿੱਤਾ ਗਿਆ। ਸਰਕਾਰ ਨੇ 2 ਸਤੰਬਰ 2022 ਨੂੰ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੇ ਹੁਕਮ ਜਾਰੀ ਕੀਤੇ ਸਨ। ਪਟੀਸ਼ਨ ਵਿੱਚ ਭਾਵਰਾ ਨੇ ਕੈਟ ਤੋਂ 2 ਸਤੰਬਰ 2022 ਦੇ ਹੁਕਮਾਂ ਨੂੰ ਰੱਦ ਕਰਨ ਅਤੇ ਡੀਜੀਪੀ ਦੇ ਅਹੁਦੇ 'ਤੇ ਆਪਣਾ ਕਾਰਜਕਾਲ ਪੂਰਾ ਕਰਨ ਦੀ ਮੰਗ ਕੀਤੀ ਹੈ। ਭਾਵਰਾ ਨੇ ਕਿਹਾ ਕਿ ਉਸ ਨੂੰ ਯੂਪੀਐਸਸੀ ਦੀ ਨਿਰਧਾਰਤ ਪ੍ਰਕਿਰਿਆ ਰਾਹੀਂ ਚੁਣਿਆ ਗਿਆ, ਜਿਵੇਂ ਹੀ ਸਰਕਾਰ ਬਦਲੀ, ਉਸ 'ਤੇ ਅਸਤੀਫਾ ਦੇਣ ਲਈ ਦਬਾਅ ਪਾਇਆ ਗਿਆ।

***

## ਕ੍ਰਾਂਤੀਕਾਰੀ ਰਹਿਬਰ ਭਗਤ ਨਾਮਦੇਵ ਜੀ ਮਹਾਰਾਜ

ਗੁਰੂ ਨਾਨਕ ਦੇਵ ਜੀ ਨੇ 15ਵੀਂ ਸਦੀ ਵਿਚ ਜੋ 'ਨਾਮ ਜਪੋ ਤੇ ਕਿਰਤ ਕਰੋ' ਦਾ ਉਪਦੇਸ਼ ਖ਼ੁਦ ਖੇਤਾਂ ਵਿੱਚ ਹਲ ਚਲਾ ਕੇ ਦਿੱਤਾ ਸੀ, ਉਵੇਂ ਹੀ ਭਗਤ ਨਾਮਦੇਵ ਜੀ ਨੇ ਤਾਂ ਇਸ ਤੋਂ 200 ਸਾਲ ਪਹਿਲਾਂ ਹੀ 13ਵੀਂ ਸਦੀ ਵਿਚ ਹੀ ਅਜਿਹੀ ਵਿਚਾਰਧਾਰਾ ਪ੍ਰਗਟ ਕੀਤੀ ਸੀ।

**ਬਾਣੀ ਤੋਂ ਸੇਧ ਲੈਣ ਦੀ ਜ਼ਰੂਰਤ**

ਆਖ਼ਰੀ ਦਿਨਾਂ 'ਚ ਭਗਤ ਨਾਮਦੇਵ ਜੀ ਮਹਾਰਾਸ਼ਟਰ ਤੋਂ ਪੰਜਾਬ ਆ ਗਏ ਸਨ। ਆਪ ਜੀ ਨੇ ਜੀਵਨ ਦੇ ਆਖ਼ਰੀ ਲਗਭਗ 20 ਸਾਲ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਘੁਮਾਣ ਵਿਖੇ ਗੁਜ਼ਾਰੇ ਸਨ, ਜਿੱਥੇ ਉਹ 15 ਜਨਵਰੀ, 1350 ਨੂੰ ਅਕਾਲ ਚਲਾਣਾ ਕਰ ਗਏ। ਇਤਿਹਾਸਕਾਰ ਪੂਰਨ ਸਿੰਘ ਦੇ ਲਿਖੇ ਮੁਤਾਬਿਕ ਇਸ ਜਗ੍ਹਾ 'ਤੇ ਮੁਹੰਮਦ ਤੁ.ਗਲਕ ਦੇ ਪੁੱਤਰ ਫ਼ਿਰੋਜ਼ ਤੁਗਲਕ ਨੇ ਉਨ੍ਹਾਂ ਦੀ ਸਮਾਧ ਬਣਵਾਈ ਸੀ, ਜੋ ਅੱਜ ਤਕ ਵੀ ਮੌਜੂਦ ਹੈ। ਹੁਣ ਇੱਥੇ ਇਕ ਸ਼ਾਨਦਾਰ ਗੁਰੂ ਘਰ ਵੀ ਬਣਾਇਆ ਗਿਆ ਹੈ। ਇੱਥੇ ਵੱਡੀ ਗਿਣਤੀ 'ਚ ਸੰਗਤ ਨਤਮਸਤਕ ਹੁੰਦੀ ਹੈ। ਇੱਥੇ ਹਰ ਸਾਲ ਮਾਘ ਦੀ ਦੂਜ ਨੂੰ ਭਾਰੀ ਮੇਲਾ ਲੱਗਦਾ ਹੈ। ਅਜੋਕੇ ਦੌਰ 'ਚ ਜਦੋਂ ਸਾਡੀ ਮਨੁੱਖਤਾ ਧਾਰਮਿਕ, ਸਮਾਜਿਕ, ਰਾਜਨੀਤਕ ਤੇ ਆਰਥਿਕ ਪੱਖੋਂ ਆਪਸੀ ਭੇਦ-ਭਾਵ, .ਗੈਰ-ਇਖ਼ਲਾਕੀ ਕਦਰਾਂ-ਕੀਮਤਾਂ ਤੇ ਅਨਿਸ਼ਚਿਤਤਾ ਵਾਲੇ ਮਾਹੌਲ 'ਚੋਂ ਗੁਜ਼ਰ ਰਹੀ ਹੈ ਤਾਂ ਅਜਿਹੇ ਸਮੇਂ ਸਾਨੂੰ ਸਭ ਨੂੰ ਭਗਤ ਨਾਮਦੇਵ ਜੀ ਦੀ ਬਾਣੀ ਤੋਂ ਸਿੱਖਿਆ ਲੈਣ ਦੀ ਸਖ਼ਤ ਜ਼ਰੂਰਤ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਿਲ ਕੀਤੀ ਬਾਣੀ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾਮਦੇਵ ਜੀ ਦੀ ਬਾਣੀ ਉਨ੍ਹਾਂ ਦੇ ਸ਼ਰਧਾਲੂਆਂ ਤੋਂ ਇਕੱਤਰ ਕੀਤੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਂ ਉਸ ਨੂੰ ਵੱਖ- ਵੱਖ ਰਾਗਾਂ ਵਿੱਚ ਸਤਿਕਾਰ ਸਹਿਤ ਦਰਜ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੇ 61 ਸ਼ਬਦ, 18 ਰਾਗਾਂ ਵਿੱਚ ਦਰਜ ਮਿਲਦੇ ਹਨ। ਆਪ ਜੀ ਦੀ ਜਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਵਿੱਚ ਦਰਜ ਹੈ, ਉਹ ਉਸ ਸਮੇਂ ਦੇ ਭਾਰਤ ਦੀ ਸਰਬਸਾਂਝੀ ਬੋਲੀ ਵਿੱਚ ਹੈ ਜੋ ਆਮ ਤੌਰ 'ਤੇ ਸਾਧ ਭਾਖਾ ਹੀ ਹੈ। ਕਈ ਲਫ਼ਜ਼ ਮਰਾਠੀ, ਪ੍ਰਾਕ੍ਰਿਤ, ਸੰਸਕ੍ਰਿਤ ਤੇ ਫ਼ਾਰਸੀ ਦੇ ਵੀ ਵਰਤੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਆਪ ਜੀ ਦੇ ਨਾਂ ਦੀ ਬਾਣੀ ਭਾਰੀ ਮਾਤਰਾ ਵਿੱਚ ਬਾਣੀ ਦੇ ਰੂਪ ਵਿੱਚ ਮਿਲਦੀ ਹੈ, ਜੋ ਮਰਾਠੀ ਵਿੱਚ ਹੈ ਤੇ ਕੁਝ ਸ਼ਬਦ ਹਿੰਦੀ ਵਿੱਚ ਵੀ ਹਨ। ਇਸ ਬਾਣੀ ਦੇ ਸੰਗ੍ਰਹਿ ਨੂੰ ਨਾਮਦੇਵ ਗਾਥਾ ਕਿਹਾ ਜਾਂਦਾ ਹੈ। ਅੱਜ ਸਾਡਾ ਸਮਾਜ ਫੋਕੇ ਵਹਿਮਾਂ- ਭਰਮਾਂ ਤੇ .ਗਲਤ ਰਿਵਾਜਾਂ ਵਿੱਚ ਫਸ ਕੇ ਕਰਜ਼ੇ ਤੇ ਅਨਪੜ੍ਹਤਾ ਦਾ ਸ਼ਿਕਾਰ ਹੋ ਰਿਹਾ ਹੈ, ਉਸ ਨੂੰ ਭਗਤ ਨਾਮਦੇਵ ਜੀ ਦੀ ਬਾਣੀ ਉੱਤੇ ਜ਼ਰੂਰ ਅਮਲ ਕਰਨਾ ਚਾਹੀਦਾ ਹੈ।

**ਸੰਜੀਵਨੀ ਬੂਟੀ ਸਾਬਤ ਹੋਈ ਭਗਤੀ ਲਹਿਰ**

ਸਾਡੇ ਪੁਰਾਤਨ ਭਾਰਤੀ ਸਮਾਜ ਵਿੱਚ ਭਗਤ ਨਾਮਦੇਵ ਜਿਹੇ ਧਾਰਮਿਕ ਮਹਾਪੁਰਖਾਂ ਦਾ ਆਗਮਨ ਜਦੋਂ 12ਵੀਂ-13ਵੀਂ ਸਦੀ ਵਿੱਚ ਹੋਇਆ ਤਾਂ ਉਦੋਂ ਇੱਥੇ ਜਾਤ-ਪਾਤ, ਉਚ- ਨੀਚ ਤੇ ਵਰਣ ਵੰਡ ਦੇ ਸਿਸਟਮ ਜਿਹੀਆਂ ਕੁਰੀਤੀਆਂ 'ਚ ਭਾਰਤੀ ਸਮਾਜ ਜਕੜਿਆ ਹੋਇਆ ਸੀ, ਜਿਸ ਵਿੱਚ ਬ੍ਰਾਹਮਣਵਾਦੀ ਤੇ ਧਨਾਢ ਲੋਕਾਂ ਦਾ ਬੋਲਬਾਲਾ ਸੀ। ਅਜਿਹੇ ਸਮਿਆਂ 'ਚ ਇੱਥੇ ਭਗਤੀ ਲਹਿਰ ਸ਼ੁਰੂ ਹੋਈ ਜੋ ਸਮਾਜ ਸੁਧਾਰਕ ਤੇ ਨਵੀਂ ਕ੍ਰਾਂਤੀ ਦਾ ਧਾਰਮਿਕ ਸੰਦੇਸ਼ ਦਿੰਦੀ ਸੀ। ਇਹ ਲਹਿਰ ਉਦੋਂ ਦੇ ਦੱਬੇ ਕੁਚਲੇ ਤੇ ਲਤਾੜੇ-ਪਛਾੜੇ ਲੋਕਾਂ ਲਈ ਇਕ ਸੰਜੀਵਨੀ ਬੂਟੀ ਸਾਬਤ ਹੋਈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com